ਸੋਮਵਾਰ, 4 ਮਈ, 2026
21 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 333

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 4 MAY, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57
E-mail : nawanzamana@gmail.com www.nawanzamana.in


'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

# ਬ੍ਰਿਜ ਭੂਸ਼ਣ ਦੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਣ ਵਾਲੀਆਂ 'ਚ ਮੈਂ ਵੀ ਸੀ : ਵਿਨੇਸ਼ ਫੋਗਾਟ



**ਨਵੀਂ ਦਿੱਲੀ** : ਵਿਨੇਸ਼ ਫੋਗਾਟ ਨੇ ਐਤਵਾਰ ਦਾਅਵਾ ਕੀਤਾ ਕਿ ਉਹ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵੱਲੋਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣਾਈਆਂ ਗਈਆਂ ਭਲਵਾਨਾਂ ਵਿੱਚੋਂ ਇੱਕ ਸੀ ਅਤੇ ਉਨ੍ਹਾਂ ਛੇ ਭਲਵਾਨਾਂ ਵਿੱਚੋਂ ਇੱਕ ਹੈ, ਜਿਨ੍ਹਾਂ ਨੇ ਉਸ ਵਿਰੁੱਧ ਸ਼ਿਕਾਇਤਾਂ ਦਰਜ ਕਰਵਾਈਆਂ ਹਨ।

ਲਗਭਗ 20 ਮਹੀਨਿਆਂ ਬਾਅਦ ਮੈਟ 'ਤੇ ਵਾਪਸੀ ਕਰਨ ਜਾ ਰਹੀ ਫੋਗਾਟ ਨੇ ਕਿਹਾ ਕਿ ਉਸ ਨੂੰ ਇੱਕ ਅਦਾਲਤੀ ਮਾਮਲੇ ਦੇ ਵਿਚਕਾਰ ਇਹ ਸਵੀਕਾਰ ਕਰਨ ਲਈ ਮਜਬੂਰ ਹੋਣਾ ਪਿਆ ਹੈ, ਕਿਉਂਕਿ ਫੈਡਰੇਸ਼ਨ ਨੇ ਬ੍ਰਿਜ ਭੂਸ਼ਣ ਦੇ ਇਲਾਕੇ ਗੋਂਡਾ ਵਿੱਚ ਮਹੱਤਵਪੂਰਨ ਰੈਂਕਿੰਗ ਟੂਰਨਾਮੈਂਟ ਕਰਵਾਉਣ ਦਾ ਫੈਸਲਾ ਕੀਤਾ ਹੈ। ਉਸ ਨੇ ਕਿਹਾ ਕਿ ਉੱਥੇ ਮੁਕਾਬਲਾ ਕਰਨ ਲਈ ਬਹੁਤ ਮਾਨਸਕ ਦਬਾਅ ਹੋਵੇਗਾ। ਉਸ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਮੁਕਾਬਲੇ ਦੌਰਾਨ ਉਸ ਨੂੰ ਕੁਝ ਹੋਇਆ, ਤਾਂ ਸਰਕਾਰ ਜ਼ਿੰਮੇਵਾਰ ਹੋਵੇਗੀ।

ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਕੀਤੀ ਇੱਕ ਵੀਡੀਓ ਵਿੱਚ ਬੋਲਦੇ ਹੋਏ ਫੋਗਾਟ ਨੇ ਕਿਹਾ, 'ਕੋਈ ਵੀ ਖਿਡਾਰੀਆਂ ਦੀ ਮਦਦ ਲਈ ਅੱਗੇ ਨਹੀਂ ਆ ਰਿਹਾ। ਇਹ ਇਸ ਤਰ੍ਹਾਂ ਹੈ, ਜਿਵੇਂ ਸਰਕਾਰ ਨੇ ਬ੍ਰਿਜ ਭੂਸ਼ਣ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਕਿ ਤੁਸੀਂ ਜੋ ਚਾਹੋ ਕਰੋ, ਭਾਵੇਂ ਤੁਸੀਂ ਮਹਿਲਾ ਭਲਵਾਨਾਂ ਨਾਲ ਕੁਝ ਕਰੋ, ਭਾਵੇਂ ਤੁਸੀਂ ਕੁਸ਼ਤੀ ਦੀ ਦੁਨੀਆ ਨਾਲ ਕੁਝ ਕਰੋ। ਅਸੀਂ ਤੁਹਾਡੇ ਨਾਲ ਖੜ੍ਹੇ ਹਾਂ।'

ਉਸ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਫੈਡਰੇਸ਼ਨ ਦੇ ਪ੍ਰਧਾਨ ਸੰਜੇ ਸਿੰਘ ਨੇ ਕਿਹਾ ਕਿ ਉਹ ਉਸ ਦੀ ਸੁਰੱਖਿਆ ਦੀ ਨਿੱਜੀ ਤੌਰ 'ਤੇ ਗਰੰਟੀ ਦੇਣਗੇ, ਪਰ ਫੋਗਾਟ, ਜੋ ਕਿ ਇੱਕ ਕਾਂਗਰਸੀ ਵਿਧਾਇਕ ਵੀ ਹੈ, ਨੂੰ ਇਸ ਮੁੱਦੇ ਦਾ ਰਾਜਨੀਤੀਕਰਨ ਨਹੀਂ ਕਰਨਾ ਚਾਹੀਦਾ। ਉਸ ਨੇ ਕਿਹਾ ਕਿ ਜੇ ਉਹ ਰਾਜਨੀਤੀ ਖੇਡਣਾ ਚਾਹੁੰਦੀ ਹੈ, ਤਾਂ ਇਹ ਉਸ ਦੀ ਮਰਜ਼ੀ ਹੈ। ਨਾਲ ਹੀ, ਮਾਮਲਾ ਅਦਾਲਤ ਵਿੱਚ ਹੈ, ਇਸ ਲਈ ਉਹ ਇਸ 'ਤੇ ਕੋਈ ਟਿੱਪਣੀ ਨਹੀਂ ਕਰਨਗੇ। ਸੱਚਾਈ ਸਾਹਮਣੇ ਆਉਣ ਦਿਓ।

ਪੈਰਿਸ ਉਲੰਪਿਕ ਵਿੱਚ ਦਿਲ ਟੁੱਟਣ ਤੋਂ ਬਾਅਦ ਕੁਸ਼ਤੀ ਤੋਂ ਦੂਰ ਰਹਿਣ ਤੋਂ ਬਾਅਦ ਫੋਗਾਟ ਨੇ ਕਿਹਾ ਕਿ ਉਹ ਨੈਸ਼ਨਲ ਓਪਨ ਰੈਂਕਿੰਗ ਟੂਰਨਾਮੈਂਟ ਵਿੱਚ ਵਾਪਸੀ ਦੀ ਤਿਆਰੀ ਕਰ ਰਹੀ ਹੈ। ਇਹ ਭਲਵਾਨਾਂ ਲਈ ਏਸ਼ੀਆਈ ਖੇਡਾਂ ਦੇ ਚੋਣ ਟਰਾਇਲਾਂ ਲਈ ਕੁਆਲੀਫਾਈ ਕਰਨ ਦਾ ਆਖਰੀ ਮੌਕਾ ਹੈ। ਇਹ ਰੈਂਕਿੰਗ ਟੂਰਨਾਮੈਂਟ 10 ਤੋਂ 12 ਮਈ ਤੱਕ ਯੂ ਪੀ ਦੇ ਗੋਂਡਾ ਦੇ ਨੰਦੀਨੀਨਗਰ ਮਹਾਂਵਿਦਿਆਲਿਆ ਵਿੱਚ ਹੋਣ ਵਾਲਾ ਹੈ। ਬ੍ਰਿਜ ਭੂਸ਼ਣ ਨੰਦੀਨੀਨਗਰ ਮਹਾਂਵਿਦਿਆਲਿਆ ਦਾ ਬਾਨੀ ਹੈ ਅਤੇ ਗੋਂਡਾ ਤੋਂ ਸਾਬਕਾ ਸੰਸਦ ਮੈਂਬਰ ਹੈ। 2023 ਵਿੱਚ ਦੇਸ਼ ਦੀਆਂ ਕੁਝ ਚੋਟੀ ਦੀਆਂ ਮਹਿਲਾ ਭਲਵਾਨਾਂ ਵੱਲੋਂ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਜਾਣ ਤੋਂ ਬਾਅਦ ਉਹ ਦਿੱਲੀ ਦੀ ਇੱਕ ਅਦਾਲਤ ਵਿੱਚ ਮੁਕੱਦਮੇ ਦਾ ਸਾਹਮਣਾ ਕਰ ਰਿਹਾ

• ਬਾਕੀ ਸਫਾ 2 'ਤੇ

## ਰੀਲ ਬਣਾਉਣ ਵਾਲੇ ਛੋਕਰਿਆਂ ਨੇ ਚੱਕਰਾਂ 'ਚ ਪਾਇਆ



**ਸਿਧਾਰਥਨਗਰ** : ਯੂ ਪੀ ਦੇ ਇਸ ਸ਼ਹਿਰ ਦੀ ਪਾਣੀ ਦੀ ਟੈਂਕੀ 'ਤੇ 16 ਘੰਟਿਆਂ ਤੋਂ ਫਸੇ ਦੋ ਬੱਚਿਆਂ ਨੂੰ ਹਵਾਈ ਸੈਨਾ ਦੇ ਹੈਲੀਕਾਪਟਰ ਨੇ ਬਚਾਇਆ। ਸ਼ਨੀਵਾਰ ਪੰਜ ਬੱਚੇ ਕਾਸ਼ੀਰਾਮ ਆਵਾਸ ਕਲੋਨੀ ਵਿੱਚ 60 ਫੁੱਟ ਉੱਚੀ ਪਾਣੀ ਦੀ ਟੈਂਕੀ 'ਤੇ ਚੜ੍ਹ ਕੇ ਰੀਲ ਬਣਾਉਣ ਗਏ। ਹੇਠਾਂ ਉਤਰਦੇ ਸਮੇਂ ਪੌੜੀ ਟੁੱਟ ਗਈ ਅਤੇ ਤਿੰਨ ਬੱਚੇ ਡਿੱਗ ਪਏ। ਉਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ, ਜਦੋਂ ਕਿ ਦੋ ਦੀ ਹਾਲਤ ਗੰਭੀਰ ਹੈ। ਦੋ ਬੱਚੇ ਡੰਡੇ ਨਾਲ ਚਿੰਬੜੇ ਰਹੇ ਅਤੇ ਹੌਲੀ-ਹੌਲੀ ਟੈਂਕੀ 'ਤੇ ਵਾਪਸ ਚੜ੍ਹ ਗਏ।

ਬਚਾਅ ਲਈ ਗੋਰਖਪੁਰ ਤੋਂ ਇੱਕ ਹਾਈਡ੍ਰੋਲਿਕ ਕਰੇਨ ਲਿਆਂਦੀ ਗਈ, ਜਿਸ ਦੀ ਪੌੜੀ 135 ਫੁੱਟ ਦੀ ਉਚਾਈ ਤੱਕ ਪਹੁੰਚ ਸਕਦੀ ਹੈ, ਪਰ 26 ਸਾਲ ਤੋਂ ਬੰਦ ਟੈਂਕੀ ਦੁਆਲੇ ਦਲਦਲ ਕਾਰਨ ਉਹ ਟੈਂਕੀ ਤੱਕ ਪਹੁੰਚ ਨਹੀਂ ਸਕੀ। ਇਸ ਲਈ 150 ਮੀਟਰ ਸੜਕ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਦੇਰ ਰਾਤ ਤੱਕ ਸੜਕ ਦਾ 120 ਮੀਟਰ ਪੂਰਾ ਹੋ ਗਿਆ ਸੀ। ਇਸ ਦੌਰਾਨ ਸਵੇਰੇ 3 ਵਜੇ ਦੇ ਕਰੀਬ ਭਾਰੀ ਮੀਂਹ ਸ਼ੁਰੂ ਹੋ ਗਿਆ, ਜਿਸ ਕਾਰਨ ਕੰਮ ਰੋਕਣਾ ਪਿਆ। ਸਥਿਤੀ ਨੂੰ ਵੇਖਦਿਆਂ ਪ੍ਰਸ਼ਾਸਨ ਨੇ ਫੌਜ ਦੀ ਮਦਦ ਮੰਗੀ। ਐਤਵਾਰ ਸਵੇਰੇ 5:20 ਵਜੇ ਦੇ ਕਰੀਬ

• ਬਾਕੀ ਸਫਾ 2 'ਤੇ

## ਈਰਾਨ ਵੱਲੋਂ ਜੰਗਬੰਦੀ ਲਈ ਨਵੀਂ ਤਜਵੀਜ਼ ਪੇਸ਼

**ਤਹਿਰਾਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਈਰਾਨ ਵੱਲੋਂ ਜੰਗ ਖ਼ਤਮ ਕਰਨ ਲਈ ਭੇਜੀ ਗਈ ਇੱਕ ਨਵੀਂ ਤਜਵੀਜ਼ ਦੀ ਸਮੀਖਿਆ ਕਰ ਰਹੇ ਹਨ। ਹਾਲਾਂ ਕਿ ਉਨ੍ਹਾ ਤਹਿਰਾਨ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਈਰਾਨ ਨੇ 'ਦੁਰਵਿਹਾਰ' ਕੀਤਾ ਜਾਂ ਕੋਈ ਗਲਤ ਕਦਮ ਚੁੱਕਿਆ ਤਾਂ ਰੋਕੇ ਗਏ ਫੌਜੀ ਹਮਲੇ ਕਿਸੇ ਵੀ ਵੇਲੇ ਮੁੜ ਸ਼ੁਰੂ ਕੀਤੇ ਜਾ ਸਕਦੇ ਹਨ। ਪਾਮ ਬੀਚ ਤੋਂ ਮਿਆਮੀ ਜਾਂਦੇ ਹੋਏ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਸਪੱਸ਼ਟ ਕੀਤਾ ਕਿ ਉਹ ਫਿਲਹਾਲ ਇਸ ਸਮਝੌਤੇ ਨੂੰ ਲੈ ਕੇ ਸ਼ੰਕੇ ਵਿੱਚ ਹਨ, ਕਿਉਂਕਿ ਉਨ੍ਹਾ ਅਨੁਸਾਰ ਈਰਾਨ ਨੇ ਪਿਛਲੇ 47 ਸਾਲਾਂ ਵਿੱਚ ਮਨੁੱਖਤਾ ਵਿਰੁੱਧ ਕੀਤੇ ਗਏ ਗੁਨਾਹਾਂ ਦੀ ਅਜੇ ਪੂਰੀ ਕੀਮਤ ਨਹੀਂ ਚੁਕਾਈ। ਸੂਤਰਾਂ ਮੁਤਾਬਕ ਈਰਾਨ ਨੇ ਇਸ ਨਵੇਂ ਪ੍ਰਸਤਾਵ ਵਿੱਚ ਹਾਰਮੁਜ਼ ਜਲ ਮਾਰਗ ਨੂੰ ਖੋਲ੍ਹਣ, ਅਮਰੀਕੀ ਜਲ ਸੈਨਾ ਦੀ ਘੇਰਾਬੰਦੀ ਖ਼ਤਮ ਕਰਨ ਅਤੇ ਈਰਾਨ ਤੇ ਲੈਬਨਾਨ ਵਿੱਚ ਚੱਲ ਰਹੀ ਜੰਗ ਨੂੰ ਸਥਾਈ ਤੌਰ 'ਤੇ ਰੋਕਣ ਲਈ ਇੱਕ ਮਹੀਨੇ ਦੀ ਡੈੱਡਲਾਈਨ ਦਿੱਤੀ ਹੈ। ਇਸ ਤੋਂ ਬਾਅਦ ਅਗਲੇ ਇੱਕ ਮਹੀਨੇ ਵਿੱਚ ਪਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਉਹ ਫਿਲਹਾਲ ਇਸ ਦੇ ਸ਼ਬਦਾਂ ਦੀ ਜਾਂਚ ਕਰ ਰਹੇ ਹਨ, ਪਰ ਉਨ੍ਹਾ ਨੂੰ ਨਹੀਂ ਲੱਗਦਾ ਕਿ ਇਹ ਸ਼ਰਤਾਂ ਆਸਾਨੀ ਨਾਲ ਸਵੀਕਾਰ ਕੀਤੀਆਂ ਜਾਣਗੀਆਂ।

## ਵੋਟਾਂ ਦੀ ਗਿਣਤੀ ਅੱਜ

**ਨਵੀਂ ਦਿੱਲੀ** : ਪੱਛਮੀ ਬੰਗਾਲ, ਕੇਰਲਾ, ਆਸਾਮ, ਤਾਮਿਲਨਾਡੂ ਤੇ ਪੁਡੂਚੇਰੀ ਵਿੱਚ ਵਿਧਾਨ ਸਭਾ ਚੋਣਾਂ ਲਈ ਪਈਆਂ ਵੋਟਾਂ ਦੀ ਗਿਣਤੀ 4 ਮਈ ਸੋਮਵਾਰ ਨੂੰ ਸਵੇਰੇ 8 ਵਜੇ ਸ਼ੁਰੂ ਹੋਵੇਗੀ। ਬਾਅਦ ਦੁਪਹਿਰ ਤੱਕ ਸਾਰੇ ਰਾਜਾਂ ਦੇ ਰੁਝਾਨ ਆ ਜਾਣ ਦੀ ਸੰਭਾਵਨਾ ਹੈ। ਸਭ ਤੋਂ ਅਹਿਮ ਚੋਣ ਨਤੀਜੇ ਪੱਛਮੀ ਬੰਗਾਲ ਦੇ ਸਮਝੇ ਜਾ ਰਹੇ ਹਨ, ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਸਮੁੱਚੀ ਭਾਜਪਾ ਨੇ ਚੋਣਾਂ ਜਿੱਤਣ ਲਈ ਹਰ ਸੰਭਵ ਹੀਲਾ-ਵਸੀਲਾ ਵਰਤਿਆ ਹੈ ਤੇ ਲੋਕਾਂ ਨੂੰ ਧਰਮ ਦੇ ਨਾਂਅ 'ਤੇ ਵੰਡਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਦੂਸਰੇ ਪਾਸੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ 'ਚ ਤ੍ਰਿਣਮੂਲ ਕਾਂਗਰਸ ਪਾਰਟੀ ਨੇ ਭਾਜਪਾ ਦੀ ਹਰ ਚਾਲ ਨਾਕਾਮ ਕਰਨ ਲਈ ਪੂਰੀ ਵਾਹ ਲਾਈ ਹੈ।

## ਭਿਆਨਕ ਤੂਫ਼ਾਨ ਨੇ ਮਚਾਈ ਤਬਾਹੀ, ਮੀਂਹ ਨੇ ਦਿੱਤੀ ਕੁਝ ਰਾਹਤ

**ਚੰਡੀਗੜ੍ਹ** : ਪੰਜਾਬ ਅਤੇ ਚੰਡੀਗੜ੍ਹ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਗਰਮੀ ਤੋਂ ਬਾਅਦ ਐਤਵਾਰ ਸਵੇਰੇ ਅਚਾਨਕ ਮੌਸਮ ਨੇ ਆਪਣਾ ਮਿਜ਼ਾਜ ਬਦਲ ਲਿਆ। ਇਸ ਦੌਰਾਨ ਪੰਜਾਬ ਅਤੇ ਚੰਡੀਗੜ੍ਹ ਵਿੱਚ ਹਨੇਰੀ ਅਤੇ ਝੱਖੜ ਚੱਲਿਆ ਅਤੇ ਮੀਂਹ ਨੇ ਦਸਤਕ ਦਿੱਤੀ। ਮੀਂਹ ਨੇ ਲੋਕਾਂ ਨੂੰ ਅੱਤ ਦੀ ਗਰਮੀ ਤੋਂ ਰਾਹਤ ਦਿੱਤੀ ਤੇ ਪੰਜਾਬ ਵਿੱਚ ਰਾਤ ਸਮੇਂ ਦੇ ਤਾਪਮਾਨ ਵਿੱਚ ਪੰਜ ਤੋਂ ਛੇ ਡਿਗਰੀ ਸੈਲਸੀਅਸ ਤੱਕ ਦੀ ਗਿਰਾਵਟ ਦਰਜ ਕੀਤੀ ਗਈ। ਚੰਡੀਗੜ੍ਹ ਮੌਸਮ ਵਿਭਾਗ ਅਨੁਸਾਰ ਐਤਵਾਰ ਤੜਕੇ ਮੀਂਹ ਤੇ ਹਨੇਰੀ ਆਈ ਤੇ ਇਸ ਦੌਰਾਨ ਸਵੇਰੇ 7.30 ਵਜੇ ਤੱਕ ਵੀ ਹਨੇਰਾ ਛਾਇਆ ਰਿਹਾ। ਲੋਕਾਂ ਨੂੰ ਜਿੱਥੇ ਗਰਮੀ ਤੋਂ ਰਾਹਤ ਮਿਲੀ, ਉਥੇ ਨਰਮੇ ਦੀ ਬਜਾਈ ਕਰਨ ਵਾਲੇ ਕਿਸਾਨਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ, ਕਿਉਂਕਿ ਜਿਨ੍ਹਾਂ ਕਿਸਾਨਾਂ ਵੱਲੋਂ ਨਰਮੇ ਦੀ ਬਜਾਈ ਕਰ ਦਿੱਤੀ ਗਈ ਹੈ, ਉਨ੍ਹਾਂ ਨੂੰ ਨਰਮਾ ਕਰੰਡ ਹੋਣ ਦਾ ਖਦਸ਼ਾ ਜਤਾ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਐਤਵਾਰ ਸਵੇਰੇ 8:30 ਵਜੇ ਤੱਕ ਚੰਡੀਗੜ੍ਹ 'ਚ 19.7 ਐੱਮ ਐੱਮ, ਅੰਮ੍ਰਿਤਸਰ 'ਚ 2.2 ਐੱਮ ਐਮ, ਲੁਧਿਆਣਾ 'ਚ 24.6 ਐੱਮ ਐੱਮ, ਨਵਾਂ ਸ਼ਹਿਰ 'ਚ 2.1 ਐੱਮ ਐੱਮ, ਫਿਰੋਜ਼ਪੁਰ 'ਚ 2.5 ਐੱਮ ਐੱਮ, ਮੁਹਾਲੀ ਵਿੱਚ 19 ਐੱਮ ਐੱਮ, ਰੂਪਨਗਰ 'ਚ ਡੇਢ ਐੱਮ ਐੱਮ ਮੀਂਹ ਦਰਜ ਕੀਤਾ ਗਿਆ। ਜਲੰਧਰ, ਪਟਿਆਲਾ, ਪਠਾਨਕੋਟ, ਫਰੀਦਕੋਟ, ਸੰਗਰੂਰ, ਬਰਨਾਲਾ ਅਤੇ ਬਠਿੰਡਾ ਇਲਾਕੇ ਵਿੱਚ ਵੀ ਮੀਂਹ ਪਿਆ। ਮੌਸਮ ਵਿਗਿਆਨੀਆਂ ਨੇ ਪੰਜਾਬ 'ਚ 4 ਅਤੇ 5 ਮਈ ਨੂੰ ਵੀ ਭਾਰੀ ਮੀਂਹ, ਹਨੇਰੀ ਅਤੇ ਗੜੇਮਾਰੀ ਦੀ ਚਿਤਾਵਨੀ ਦਿੱਤੀ ਹੈ। ਮੌਸਮ ਮਹਿਕਮੇ ਨੇ 5 ਮਈ ਤੱਕ ਤੇਜ਼ ਹਵਾਵਾਂ ਚੱਲਣ ਦੇ ਨਾਲ ਨਾਲ ਕਣੀਆਂ ਡਿੱਗਣ ਦੀ ਪੇਸ਼ੀਨਗੋਈ ਕੀਤੀ ਹੈ।

## ਜਹਾਜ਼ ਤੋਂ ਛਾਲ ਮਾਰੀ

**ਚੇਨੱਈ** : ਐਤਵਾਰ ਸਵੇਰੇ ਇੱਥੇ 3:23 ਵਜੇ ਹਵਾਈ ਅੱਡੇ 'ਤੇ ਉਤਰਦੇ ਸਮੇਂ ਸ਼ਾਰਜਾਹ ਤੋਂ 231 ਯਾਤਰੀਆਂ ਨੂੰ ਲੈ ਕੇ ਆ ਰਹੇ ਏਅਰ ਅਰੇਬੀਆ ਜਹਾਜ਼ ਤੋਂ ਇੱਕ ਯਾਤਰੀ ਨੇ ਛਾਲ ਮਾਰ ਦਿੱਤੀ ਤੇ ਵਪਾਰਕ ਖੇਤਰ ਵੱਲ ਭੱਜ ਗਿਆ।

ਬਾਅਦ ਵਿੱਚ ਸੁਰੱਖਿਆ ਕਰਮੀਆਂ ਨੇ ਉਸ ਨੂੰ ਕਾਬੂ ਕਰ ਲਿਆ। ਉਸ ਦੀ ਪਛਾਣ 29 ਸਾਲਾ ਮੁਹੰਮਦ ਸ਼ਰੀਫ ਨਜਮੁਦੀਨ ਵਜੋਂ ਹੋਈ ਹੈ। ਉਹ ਤਾਮਿਲਨਾਡੂ ਦੇ ਪੁਡੂਕੋਟਾਈ ਦਾ ਰਹਿਣ ਵਾਲਾ ਹੈ। ਕੁਝ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਉਹ ਮਾਨਸਕ ਤੌਰ 'ਤੇ ਬਿਮਾਰ ਸੀ, ਹਾਲਾਂਕਿ ਸੁਰੱਖਿਆ ਏਜੰਸੀਆਂ ਮਾਮਲੇ ਦੀ ਜਾਂਚ ਕਰ ਰਹੀਆਂ ਹਨ।

## ਅਕਾਲ ਤਖ਼ਤ ਵੱਲੋਂ ਸੰਧਵਾਂ ਤਲਬ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਿੱਖ ਵਿਦਵਾਨਾਂ, ਜਥੇਬੰਦੀਆਂ ਅਤੇ ਕਾਨੂੰਨੀ ਮਾਹਰਾਂ ਨਾਲ ਕੀਤੀ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਬਣਾਏ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਸੰਬੰਧੀ ਕੁਝ ਸ਼ੰਕੇ ਪ੍ਰਗਟ ਕੀਤੇ ਗਏ ਹਨ। ਇਨ੍ਹਾਂ ਸ਼ੰਕਿਆਂ ਨੂੰ ਦੂਰ ਕਰਨ ਲਈ ਸ੍ਰੀ ਅਕਾਲ ਤਖ਼ਤ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਵਿਚਾਰ-ਵਟਾਂਦਰੇ ਲਈ ਸੱਦਿਆ ਗਿਆ ਹੈ। ਮੀਟਿੰਗ ਭਾਈ ਗੁਰਦਾਸ ਹਾਲ ਵਿਖੇ ਹੋਈ, ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰਦੀਆਂ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਿਲ ਹੋਏ। ਸੰਧਵਾ ਨੇ ਕਿਹਾ ਕਿ ਜੇਕਰ ਕੋਈ ਅਧਿਕਾਰਤ ਤੌਰ ਉੱਤੇ ਬੁਲਾਵਾ ਆਉਂਦਾ ਹੈ, ਤਾਂ ਇੱਕ ਸਿੱਖ ਹੋਣ ਦੇ ਨਾਤੇ ਮੈਂ ਪੂਰੀ ਨਿਮਰਤਾ ਅਤੇ ਸਤਿਕਾਰ ਨਾਲ ਪੇਸ਼ ਹੋ ਕੇ ਆਪਣੀ ਗੱਲ ਪੰਥ ਦੇ ਸਨਮੁੱਖ ਰੱਖਣ ਲਈ ਪਾਬੰਦ ਹਾਂ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਸਾਡੇ ਲਈ ਇਲਾਹੀ ਹੁਕਮ ਹੈ।

## ਇਮਾਰਤ ਨੂੰ ਅੱਗ ਲੱਗਣ ਨਾਲ 9 ਜੀਅ ਸੜ ਕੇ ਮਰੇ

**ਨਵੀਂ ਦਿੱਲੀ** : ਪੂਰਬੀ ਦਿੱਲੀ ਦੇ ਵਿਵੇਕ ਵਿਹਾਰ ਇਲਾਕੇ ਵਿੱਚ ਐਤਵਾਰ ਤੜਕਸਾਰ ਇੱਕ ਰਿਹਾਇਸ਼ੀ ਇਮਾਰਤ ਵਿੱਚ ਲੱਗੀ ਭਿਆਨਕ ਅੱਗ ਨੇ ਕਹਿਰ ਮਚਾ ਦਿੱਤਾ। ਇਸ ਦਰਦਨਾਕ ਹਾਦਸੇ ਵਿੱਚ 9 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਕਈ ਹੋਰ ਗੰਭੀਰ ਜ਼ਖ਼ਮੀ ਦੱਸੇ ਜਾ ਰਹੇ ਹਨ। ਅੱਗ ਏਨੀ ਤੇਜ਼ੀ ਨਾਲ ਫੈਲੀ ਕਿ ਇਮਾਰਤ ਵਿੱਚ ਰਹਿ ਰਹੇ ਲੋਕਾਂ ਨੂੰ ਸੰਭਲਣ ਦਾ ਮੌਕਾ ਤੱਕ ਨਹੀਂ ਮਿਲਿਆ। ਵਿਵੇਕ ਵਿਹਾਰ ਫੇਜ਼-1 ਦੀ ਇਮਾਰਤ ਨੰਬਰ 2-13 ਦੀ ਦੂਜੀ, ਤੀਜੀ ਅਤੇ ਚੌਥੀ ਮੰਜ਼ਲ ਨੂੰ ਪੂਰੀ ਤਰ੍ਹਾਂ ਅੱਗ ਨੇ ਲਪੇਟ ਵਿੱਚ ਲੈ ਲਿਆ। ਫਾਇਰ ਬ੍ਰਿਗੇਡ ਦੀਆਂ 12 ਗੱਡੀਆਂ ਨੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਬਚਾਅ ਕਾਰਜਾਂ ਦੌਰਾਨ ਪੁਲਸ ਅਤੇ ਫਾਇਰ ਸਰਵਿਸ ਨੇ 12 ਤੋਂ 15 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। 9 ਲੋਕਾਂ ਦੀਆਂ ਝੁਲਸੀਆਂ ਹੋਈਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ।

## ਮਮਦਾਨੀ ਨੇ ਸਿੱਖ ਅਫਸਰਾਂ ਨਾਲ ਮਨਾਈ ਵਿਸਾਖੀ

**ਨਿਊਯਾਰਕ** : ਅਮਰੀਕਾ ਵਿੱਚ ਸਿੱਖ ਭਾਈਚਾਰੇ ਪ੍ਰਤੀ ਇੱਕ ਵਾਰ ਫਿਰ ਸਤਿਕਾਰ ਪ੍ਰਗਟ ਕਰਦਿਆਂ ਨਿਊ ਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਮਨਾਉਣ ਲਈ ਸਿੱਖ ਆਫੀਸਰਜ਼ ਐਸੋਸੀਏਸ਼ਨ ਦੇ ਨਾਲ ਖੜ੍ਹੇ ਹੋਏ। ਉਨ੍ਹਾ ਕਿਹਾ, 'ਮੈਂ ਉਨ੍ਹਾਂ ਸਿੱਖ ਅਫਸਰਾਂ ਅੱਗੇ ਨਿਮਰ ਹਾਂ, ਜੋ ਇਨ੍ਹਾਂ ਕਦਰਾਂ-ਕੀਮਤਾਂ ਨੂੰ ਰੋਜ਼ਾਨਾ ਸਾਡੀਆਂ ਸੜਕਾਂ 'ਤੇ ਲੈ ਕੇ ਜਾਂਦੇ ਹਨ। ਨਿਰਭਉ ਨਿਰਵੈਰ, ਬਿਨਾਂ ਕਿਸੇ ਡਰ ਦੇ, ਬਿਨਾਂ ਕਿਸੇ ਨਫ਼ਰਤ ਦੇ। ਸਾਰਿਆਂ ਨੂੰ ਵਿਸਾਖੀ ਦੀਆਂ ਮੁਬਾਰਕਾਂ।' ਕਿੰਗ ਚਾਰਲਸ ਦੀ ਹਾਲ ਹੀ ਦੀ ਅਮਰੀਕਾ ਫੇਰੀ ਦੌਰਾਨ ਮਮਦਾਨੀ ਨੇ ਯੂ ਕੇ ਤੋਂ ਅਨਮੋਲ ਕੋਹਿਨੂਰ ਹੀਰਾ ਵਾਪਸ ਕਰਨ ਦੀ ਮੰਗ ਕੀਤੀ ਸੀ। ਮੁਗਲਾਂ, ਫਾਰਸੀਆਂ ਅਤੇ ਅਫਗਾਨਾਂ ਦੇ ਹੱਥਾਂ ਵਿੱਚੋਂ ਲੰਘਦਾ ਹੋਇਆ ਇਹ ਪੱਥਰ 1849 ਵਿੱਚ ਦਲੀਪ ਸਿੰਘ ਵੱਲੋਂ ਹਸਤਾਖਰ ਕੀਤੇ ਗਏ ਇੱਕ ਸਮਝੌਤੇ ਤੋਂ ਬਾਅਦ ਬ੍ਰਿਟਿਸ਼ ਨੂੰ ਸੌਂਪ ਦਿੱਤਾ ਗਿਆ ਸੀ। 2023 ਦੀ ਇੱਕ ਪੋਸਟ ਵਿੱਚ ਮਮਦਾਨੀ ਨੇ ਲਿਖਿਆ ਸੀ, 'ਸਾਡੇ ਸਿੱਖ ਭਰਾ ਅਤੇ ਭੈਣਾਂ ਮੇਰੇ ਲਈ ਬਹੁਤ ਮਾਇਨੇ ਰੱਖਦੇ ਹਨ।' 25 ਅਪਰੈਲ ਨੂੰ ਉਨ੍ਹਾ ਆਪਣੇ ਸਮਰਥਕਾਂ ਨਾਲ ਮੈਨਹਟਨ ਵਿੱਚ ਸਿੱਖ ਵਿਰਾਸਤ ਅਤੇ ਸੱਭਿਆਚਾਰ ਦਾ ਜਸ਼ਨ ਮਨਾਉਂਦੇ ਹੋਏ ਮਾਰਚ ਕੱਢਿਆ ਸੀ।

## ਔਕੜ ਵੇਲੇ ਚਿਹਰਿਆਂ 'ਤੇ ਡਰ ਦੀ ਲਕੀਰ ਨੂੰ ਉਭਰਨ ਨਾ ਦਿੱਤਾ ਜਾਵੇ : ਜਤਿੰਦਰ ਪਨੂੰ

### ਮੌਜੂਦਾ ਦੌਰ 'ਚ ਪ੍ਰੈੱਸ ਦੀ ਆਜ਼ਾਦੀ ਸੁੰਗੜ ਗਈ : ਮਾਣਕ




ਸਮਾਗਮ 'ਚ ਜਤਿੰਦਰ ਪਨੂੰ ਤੇ ਸਤਨਾਮ ਮਾਣਕ ਨੂੰ ਸਨਮਾਨਿਤ ਕੀਤਾ ਗਿਆ। (ਫੋਟੋ : ਸ਼ੈਲੀ ਐਲਬਰਟ)

**ਜਲੰਧਰ (ਗਿਆਨ ਸੈਦਪੁਰੀ)**

'ਬੇਸ਼ੱਕ ਪੱਤਰਕਾਰਤਾ ਦੇ ਖੇਤਰ ਵਿੱਚ ਖ਼ਤਰੇ ਵਧੇਰੇ ਹਨ, ਉਂਞ ਜ਼ਿੰਦਗੀ ਦੇ ਹਰ ਖੇਤਰ ਵਿੱਚ ਖ਼ਤਰੇ ਹਨ। ਹਰੇਕ ਖੇਤਰ ਸਾਡੀ ਆਪਣੀ ਚੋਣ ਹੁੰਦਾ ਹੈ। ਪੱਤਰਕਾਰਤਾ ਦੇ ਖੇਤਰ ਵਿੱਚ ਜਿੱਥੇ ਮਾਣ-ਸਨਮਾਨ ਮਿਲਦਾ ਹੈ, ਉੱਥੇ ਖ਼ਤਰੇ ਵੀ ਸੁਭਾਵਕ ਹਨ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਪੱਤਰਕਾਰੀ ਵਿੱਚ ਵੱਡਾ ਮੁਰਾਤਬਾ ਹਾਸਲ ਕਰਨ ਵਾਲੇ ਜਤਿੰਦਰ ਪਨੂੰ ਨੇ ਕੀਤਾ। ਉਹ ਐਤਵਾਰ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ 'ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ' ਸੰਬੰਧੀ ਹੋਏ ਇੱਕ ਵਿਸ਼ੇਸ਼ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਇੱਕ ਹਵਾਈ ਹਾਦਸੇ ਅਤੇ ਹਵਾਈ ਜਹਾਜ਼ ਦੇ ਅਮਲੇ ਦੇ ਵਿਚਰਨ ਵਰਤਾਰੇ ਦੇ ਹਵਾਲੇ ਨਾਲ ਕਿਹਾ ਕਿ ਔਕੜ ਵੇਲੇ ਚਿਹਰਿਆਂ 'ਤੇ ਡਰ ਦੀ ਲਕੀਰ ਨੂੰ ਉਭਰਨ ਨਾ ਦਿੱਤਾ ਜਾਵੇ। ਔਖੀ ਘੜੀ ਵੇਲੇ ਮਾਨਸਿਕ ਤੇ ਸਰੀਰਕ ਤੌਰ 'ਤੇ ਸੰਭਲਦਿਆਂ ਅਡੋਲ ਰਹਿਣਾ ਸਾਡੀ ਪ੍ਰਪੱਕਤਾ ਦੀ ਨਿਸ਼ਾਨੀ ਹੁੰਦੀ ਹੈ।

ਪ੍ਰੈੱਸ ਦੀ ਆਜ਼ਾਦੀ ਦੇ ਸੰਦਰਭ ਵਿੱਚ ਗੱਲ ਕਰਦਿਆਂ ਪਨੂੰ ਨੇ ਕਿਹਾ ਕਿ ਪ੍ਰੈੱਸ ਸੰਪੂਰਨ ਆਜ਼ਾਦ ਕਿਧਰੇ ਵੀ ਨਹੀਂ ਹੈ। ਅਜਿਹੀਆਂ ਪ੍ਰਸਥਿਤੀਆਂ ਵਿੱਚ ਪੱਤਰਕਾਰ ਭਾਈਚਾਰੇ ਨੂੰ ਆਪਸੀ ਸਹਿਯੋਗ ਅਤੇ ਮੇਲ-ਮਿਲਾਪ ਦੇ ਸੁਹਿਰਦਤਾ ਭਰੇ ਵਰਤਾਰੇ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਪਨੂੰ ਨੇ ਨਵੇਂ ਪੱਤਰਕਾਰਾਂ ਨੂੰ ਸੁਝਾਅ ਦਿੱਤਾ ਕਿ ਪੁਰਾਣੇ ਪੱਤਰਕਾਰਾਂ ਦੀ ਘਾਲਣਾ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਦੇ ਮੁਸ਼ਕਲ ਦੌਰ ਦੇ ਸਫ਼ਰ ਤੋਂ ਬਾਅਦ ਹੀ ਕੁਝ ਆਸਾਨ ਸਮਿਆਂ ਵਿੱਚ ਦਾਖਲ ਹੋਏ ਹਾਂ। ਉਨ੍ਹਾ ਕਿਹਾ ਕਿ ਪੱਤਰਕਾਰਤਾ ਵਿੱਚ ਸਾਡੇ ਪੁਰਖੇ ਹੀ ਸਨ, ਜੋ ਕਿਸ਼ਤੀ ਨੂੰ ਤੂਫਾਨ ਵਿੱਚੋਂ ਬਾਹਰ ਲਿਆਏ ਸਨ। ਉਨ੍ਹਾ ਕਿਹਾ ਕਿ ਉਹ ਖੁਦ ਕੁਝ ਸੁਖਾਲੇ ਦੌਰ ਵਿੱਚ ਇਸ ਖੇਤਰ ਵਿੱਚ ਆਏ ਸਨ। ਪੱਤਰਕਾਰੀ ਖੇਤਰ ਵਿੱਚ ਆਪਣੇ ਸਫ਼ਰ ਦੀ ਗੱਲ ਕਰਦਿਆਂ ਜਤਿੰਦਰ ਪਨੂੰ ਨੇ ਕਿਹਾ ਕਿ ਉਨ੍ਹਾ ਨੇ ਪਹਿਲਾ ਲੇਖ 1978 ਵਿੱਚ ਲਿਖਿਆ, ਜੋ 'ਨਵਾਂ ਜ਼ਮਾਨਾ' ਵਿੱਚ ਛਪਿਆ ਸੀ। ਇੱਕ ਵਾਰ 'ਨਵ ਭਾਰਤ ਟਾਈਮਜ਼' ਵਾਲੇ ਮਾਥਰ ਸਾਹਿਬ ਨੇ ਆਪਣੀ ਅਖ਼ਬਾਰ ਵਿੱਚ ਲਿਖਣ ਲਈ ਇਸਰਾਰ ਕੀਤਾ ਸੀ। ਉਨ੍ਹਾ ਕਿਹਾ ਕਿ 1991 ਵਿੱਚ ਉਹ 'ਨਵਾਂ ਜ਼ਮਾਨਾ' ਵਿੱਚ ਆ ਗਏ ਸਨ। 1992 ਵਿੱਚ ਰੇਡੀਓ ਅਤੇ 1995 ਵਿੱਚ ਦੂਰਦਰਸ਼ਨ 'ਤੇ ਆਉਣਾ ਸ਼ੁਰੂ ਕੀਤਾ। ਇੱਥੇ ਲੰਮਾ ਸਮਾਂ ਕੰਮ ਕੀਤਾ। ਇਸ ਸਮੇਂ ਦੌਰਾਨ ਪੱਤਰਕਾਰੀ ਦੀ

• ਬਾਕੀ ਸਫਾ 2 'ਤੇ

## ਟੈਕਸ ਉਗਰਾਹੀ 'ਚ ਚੋਖਾ ਵਾਧਾ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਵਿੱਤ, ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਐਤਵਾਰ ਦੱਸਿਆ ਕਿ ਸੂਬੇ ਨੇ ਅਪ੍ਰੈਲ 2026 ਵਿੱਚ ਇੱਕ ਮਹੱਤਵਪੂਰਨ ਵਿੱਤੀ ਪੁਲਾਂਘ ਪੁੱਟਦਿਆਂ ਵੈਲਯੂ ਐਡਿਡ ਟੈਕਸ (ਵੈਟ) ਅਤੇ ਪੰਜਾਬ ਸਟੇਟ ਡਿਵੈੱਲਪਮੈਂਟ ਟੈਕਸ (ਪੀ ਐੱਸ ਡੀ ਟੀ) ਦੋਵਾਂ ਦੀ ਪ੍ਰਾਪਤੀ ਵਿੱਚ ਪ੍ਰਭਾਵਸ਼ਾਲੀ ਦੋਹਰੇ ਅੰਕਾਂ ਦਾ ਵਾਧਾ ਦਰਜ ਕੀਤਾ ਹੈ। ਵਿੱਤ ਮੰਤਰੀ ਨੇ ਕਿਹਾ, 'ਸੂਬੇ ਨੇ ਸਫਲਤਾਪੂਰਵਕ ਇਹਨਾਂ ਦੋਵਾਂ ਖੇਤਰਾਂ ਤੋਂ ਲਗਭਗ 265 ਕਰੋੜ ਰੁਪਏ ਦਾ ਕ੍ ੱਲ

• ਬਾਕੀ ਸਫਾ 2 'ਤੇ

## ਨੌਜਵਾਨ ਆਪਣਾ ਕਾਰੋਬਾਰ ਸ਼ੁਰੂ ਕਰਨ, ਸਰਕਾਰ ਪੂਰੀ ਮਦਦ ਕਰੇਗੀ : ਮਾਨ

**ਮੁਹਾਲੀ (ਗੁਰਜੀਤ ਬਿੱਲਾ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਲੱਭਣ ਵਾਲੇ ਬਣਨ ਦੀ ਥਾਂ ਨੌਕਰੀਆਂ ਪੈਦਾ ਕਰਨ ਵਾਲੇ ਬਣਨ ਵੱਲ ਵਧਣ ਦਾ ਸੱਦਾ ਦਿੱਤਾ। ਇਹ ਦਾਅਵਾ ਕਰਦਿਆਂ ਕਿ ਉਨ੍ਹਾ ਦੀ ਸਰਕਾਰ ਸਰਗਰਮੀ ਨਾਲ ਇੱਕ ਅਜਿਹਾ ਮਾਹੌਲ ਸਿਰਜ ਰਹੀ ਹੈ, ਜਿੱਥੇ ਨੌਜਵਾਨ ਸੂਬਾ ਸਰਕਾਰ ਦੇ ਸਮਰਥਨ ਨਾਲ ਆਪਣੇ ਉਦਮ ਸ਼ੁਰੂ ਕਰ ਸਕਣ। ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਜਾਣ ਦੀ ਜ਼ਰੂਰਤ ਖੁਦ-ਬ-ਖੁਦ ਖਤਮ ਹੋ ਰਹੀ ਹੈ, ਕਿਉਂਕਿ ਉਨ੍ਹਾਂ ਦੀ ਸਰਕਾਰ ਵੱਲੋਂ ਨੌਜਵਾਨਾਂ ਲਈ ਪੰਜਾਬ ਵਿੱਚ ਹੀ ਮੌਕੇ ਪੈਦਾ ਕੀਤੇ ਜਾ ਰਹੇ ਹਨ। ਪਿਛਲੀਆਂ ਅਕਾਲੀ ਅਤੇ ਕਾਂਗਰਸ ਸਰਕਾਰਾਂ ਨਾਲ ਤਿੱਖੀ ਤੁਲਨਾ ਕਰਦਿਆਂ ਮਾਨ ਨੇ ਕਿਹਾ ਕਿ ਜਿੱਥੇ ਪਿਛਲੀਆਂ ਸਰਕਾਰਾਂ ਖਾਲੀ ਖਜ਼ਾਨੇ ਦੇ ਬਹਾਨੇ ਮਾਰਦੀਆਂ ਰਹਿੰਦੀਆਂ ਸਨ, ਉਨ੍ਹਾ ਦੀ ਸਰਕਾਰ ਸਾਫ਼-ਸੁਥਰੇ ਇਰਾਦੇ ਅਤੇ ਫੈਸਲਾਕੁੰਨ ਸ਼ਾਸਨ ਰਾਹੀਂ ਆਪਣੇ ਵਾਅਦਿਆਂ ਤੋਂ ਵੀ ਅੱਗੇ ਲੰਘ ਕੇ ਕੰਮ ਕਰ ਰਹੀ ਹੈ, ਜੋ ਸਾਬਤ ਕਰਦਾ ਹੈ ਕਿ ਸਿਸਟਮ 'ਚ ਕੋਈ ਕਮੀ ਨਹੀਂ ਸੀ, ਬਲਕਿ ਪੁਰਾਣੇ ਆਗੂਆਂ ਕੋਲ ਰਾਜਨੀਤਕ ਇੱਛਾ ਸ਼ਕਤੀ ਦੀ ਹੀ ਘਾਟ ਸੀ।

ਮੁਹਾਲੀ ਦੇ ਸਨੇਟਾ ਪਿੰਡ ਵਿਖੇ ਲੋਕ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਉ ਨ੍ਹ ਾ

• ਬਾਕੀ ਸਫਾ 2 'ਤੇ

## ਮਾਰਕਸ ਦਾ ਸਿਧਾਂਤ ਸ਼ੋਸ਼ਣ ਦੇ ਅੰਤ ਦਾ ਰਸਤਾ ਦਿਖਾਉਂਦਾ : ਪ੍ਰੋ. ਕੁਲਦੀਪ ਸਿੰਘ



**ਲੁਧਿਆਣਾ** : ਪ੍ਰਸਿੱਧ ਮਾਰਕਸਵਾਦੀ ਵਿਚਾਰਕ ਪ੍ਰੋ. ਡਾ. ਕੁਲਦੀਪ ਸਿੰਘ ਨੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਮਾਰਕਸ ਦੇ 208ਵੇਂ ਜਨਮ ਦਿਵਸ ਮੌਕੇ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਕਾਰਲ ਮਾਰਕਸ ਦੇ ਵਿਗਿਆਨਕ ਸਮਾਜਵਾਦ ਦੇ ਸਿਧਾਂਤ ਦੀ ਅਜੋਕੀ ਪ੍ਰਸੰਗਿਕਤਾ ਉੱਤੇ ਜ਼ੋਰ ਦਿੱਤਾ। ਉਹਨਾ ਕਿਹਾ ਕਿ ਮਾਰਕਸਵਾਦ ਨੇ ਸਾਨੂੰ ਵਿਗਿਆਨਕ ਤੌਰ 'ਤੇ ਤਰਕਸੰਗਤ ਸੰਵਾਦ ਦਾ ਰਸਤਾ ਦਿਖਾਇਆ।ਲਾਭ ਦੇ ਨਾਲ ਚਲਦਾ ਪੂੰਜੀਵਾਦ ਵਿਸ਼ਵ ਪੱਧਰੀ ਟਕਰਾਵਾਂ, ਪਰਮਾਣੂ ਯੁੱਧ ਦੇ ਵਧਦੇ ਖਤਰੇ ਅਤੇ ਗੰਭੀਰ ਪਰਿਆਵਰਣ ਸੰਕਟਾਂ ਦਾ ਕਾਰਨ ਬਣਿਆ ਹੈ।ਉਨ੍ਹਾ ਅਨੁਸਾਰ ਪਰਮਾਣੂ ਹਥਿਆਰਾਂ ਦਾ ਇਕੱਠ ਅਤੇ ਕੁਦਰਤੀ ਵਸੀਲਿਆਂ ਦੀ ਬੇਰਹਿਮ ਲੁੱਟ ਧਰਤੀ 'ਤੇ ਸਮੁੱਚੀ ਜੀਵ ਪ੍ਰਣਾਲੀ ਦੇ ਨਾਸ ਤੱਕ ਲਿਜਾ ਸਕਦੀ ਹੈ।

ਉਹਨਾ ਕਿਹਾ ਕਿ ਮਾਰਕਸ ਨੇ ਨਾ ਸਿਰਫ ਵਿਗਿਆਨਕ ਸਮਾਜਵਾਦ ਅਤੇ ਕਮਿਊਨਿਜ਼ਮ ਦੀ ਬੁਨਿਆਦ ਰੱਖੀ, ਸਗੋਂ ਮਜ਼ਦੂਰ ਵਰਗ ਦੀ ਮੁਕਤੀ ਲਈ ਸਰਗਰਮ ਤੌਰ 'ਤੇ ਕੰਮ ਵੀ ਕੀਤਾ। ਅਜੋਕੇ ਸਮੇਂ ਉਨ੍ਹਾ ਕਿਹਾ ਕਿ ਚੁਣੌਤੀ ਸਿਰਫ ਮਜ਼ਦੂਰਾਂ ਦੇ ਅਧਿਕਾਰਾਂ ਦੀ ਰੱਖਿਆ ਤੱਕ ਸੀਮਿਤ ਨਹੀਂ ਰਹੀ, ਸਗੋਂ ਮਨੁੱਖਤਾ ਦੀ ਹੋਂਦ ਨੂੰ ਬਚਾਉਣ ਦੀ ਹੈ। ਇਹ ਤਦ ਹੀ ਸੰਭਵ ਹੈ, ਜਦੋਂ ਪ੍ਰਣਾਲੀ ਲਾਭ ਦੀ ਵੱਧ ਤੋਂ ਵੱਧ ਦੀ ਬਜਾਏ ਨਿਆਂ 'ਤੇ ਅਧਾਰਤ ਹੋਵੇ।

ਮਾਰਕਸ ਦੇ ਵਿਚਾਰਾਂ ਨੂੰ ਸਮਝਾਉਂਦੇ ਹੋਏ ਪ੍ਰੋ. ਸਿੰਘ ਨੇ ਕਿਹਾ ਕਿ ਸਮਾਜਕ ਸਮੱਸਿਆਵਾਂ ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਨਾਲ ਪੈਦਾ ਹੋਈਆਂ ਅਸਮਾਨਤਾਵਾਂ ਤੋਂ ਜੰਮਦੀਆਂ ਹਨ, ਪਰ ਇਹ ਅਸਮਾਨਤਾਵਾਂ ਜਾਗਰੂਕ ਮਨੁੱਖੀ ਕੋਸ਼ਿਸ਼ਾਂ ਨਾਲ ਖਤਮ ਕੀਤੀਆਂ ਜਾ ਸਕਦੀਆਂ ਹਨ।ਉਨ੍ਹਾ ਮਾਰਕਸਵਾਦ ਨੂੰ ਇੱਕ ਗਤੀਸ਼ੀਲ ਅਤੇ ਕ੍ਰਾਂਤੀਕਾਰੀ ਸਿਧਾਂਤ ਵਜੋਂ ਦਰਸਾਇਆ ਅਤੇ ਕਿਹਾ ਕਿ ਸਮਾਜ ਲਗਾਤਾਰ ਬਦਲਦਾ ਰਹਿੰਦਾ ਹੈ ਅਤੇ ਪੂੰਜੀਵਾਦ, ਗੁਲਾਮੀ ਅਤੇ ਜ਼ਿਮੀਦਾਰੀ ਵਰਗੀਆਂ ਪੁਰਾਣੀਆਂ ਪ੍ਰਣਾਲੀਆਂ ਵਾਂਗ, ਅੰਤ ਵਿੱਚ ਸਮਾਜਵਾਦ ਅਤੇ ਕਮਿਊਨਿਜ਼ਮ ਨਾਲ ਬਦਲਿਆ ਜਾਵੇਗਾ। ਮਾਰਕਸ ਨੇ ਇਹ ਧਾਰਨਾ ਵੀ ਨਕਾਰ ਦਿੱਤੀ ਕਿ ਮਨੁੱਖੀ ਦੁੱਖ ਕਿਸਮਤ ਜਾਂ ਕਰਮ-ਕਾਂਡ ਦਾ ਨਤੀਜਾ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਪਿਛਲੇ ਹੜ੍ਹ ਨਾਲ ਡਰੇ ਪਏ ਲੋਕ ਜਿਹੜੇ,
ਫੇਰ ਆ ਫਿਕਰਾਂ ਨੇ ਨੀਂਦ ਉਡਾਈ ਬੇਲੀ।
ਸਰਕਾਰਾਂ ਤੱਕ ਵੀ ਪਹੁੰਚ ਨੇ ਕਰਨ ਲੱਗੇ,
ਹੁੰਦੀ ਬਹੁਤ ਨਹੀਂ ਓਥੇ ਸੁਣਵਾਈ ਬੇਲੀ।
ਅਫਸਰ ਸੁਣਦੇ ਫਰਿਆਦ ਤਾਂ ਕਹੀ ਜਾਂਦੇ,
ਛੇਤੀ ਬੱਸ ਜਾਊਗੀ ਬੈਠਕ ਬੁਲਾਈ ਬੇਲੀ।
ਪਹਿਲਾਂ ਵਾਂਗ ਕੋਈ ਕਸਰ ਨਾ ਰਹੂਗੀ ਜੀ,
ਅਗੇਤੀ ਜਾਣੀ ਹੈ ਮਦਦ ਪਹੁੰਚਾਈ ਬੇਲੀ।
ਸੜਿਆ ਅੱਗ ਨਾਲ ਡਰੇ ਟਟਹਿਣਿਆਂ ਤੋਂ,
ਆਵੇ ਬੱਦਲ ਤਾਂ ਲੱਗਦੇ ਨੇ ਡਰਨ ਬੇਲੀ।
ਜਾਣਦੇ ਲੋਕਾਂ ਦੇ ਦੁੱਖ ਨਹੀਂ ਕਦੇ ਲੀਡਰ,
ਦਾਅਵੇ ਫੋਕੇ ਹਵਾਈ ਜਿਹੇ ਕਰਨ ਬੇਲੀ।

-ਤੀਸ ਮਾਰ ਖਾਂ

## ਨਰੇਗਾ ਕਾਮਿਆਂ ਨੂੰ ਕੰਮ ਤੇ ਬੇਰੁਜ਼ਗਾਰੀ ਭੱਤੇ ਲਈ ਮਜ਼ਬੂਤ ਸੰਘਰਸ਼ ਕਰਨਾ ਹੋਵੇਗਾ : ਜਗਰੂਪ, ਗਦਾਈਆ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਵਿੱਚ ਵਿੱਚ ਨਰੇਗਾ ਕਾਮਿਆਂ ਨੂੰ ਕੰਮ ਤੇ ਬੇਰੁਜ਼ਗਾਰੀ ਭੱਤੇ ਲਈ ਮਜ਼ਬੂਤ ਸੰਘਰਸ਼ ਕਰਨਾ ਪਵੇਗਾ, ਫ਼ੇਰ ਹੀ ਸਾਨੂੰ ਨਰੇਗਾ ਹੱਕ ਮਿਲ ਸਕਦਾ ਹੈ, ਜੇਕਰ ਬੋਲਾਂਗੇ ਨਹੀਂ, ਲੜਾਂਗੇ ਨਹੀਂ, ਆਪਣੀ ਜੱਥੇਬੰਦੀ ਨੂੰ ਮਜ਼ਬੂਤ ਨਹੀਂ ਕਰਾਂਗੇ, ਫ਼ਿਰ ਸਰਕਾਰਾਂ ਸਾਨੂੰ ਸਾਡਾ ਹੱਕ ਨਹੀਂ ਦੇਣਗੀਆਂ, ਕੇਂਦਰ ਦੀ ਮੋਦੀ ਹਕੂਮਤ ਨਰੇਗਾ ਨੂੰ ਪਸੰਦ ਨਹੀਂ ਕਰਦੀ, ਕਿਉਂਕਿ ਇਹ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਹੈ, ਇਹ ਸਿਰਫ ਪੂੰਜੀਪਤੀਆਂ ਲਈ ਹੀ ਸੋਚਦੀ ਹੈ ਅਤੇ ਉਹਨਾਂ ਨੂੰ ਫਾਇਦਾ ਪਹੁੰਚਾਉਣ ਵਾਲੀਆਂ ਨੀਤੀਆਂ ਹੀ ਬਣਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ ਨਾਭਾ ਤਹਿਸੀਲ ਦੇ ਪਿੰਡ ਗਦਾਈਆ ਵਿਖੇ ਆਯੋਜਿਤ ਪ੍ਰਭਾਵਸ਼ਾਲੀ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਨਰੇਗਾ ਕਾਮਿਆਂ ਦੇ ਸੂਬਾ ਸਲਾਹਕਾਰ ਕਾਮਰੇਡ ਜਗਰੂਪ ਵੱਲੋਂ ਕੀਤਾ। ਉਹਨਾ ਕਿਹਾ ਕਿ 2005 ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ ਪੀ ਏ ਤੇ ਕਮਿਊਨਿਸਟਾਂ ਦੀ ਭਾਈਵਾਲੀ ਸਰਕਾਰ ਨੇ ਬਣਾਇਆ, ਕਿਉਂਕਿ ਪਿੰਡਾਂ ਵਿੱਚ ਕੰਮ ਘਟ ਗਿਆ ਸੀ, ਖੇਤੀਬਾੜੀ 'ਚ ਮਸ਼ੀਨ ਆਉਣ ਨਾਲ਼ ਪੇਂਡੂ ਕਾਮੇ ਕੰਮ ਤੋਂ ਵੇਹਲੇ ਹੋ ਗਏ ਸਨ, ਇਹਨਾਂ ਕਾਮਿਆਂ ਲਈ ਜੀਵਨ ਨਿਰਬਾਹ ਕਰਨਾ ਬਹੁਤ ਔਖਾ ਹੋ ਗਿਆ ਸੀ, ਇਸ ਲਈ 100 ਦਿਨ ਕੰਮ ਦੀ ਗਾਰੰਟੀ ਵਾਲਾ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ ਬਣਾਇਆ ਗਿਆ, ਜਿਸ ਦੀ ਮੂਲ ਭਾਵਨਾ ਪੇਂਡੂ ਖੇਤਰਾਂ ਦੇ ਕਾਮਿਆਂ ਨੂੰ ਆਰਥਿਕ ਲਾਭ ਪਹੁੰਚਾਉਣਾ ਸੀ, ਪਰ ਇਹਨਾਂ ਬਦਲ-ਬਦਲ ਕਿ ਆ ਰਹੀਆਂ ਸਰਕਾਰਾਂ ਨੇ ਪੇਂਡੂ ਕਾਮਿਆਂ ਲਈ ਬਣੇ ਇਸ ਐਕਟ ਨੂੰ ਪਾਰਦਰਸ਼ੀ ਤਰੀਕੇ ਨਾਲ ਲਾਗੂ ਨਹੀਂ ਕੀਤਾ। ਉਨ੍ਹਾ ਕਿਹਾ ਕਿ ਕਿਰਤੀਆਂ ਨੂੰ ਲਾਰੇ ਹੀ ਲਾਏ, ਇਸ ਐਕਟ ਬਣਿਆ 21 ਸਾਲ ਹੋ ਗਏ ਹਨ, ਕਾਮਿਆਂ ਨੇ ਕੰਮ ਮੰਗਣਾ ਸੀ, 15 ਦਿਨਾਂ ਦੇ ਅੰਦਰ-ਅੰਦਰ ਕੰਮ ਦੇਣਾ ਲਾਜ਼ਮੀ ਸੀ, ਕੰਮ ਨਾ ਦੇਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇਣਾ ਲਾਜ਼ਮੀ ਸੀ, ਪਰ ਸਰਕਾਰ ਨੇ 21 ਸਾਲ ਪੰਜਾਬ ਕਾਮਿਆਂ ਨੂੰ ਕੰਮ ਨਹੀਂ ਦਿੱਤਾ ਤੇ ਨਾ ਹੀ ਬੇਰੁਜ਼ਗਾਰੀ ਭੱਤਾ ਦਿੱਤਾ, ਇਹਨਾਂ ਕਿਰਤੀਆਂ ਨਾਲ਼ ਘੋਰ ਬੇਇਨਸਾਫ਼ੀ ਹੈ, ਇਸ ਬੇਇਨਸਾਫ਼ੀ ਖਿਲਾਫ ਡਟ ਕੇ ਸੰਘਰਸ਼ ਕਰਨਾ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਨੇ ਕਿਹਾ ਕਿ ਕੇਂਦਰ ਦੀ ਮੋਦੀ ਹਕੂਮਤ ਨੇ ਨਰੇਗਾ ਨੂੰ ਬਦਲ ਕੇ ਭਾਵੇਂ ਐਕਟ ਬਣਾਇਆ, ਜਿਸ ਦਾ ਨਾਂਅ ਵੀ ਬੀ ਜੀ ਗ੍ਰਾਮ ਜੀ ਰੱਖ ਦਿੱਤਾ, ਜੋ ਹਾਲੇ ਲਾਗੂ ਨਹੀਂ ਹੋਇਆ, ਕੰਮ ਪ੍ਰਾਪਤੀ ਲਈ ਹੋਰ ਤਿੱਖੇ ਰੂਪ ਲੜਨਾ ਪਵੇਗਾ, ਕਿਉਂਕਿ ਪਹਿਲੇ ਕਾਨੂੰਨ ਨਰੇਗਾ ਵਿੱਚ ਕੇਂਦਰ ਸਰਕਾਰ 90% ਪੈਸੇ ਪਾਉਂਦੀ ਸੀ ,10 % ਸੂਬਾ ਸਰਕਾਰਾਂ, ਪਰ ਹੁਣ 60% ਕੇਂਦਰ ਸਰਕਾਰ 40 % ਸੂਬਾ ਸਰਕਾਰ ਪਾਵੇਗੀ। ਇਸ ਨਾਲ਼ ਕੰਮ ਮਿਲਣ ਦੀਆਂ

• ਬਾਕੀ ਸਫਾ 2 'ਤੇ

## 12ਵੀਂ ਦੇ ਵਿਦਿਆਰਥੀ ਦਾ ਗੋਲੀਆਂ ਮਾਰ ਕੇ ਕਤਲ



**ਅੰਮ੍ਰਿਤਸਰ** : ਜ਼ਿਲ੍ਹੇ ਦੇ ਮਹਿਤਾ ਪੁਲਸ ਥਾਣੇ ਅਧੀਨ ਪੈਂਦੀ ਮਹਿਤਾ ਚੌਕ-ਮਹਿਸਮਪੁਰ ਸੜਕ 'ਤੇ ਬੀਤੀ ਦੇਰ ਰਾਤ ਅਣਪਛਾਤੇ ਹਮਲਾਵਰਾਂ ਨੇ 12ਵੀਂ ਜਮਾਤ ਦੇ ਇੱਕ ਵਿਦਿਆਰਥੀ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਿਲ ਕੰਬਾਊ ਘਟਨਾ ਨੇ ਪੂਰੇ ਇਲਾਕੇ ਵਿੱਚ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਅਤੇ ਪੀੜਤ ਪਰਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਮ੍ਰਿਤਕ ਦੀ ਪਛਾਣ ਅਮਰਜੋਤ ਸਿੰਘ ਵਜੋਂ ਹੋਈ ਹੈ, ਜੋ ਸੁਖਰਾਜ ਸਿੰਘ ਦਾ ਇਕਲੌਤਾ ਪੁੱਤਰ ਸੀ। ਪੁਲਸ ਨੂੰ ਸ਼ੁਰੂਆਤੀ ਤੌਰ 'ਤੇ ਸੜਕ ਹਾਦਸਾ ਹੋਣ ਦੀ ਇਤਲਾਹ ਮਿਲੀ ਸੀ, ਪਰ ਜਦੋਂ ਪੁਲਸ ਟੀਮ ਮੌਕੇ 'ਤੇ ਪਹੁੰਚੀ ਤਾਂ ਹਕੀਕਤ ਕੁਝ ਹੋਰ ਹੀ ਨਿਕਲੀ। ਲਾਸ਼ ਦੀ ਜਾਂਚ ਕਰਨ 'ਤੇ ਉਸ ਉਤੇ ਗੋਲੀਆਂ ਦੇ ਨਿਸ਼ਾਨ ਮਿਲੇ, ਜਿਸ ਤੋਂ ਸਾਫ਼ ਹੋ ਗਿਆ ਕਿ ਇਹ ਕੋਈ ਹਾਦਸਾ ਨਹੀਂ, ਬਲ ਕਿ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਕਤਲ ਸੀ। ਹਮਲਾਵਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਨੇਰੇ ਦਾ ਫਾਇਦਾ ਉਠਾ ਕੇ ਫ਼ਰਾਰ ਹੋਣ ਵਿੱਚ ਕਾਮਯਾਬ ਰਹੇ। ਘਟਨਾ ਦੀ ਗੰਭੀਰਤਾ ਨੂੰ ਦੇਖਦਿਆਂ ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਸੋਹੇਲ ਕਾਸਿਮ ਮੀਰ ਨੇ ਖੁਦ ਮੌਕੇ ਦਾ ਦੌਰਾ ਕੀਤਾ। ਪੁਲਸ ਅਨੁਸਾਰ ਅਮਰਜੋਤ ਦੇ ਸਰੀਰ 'ਤੇ ਦੋ ਗੋਲੀਆਂ ਦੇ ਨਿਸ਼ਾਨ ਪਾਏ ਗਏ ਹਨ। ਐੱਸ ਐੱਸ ਪੀ ਨੇ ਦੱਸਿਆ ਕਿ ਕਤਲ ਦੇ ਪਿੱਛੇ ਦੇ ਅਸਲ ਕਾਰਨ ਅਜੇ ਸਪੱਸ਼ਟ ਨਹੀਂ ਹਨ। ਪੁਲਸ ਹਰ ਪਹਿਲੂ, ਚਾਹੇ ਉਹ ਪੁਰਾਣੀ ਰੰਜਿਸ਼ ਹੋਵੇ ਜਾਂ ਕੋਈ ਹੋਰ ਕਾਰਨ, ਬਾਰੀਕੀ ਨਾਲ ਜਾਂਚ ਕਰ ਰਹੀ ਹੈ।

## ਭਾਜਪਾ ਵਾਰਡਾਂ 'ਚ ਕਰੇਗੀ ਜਨ-ਸੰਪਰਕ ਅਭਿਆਨ ਸ਼ੁਰੂ : ਰਾਕੇਸ਼ ਸ਼ਰਮਾ, ਡਾ. ਹਰਜੋਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਜਪਾ ਮੋਗਾ ਦੀ ਇੱਕ ਜ਼ਰੂਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੋਗਾ ਨਗਰ ਨਿਗਮ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 2027 ਸਬੰਧੀ ਅਹਿਮ ਫੈਸਲੇ ਕੀਤੇ ਗਏ।ਇਸ ਮੀਟਿੰਗ ਵਿੱਚ ਨਗਰ ਨਿਗਮ ਚੋਣਾਂ ਦੇ ਕਨਵੀਨਰ ਰਾਕੇਸ਼ ਸ਼ਰਮਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਮੀਟਿੰਗ ਵਿੱਚ ਜ਼ਿਲ੍ਹਾ ਵਾਈਸ ਪ੍ਰਧਾਨ ਸਰਦੂਲ ਸਿੰਘ ਕੰਗ, ਗੀਤਾ ਆਰੀਆ, ਵਿੱਕੀ ਸਿਤਾਰਾ, ਮਨਜੀਤ ਸਿੰਘ ਰਾਣਾ, ਹਿਤੇਸ਼ ਗੁਪਤਾ, ਰਾਹੁਲ ਗਰਗ, ਦੇਵ ਪ੍ਰਿਯਾ ਤਿਆਗੀ, ਸਤਨਾਮ ਸਿੰਘ ਤੇ ਨਿਰਮਲ ਸਿੰਘ ਮੀਨੀਆਂ ਤੋਂ ਇਲਾਵਾ ਕਿਸਾਨ ਮੋਰਚਾ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਲਖਵੰਤ ਸਿੰਘ ਸਾਫੂਵਾਲਾ, ਜ਼ਿਲ੍ਹਾ ਐੱਸ ਸੀ ਮੋਰਚਾ ਦੇ ਪ੍ਰਧਾਨ ਸਤਿੰਦਰਪ੍ਰੀਤ ਸਿੰਘ, ਜ਼ਿਲ੍ਹਾ ਮਹਿਲਾ ਮੋਰਚਾ ਦੀ ਪ੍ਰਧਾਨ ਕਮਲਜੀਤ ਕੌਰ ਧੱਲੇਕੇ ਤੇ ਜ਼ਿਲ੍ਹਾ ਓਬੀਸੀ ਮੋਰਚੇ ਦੇ ਪ੍ਰਧਾਨ ਸੁਰਿੰਦਰ ਸਿੰਘ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਇਸ ਤੋਂ ਇਲਾਵਾ ਮੋਗਾ ਸ਼ਹਿਰ ਦੇ ਸਰਕਲ ਪ੍ਰਧਾਨਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਆਪਣੇ ਅਧੀਨ ਆਉਂਦੇ ਸਾਰੇ ਵਾਰਡਾਂ ਵਿੱਚ ਤੁਰੰਤ ਜਨ-ਸੰਪਰਕ ਅਭਿਆਨ ਸ਼ੁਰੂ ਕਰਕੇ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਲੋਕ-ਭਲਾਈ ਸਕੀਮਾਂ ਤੇ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਬਾਰੇ ਜਾਗਰੂਕ ਕਰਨ।ਇਨ੍ਹਾਂ ਸਰਕਲਾਂ ਦੀ ਨਿਗਰਾਨੀ ਲਈ ਜ਼ਿਲ੍ਹਾ ਜਰਨਲ ਸਕੱਤਰ ਰਾਜਪਾਲ ਠਾਕੁਰ, ਜ਼ਿਲ੍ਹਾ ਜਰਨਲ ਸਕੱਤਰ ਮੁਖਤਿਆਰ ਸਿੰਘ (ਰਿਟਾਇਰਡ ਐੱਸ.ਪੀ.), ਜ਼ਿਲ੍ਹਾ ਉੱਪ ਪ੍ਰਧਾਨ ਦੇਵ ਪ੍ਰਿਯਾ ਤਿਆਗੀ ਤੇ ਲੀਗਲ ਸੈੱਲ ਕਨਵੀਨਰ ਐਡਵੋਕੇਟ ਨਿਸ਼ਾਂਤ ਕੌਸ਼ਿਕ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਨਗਰ ਨਿਗਮ ਚੋਣਾਂ ਨੂੰ ਹਰ ਪੱਖ ਤੋਂ ਮਜ਼ਬੂਤ ਕਰਨ ਲਈ ਜਗਸੀਰ ਸਿੰਘ ਸਿੱਧੂ, ਖਜ਼ਾਨਚੀ ਅਨਿਲ ਬਾਂਸਲ, ਸੁਖਨੰਦਨ ਗਰਗ, ਮਨਿੰਦਰ ਸਿੰਘ ਜੌੜਾ, ਸੂਰਜ ਭਾਨ ਧਾਲੀਵਾਲ, ਨੀਤੂ ਗੁਪਤਾ, ਲੀਨਾ ਗੋਇਲ, ਰਾਓ ਬਰਿੰਦਰ ਪੱਬੀ, ਸ਼ਿਲਪਾ ਬਾਂਸਲ, ਰਾਜਿੰਦਰ ਗਾਬਾ, ਮਾਲਵਿੰਦਰ ਕੌਰ ਔਲਖ ਤੇ ਪਰਵੀਨ ਰਾਜਪੂਤ ਨੂੰ ਵੀ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਇਸ ਤੋਂ ਇਲਾਵਾ ਜ਼ਿਲ੍ਹਾ ਕਨਵੀਨਰਾਂ ਵਿੱਚ ਦੀਪਕ ਕੌੜਾ, ਹੇਮੰਤ ਸੂਦ, ਲਖਵੀਰ ਸਿੰਘ ਘੱਲ ਕਲਾਂ, ਸੰਜੀਵ ਕੁਮਾਰ ਗੁਪਤਾ ਤੇ ਸੋਨੂੰ ਅਰੋੜਾ ਨੂੰ ਖਾਸ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ।

## ਬਿਜਲੀ ਕਾਮਿਆਂ ਕੌਮਾਂਤਰੀ ਮਜ਼ਦੂਰ ਦਿਹਾੜੇ 'ਤੇ ਲਾਲ ਪਰਚਮ ਲਹਿਰਾਏ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**



ਸਮੂਹ ਬਿਜਲੀ ਮੁਲਾਜ਼ਮਾਂ ਵੱਲੋਂ ਕੌਮਾਂਤਰੀ ਮਜ਼ਦੂਰ ਦਿਵਸ ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਸਮੁੱਚੀਆਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਲਾਲ ਝੰਡਾ ਲਹਿਰਾ ਕੇ ਸਰਧਾਂਜਲੀਆਂ ਭੇਟ ਕੀਤੀਆਂ ਗਈਆਂ।ਇਸ ਮੌਕੇ ਟੈਕਨੀਕਲ ਸਰਵਿਸਿਜ਼ ਯੂਨੀਅਨ ਸਰਕਲ ਬਰਨਾਲਾ ਦੇ ਸਕੱਤਰ ਕੁਲਵੀਰ ਸਿੰਘ ਔਲਖ, ਐੱਮ ਯੂ ਓ ਦੇ ਪ੍ਰਧਾਨ ਨਿਰਮਲ ਸਿੰਘ ਹਰਦਾਸਪੁਰਾ, ਹਰਭਜਨ ਸਿੰਘ ਠੀਕਰੀਵਾਲ, ਹਰਬੰਸ ਸਿੰਘ ਧਨੌਲਾ, ਸਿਕੰਦਰ ਸਿੰਘ ਮਹਿਲ ਖੁਰਦ, ਮਨਦੀਪ ਸਿੰਘ ਗਹਿਲ, ਜਸਵਿੰਦਰ ਸਿੰਘ ਚੰਨਣਵਾਲ, ਸੀ ਐੱਚ ਵੀ ਸਰਕਲ ਆਗੂ ਚਰਨਜੀਤ ਸਿੰਘ ਖਿਆਲੀ, ਨਰਿੰਦਰ ਕੁਮਾਰ ਜਲਾਲਦੀਵਾਲ, ਕੁਲਵਿੰਦਰ ਸਿੰਘ ਸਹਿਜੜਾ, ਬਲਰਾਜ ਸਿੰਘ ਮਹਿਲ ਖੁਰਦ, ਮੁਖਤਿਆਰ ਸਿੰਘ ਠੁੱਲੀਵਾਲ, ਇੰਜ. ਜਗਸੀਰ ਸਿੰਘ ਠੁੱਲੀਵਾਲ ਆਦਿ ਆਗੂਆਂ ਨੇ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਦੇ ਹੋਏ ਕਿਹਾ ਕਿ ਅੱਜ ਸਾਡੇ ਮੁਲਕ ਦੀਆਂ ਸਰਕਾਰਾਂ ਵੀ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਰਾਹੀਂ 39 ਕਿਰਤ ਕਾਨੂੰਨਾਂ ਦਾ ਭੋਗ ਪਾ ਕੇ 4 ਕਿਰਤ ਕੋਡ ਲਾਗੂ ਕਰ ਰਹੀਆਂ ਹਨ।ਕਾਮਿਆਂ ਦੀ ਉਜ਼ਰਤ ਦੀ ਲੁੱਟ ਵੱਧ ਰਹੀ ਏ, ਕਾਮਿਆਂ ਨੂੰ ਨਿਗੂਣੀਆਂ ਤਨਖਾਹਾਂ ਦੇ ਕੇ 12-12 ਘੰਟੇ ਕੰਮ ਕਰਨ ਲਈ ਮਜਬੂਰ ਕੀਤਾ ਰਿਹਾ ਹੈ।ਨੋਇਡਾ, ਫਰੀਦਾਬਾਦ, ਮਨੇਸਰ, ਬਠਿੰਡਾ ਆਦਿ ਥਾਵਾਂ 'ਤੇ ਉੱਠੇ ਸੰਘਰਸ਼ ਦੇ ਲਾਵਿਆਂ ਨੂੰ ਜਬਰ ਨਾਲ ਦਬਾਉਣ ਦੀ ਮਨਸ਼ਾ ਪਾਲਦਿਆਂ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ।ਇਸੇ ਹੀ ਤਰ੍ਹਾਂ ਪਾਵਰਕਾਮ 'ਚ ਦਹਾਕਿਆਂ ਬੱਧੀ ਸਮੇਂ ਤੋਂ ਸੀ ਐੱਚ ਵੀ ਕਾਮੇ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ।ਉਹ ਅਨੇਕਾਂ ਵਾਰ ਆਪਣੇ ਪੱਕੇ ਰੁਜ਼ਗਾਰ ਦੀ ਮੰਗ ਲਈ ਹੜਤਾਲਾਂ ਕਰ ਚੁੱਕੇ ਹਨ।ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਇਨ੍ਹਾਂ ਕਾਮਿਆਂ ਦੇ ਸੰਘਰਸ਼ ਪ੍ਰਤੀ ਟਾਲਮਟੋਲ ਦੀ ਨੀਤੀ ਅਪਣਾ ਰਹੇ ਹਨ।ਇਨ੍ਹਾਂ ਕੱਚੇ ਕਾਮਿਆਂ ਨੂੰ ਤੁਰੰਤ ਪੱਕਾ ਕੀਤਾ ਜਾਵੇ, ਹਜ਼ਾਰਾਂ ਹੀ ਖਾਲੀ ਅਸਾਮੀਆਂ ਉਪਰ ਤੁਰੰਤ ਪੱਕੀ ਭਰਤੀ ਕੀਤੀ ਜਾਵੇ, ਇੱਕ ਮਤੇ ਰਾਹੀਂ ਸੀ ਐੱਚ ਵੀ ਕਾਮਿਆਂ ਦੇ ਹੱਕੀ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਨ ਦਾ ਐਲਾਨ ਕਰਦਿਆਂ, ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ।ਸਬ ਡਵੀਜ਼ਨ ਮਹਿਲ ਕਲਾਂ ਤੇ ਠੁੱਲੀਵਾਲ ਦੇ ਸਮੂਹ ਬਿਜਲੀ ਕਾਮੇ ਇਸ ਸਮੇਂ ਹਾਜ਼ਰ ਸਨ।

## ਕੌਹਰੀਆਂ 'ਚ 'ਵਾਰਿਸ ਪੰਜਾਬ ਦੇ' ਦੀ ਪਲੇਠੀ ਮੀਟਿੰਗ ਨੌਜਵਾਨਾਂ ਦੇ ਜੋਸ਼ ਨਾਲ ਮਿੰਨੀ ਰੈਲੀ 'ਚ ਬਦਲੀ

### 2027 'ਚ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਬਣਾਉਣ ਦਾ ਸੱਦਾ



**ਦਿੜ੍ਹਬਾ (ਜਸਵੀਰ ਲਾਡੀ)**

ਪਿੰਡ ਕੌਹਰੀਆਂ ਦੇ ਮੰਦਰ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਵਿਸ਼ੇਸ਼ ਮੀਟਿੰਗ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਕਾਹਨਗੜ੍ਹ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪਿੰਡ ਕੌਹਰੀਆਂ ਦੇ ਭਰਵੀਂ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਮੀਟਿੰਗ ਵਿੱਚ ਦੀਪ ਸਿੱਧੂ ਦੇ ਭਰਾ ਤੇ ਪਾਰਟੀ ਦੇ ਕੌਮੀ ਸਕੱਤਰ ਜਨਰਲ ਮਨਦੀਪ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਵਾਰਿਸ ਪੰਜਾਬ ਦੇ ਕੌਮੀ ਸਕੱਤਰ ਜਨਰਲ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਪਿੰਡ ਕੌਹਰੀਆਂ ਵਿੱਚ ਪਾਰਟੀ ਦੀ ਇਸ ਪਲੇਠੀ ਮੀਟਿੰਗ ਵਿੱਚ ਪਿੰਡ ਵਾਸੀਆਂ ਦੀ ਭਰਵੀਂ ਗਿਣਤੀ ਨੇ ਮੀਟਿੰਗ ਨੂੰ ਜੋਸ਼ੀਲਾ ਬਣਾ ਦਿੱਤਾ।ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸਰਕਾਰ ਬਣਾਈ ਜਾਵੇਗੀ, ਜਿਸ ਦੇ ਮੁੱਖ ਮੰਤਰੀ ਭਾਈ ਅੰਮ੍ਰਿਤਪਾਲ ਸਿੰਘ ਹੋਣਗੇ।ਉਨ੍ਹਾਂ ਇਸ ਮੌਕੇ ਲੋਕਾਂ ਨੂੰ ਵਾਰਸ ਪੰਜਾਬ ਦੇ ਨਾਲ ਜੁੜਨ ਤੇ ਇਸ ਮਹਾਨ ਮਿਸ਼ਨ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ।ਉਨ੍ਹਾਂ ਭਾਸ਼ਣ ਵਿੱਚ ਸ਼ਹੀਦ ਦੀਪ ਸਿੱਧੂ ਦੀ ਯਾਦ ਨੂੰ ਵੀ ਤਾਜ਼ਾ ਕੀਤਾ ਤੇ ਕਿਹਾ ਕਿ ਉਸ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਾਰਸ ਪੰਜਾਬ ਲਗਾਤਾਰ ਸੰਘਰਸ਼ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਾਰੀਆਂ ਪਾਰਟੀਆਂ ਦੀ ਸਰਕਾਰਾਂ ਨੂੰ ਬਣਾ ਕੇ ਦੇਖ ਲਿਆ, ਪ੍ਰੰਤੂ ਸਾਰਿਆਂ ਨੇ ਹੀ ਪੰਜਾਬ ਨੂੰ ਬਰਬਾਦੀ ਦੀਆਂ ਬਰੂਹਾਂ 'ਤੇ ਖੜਾ ਕਰ ਦਿੱਤਾ ਹੈ, ਜਿਸ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੱਡਾ ਬਦਲਾਅ ਆਉਣ ਵਾਲਾ ਹੈ ਤੇ ਪੰਜਾਬੀਆਂ ਵਿੱਚ ਇੱਕ ਨਵੀਂ ਉਮੀਦ ਤੇ ਜਜ਼ਬੇ ਦੀ ਲਹਿਰ ਉਠਦੀ ਨਜ਼ਰ ਆ ਰਹੀ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੇ ਦੀਪ ਸਿੱਧੂ ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਸੋਚ 'ਤੇ ਚੱਲਦੇ ਹਨ, ਉਹ ਆਪ ਮੁਹਾਰੇ ਸਾਡੇ ਨਾਲ ਜੁੜ ਰਹੇ ਹਨ ਤੇ ਇੱਕ ਲਹਿਰ ਚੱਲ ਰਹੀ ਹੈ। ਜਿਹੜੇ ਵੀ ਪੰਥਕ ਧਿਰਾਂ ਪੰਜਾਬ ਵਿੱਚ ਵਿਚਰ ਰਹੀਆਂ ਹਨ, ਉਹ ਸਾਰੀਆਂ ਇੱਕ ਪਲੇਟਫਾਰਮਤੇ ਇਕੱਠੇ ਹੋ ਕੇ 2027 ਦੀਆਂ ਚੋਣਾਂ ਵਿੱਚ ਨਵਾਂ ਰੂਪ ਰੇਖਾ ਤਿਆਰ ਕੀਤੀ ਜਾਵੇਗੀ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਭਾਈ ਲਖਬੀਰ ਸਿੰਘ, ਭਾਈ ਕੁਲਦੀਪ ਸਿੰਘ ਛਾਜਲੀ, ਮਨਜੀਤ ਸਿੰਘ ਸੁਨਾਮ, ਬਾਬਾ ਘੁਮੰਡ ਸਿੰਘ ਖਾਲਸਾ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਲੋਕਾਂ ਨੂੰ 2027 ਦੀਆਂ ਚੋਣਾਂ ਵਿੱਚ ਵਾਰਿਸ ਪੰਜਾਬ ਦੇ ਦੀ ਸਰਕਾਰ ਬਣਾਉਣ ਲਈ ਵਹੀਰਾਂ ਘੱਤ ਕੇ ਵਾਰਿਸ ਪੰਜਾਬ ਦੇ ਨਾਲ ਜੁੜਨ ਦਾ ਸੱਦਾ ਦਿੱਤਾ।

## ਭਗਵਾਨ ਵਾਲਮੀਕਿ ਚੌਂਕ ਦੀ ਉਸਾਰੀ ਲਈ ਵਿਧਾਇਕਾ ਨੂੰ ਸੌਂਪਿਆ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਵਾਲਮੀਕਿ ਧਰਮ ਸਮਾਜ ਸੰਗਠਨ ਦੀ ਇੱਕ ਵਿਸ਼ੇਸ਼ ਮੀਟਿੰਗ ਨਗਰ ਨਿਗਮ ਮੀਟਿੰਗ ਹਾਲ ਵਿੱਚ ਹੋਈ।ਇਸ ਮੀਟਿੰਗ ਦੌਰਾਨ ਮੋਗਾ ਦੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਭਾਵਦਾਸ ਦੇ ਰਾਸ਼ਟਰੀ ਪ੍ਰਧਾਨ ਹਰਬੰਸ ਸਾਗਰ, ਪੰਜਾਬ ਦੇ ਉਪ-ਪ੍ਰਧਾਨ ਰਾਹੁਲ ਉਜਿੰਨਵਾਲ, ਜ਼ਿਲ੍ਹਾ ਪ੍ਰਧਾਨ ਸੂਰਜ ਜਾਦੂ, ਸੀਨੀਅਰ ਉਪ ਪ੍ਰਧਾਨ ਸਾਜਨ ਚਨਵਰੀਆ ਤੇ 'ਕ੍ਰਾਂਤੀਕਾਰੀ ਲੋਕ ਚੇਤਨਾ ਮੰਚ' ਦੇ ਜ਼ਿਲ੍ਹਾ ਪ੍ਰਧਾਨ ਵਿਸ਼ਾਲ ਰਾਜਪੂਤ ਨੇ ਪੰਜਾਬ ਸਰਕਾਰ ਤੋਂ ਇਹ ਮੰਗ ਕੀਤੀ ਕਿ ਮੋਗਾ ਸ਼ਹਿਰ ਵਿੱਚ ਵਾਲਮੀਕ ਚੌਕ ਸਥਾਪਤ ਕੀਤਾ ਜਾਵੇ, ਜਿਸ ਸਬੰਧੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੂੰ ਵਾਂਗ ਪੱਤਰ ਵੀ ਸੌਂਪਿਆ ਗਿਆ।ਉਨ੍ਹਾਂ ਸਮੁੱਚੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਉਹ ਜਲਦ ਹੀ ਭਗਵਾਨ ਵਾਲਮੀਕ ਜੀ ਦੀ ਯਾਦ ਨੂੰ ਸਮਰਪਤ ਚੌਕ ਸਥਾਪਤ ਕਰਨ ਲਈ ਚਾਰਾਜੋਈ ਕਰਨਗੇ।ਇਸ ਮੌਕੇ ਭਾਵਦਾਸ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਸੂਰਜ ਜਾਦੂ ਨੇ ਕਿਹਾ ਕਿ ਭਾਈਚਾਰੇ ਦੀ ਇਹ ਮੰਗ ਕਈ ਸਾਲਾਂ ਤੋਂ ਚੱਲ ਰਹੀ ਹੈ।ਹਾਲਾਂਕਿ, ਕਿਸੇ ਵੀ ਪਿਛਲੀ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ।ਸਿੱਟੇ ਵਜੋਂ ਉਹ ਪੰਜਾਬ ਸਰਕਾਰ ਤੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੂੰ ਲਗਾਤਾਰ ਅਪੀਲ ਕਰ ਰਹੇ ਹਨ ਕਿ ਵਾਲਮੀਕਿ ਭਾਈਚਾਰੇ ਦੀ ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਜਲਦ ਪੂਰਾ ਕੀਤਾ ਜਾਵੇਗਾ।

## ਸੈਂਟ ਮੈਰਿਜ ਹਾਈ ਸਕੂਲ ਦੀਆਂ ਵਾਲੀਬਾਲ ਟੀਮਾਂ ਦਾ ਸ਼ਾਨਦਾਰ ਪ੍ਰਦਰਸ਼ਨ



**ਮੱਖੂ (ਰਛਪਾਲ ਸਿੰਘ ਸੰਧੂ)**-ਸੇਂਟ ਮੈਰਿਜ ਹਾਈ ਸਕੂਲ ਤੇ ਐਂਬਰੋਜ਼ਿਅਲ ਪਬਲਿਕ ਸਕੂਲ ਜ਼ੀਰਾ ਵਿਚਕਾਰ ਜ਼ੋਨ ਲੈਵਲ 'ਤੇ ਹੋਏ ਵਾਲੀਬਾਲ ਮੈਚ 'ਚ ਸੈਂਟ ਮੈਰਿਜ ਹਾਈ ਸਕੂਲ ਦੀਆਂ ਵਾਲੀਵਾਲ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅੰਡਰ 17 'ਚ ਪਹਿਲਾਂ ਤੇ ਅੰਡਰ-14 ਵਿੱਚ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਜਿੱਤ ਨਾਲ ਸਕੂਲ ਸਟਾਫ਼ ਤੇ ਵਿਦਿਆਰਥੀਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸਕੂਲ ਸਟਾਫ ਨੇ ਕਿਹਾ ਕਿ ਸੇਂਟ ਮੇਰੀ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਜਿੱਥੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਵਧੀਆਂ ਸੇਵਾਵਾਂ ਦਿੱਤੀਆਂ ਜਾ ਹਨ, ਉੱਥੇ ਸਕੂਲ ਦੇ ਵਿਦਿਆਰਥੀ ਖੇਡਾਂ ਵਿੱਚ ਵੀ ਵੱਡੀਆਂ ਮੱਲਾਂ ਮਾਰ ਰਹੇ ਹਨ।ਸੈਂਟ ਮੈਰੀਜ ਹਾਈ ਸਕੂਲ ਦੇ ਖਿਡਾਰੀਆਂ ਨੇ ਮੈਚ ਦੌਰਾਨ ਉੱਚ ਕੋਟੀ ਦੀ ਟੀਮ ਵਰਕ ਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ, ਕੋਚ ਨੇ ਖਿਡਾਰੀਆਂ ਦੇ ਜਜਬੇ ਲਗਨ ਅਤੇ ਮਿਹਨਤ ਨੂੰ ਵੇਖਦੇ ਹੋਏ ਕਿਹਾ ਕਿ ਭਵਿੱਖ ਵਿੱਚ ਇਹ ਬੱਚੇ ਹੋਰ ਵੀ ਵਧੀਆਂ ਪ੍ਰਦਰਸ਼ਨ ਕਰਨਗੇ।

## ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀਆਂ ਦਾ ਸਨਮਾਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਦੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ।ਉਨ੍ਹਾਂ ਸਾਰੇ ਹੋਣਹਾਰ ਵਿਦਿਆਰਥੀਆਂ ਨੂੰ ਟਰਾਫੀਆਂ ਭੇਟ ਕੀਤੀਆਂ ਗਈਆਂ, ਜਿਨ੍ਹਾਂ ਨੇ ਆਪਣੀ ਮਿਹਨਤ, ਲਗਨ ਤੇ ਵਚਨਬੱਧਤਾ ਨਾਲ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਸਕੂਲ ਦੇ ਪ੍ਰਧਾਨ, ਗਗਨ ਬਾਂਸਲ, ਜਨਰਲ ਸਕੱਤਰ, ਸ਼੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲੇ ਇਸ ਸਮੇਂ ਮੌਜੂਦ ਸਨ।ਉਨ੍ਹਾਂ ਵਿਦਿਆਰਥੀਆਂ ਨੂੰ ਟਰਾਫੀਆਂ ਨਾਲ ਸਨਮਾਨਤ ਕੀਤਾ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਉਨ੍ਹਾਂ ਵਿਦਿਆਰਥੀਆਂ ਦੀ ਸਫ਼ਲਤਾ ਦਾ ਸਿਹਰਾ ਉਨ੍ਹਾਂ ਦੀ ਸਖ਼ਤ ਮਿਹਨਤ, ਉਨ੍ਹਾਂ ਦੇ ਅਧਿਆਪਕਾਂ ਦੇ ਮਾਰਗਦਰਸ਼ਨ ਅਤੇ ਉਨ੍ਹਾਂ ਦੇ ਮਾਪਿਆਂ ਦੇ ਸਮਰਥਨ ਨੂੰ ਵੀ ਦਿੱਤਾ।ਪ੍ਰੇਰਨਾਦਾਇਕ ਭਾਸ਼ਣ ਵਿੱਚ ਸਕੂਲ ਪ੍ਰਬੰਧਨ ਨੇ ਕਿਹਾ ਕਿ ਅਜਿਹੇ ਹੋਣਹਾਰ ਵਿਦਿਆਰਥੀ ਨਾ ਸਿਰਫ਼ ਸਕੂਲ ਦਾ ਨਾਂਅ ਰੌਸ਼ਨ ਕਰਦੇ ਹਨ ਬਲਕਿ ਦੂਜੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਵੀ ਬਣਦੇ ਹਨ।ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਟੀਚੇ ਨਿਰਧਾਰਤ ਕਰਨ ਤੇ ਅਣਥੱਕ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ।

## ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਮੀਟਿੰਗ 'ਚ ਪ੍ਰੇਸ਼ਾਨੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਬਲਾਕ ਜ਼ੀਰਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਆਤਮਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਸਕੱਤਰ ਸੰਤੋਖ ਸਿੰਘ ਤੇ ਜ਼ਿਲ੍ਹਾ ਸਹਾਇਕ ਸਟੇਜ ਸਕੱਤਰ ਧਰਮਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਵਿੱਚ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਉਨ੍ਹਾਂ ਸਮੱਸਿਆਵਾਂ ਨੂੰ ਸੁਲਝਾਇਆ ਗਿਆ।ਮੀਟਿੰਗ ਵਿੱਚ ਪ੍ਰਧਾਨ ਆਤਮਾ ਸਿੰਘ ਤੇ ਜ਼ਿਲ੍ਹਾ ਜਨਰਲ ਸਕੱਤਰ ਸੰਤੋਖ ਸਿੰਘ ਨੇ ਮਈ ਦਿਵਸ ਦੇ ਸ਼ਹੀਦਾਂ ਦੀ ਸ਼ਹਾਦਤ ਨੂੰ ਪ੍ਰਨਾਮ ਕਰਦਿਆਂ ਕਿਹਾ ਕਿ ਸ਼ਹੀਦਾਂ ਨੇ ਸਾਮਰਾਜੀ ਤਾਕਤਾਂ ਦੇ ਖਿਲਾਫ਼ ਲੜਦਿਆਂ ਆਪਣੇ ਹੱਕਾਂ ਲਈ ਕੁਰਬਾਨੀ ਦੇ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੰਮ ਕਰਨ ਦਾ ਸਮਾਂ ਮੁਕੱਰਰ ਕਰਾ ਕੇ ਹੱਕ ਲੈ ਕੇ ਦਿੱਤੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਆਗੂਆਂ ਗੁਰਦਿੱਤ ਸਿੰਘ, ਜਰਨੈਲ ਸਿੰਘ, ਸੁਰਜੀਤ ਸਿੰਘ ਤੇ ਜਸਵਿੰਦਰ ਸਿੰਘ ਸੁੱਖੇਵਾਲਾ ਆਦਿ ਨੇ ਕਿਹਾ ਕਿ ਜੋ ਪਿਛਲੇ ਦਿਨੀਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸੰਗਰੂਰ ਵਿਖੇ ਜੋ ਸੰਕੇਤਕ ਰੈਲੀ ਕੱਢੀ ਗਈ ਸੀ, ਜਿਸ ਤੋਂ ਬਾਅਦ ਕੇ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਕਿ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਹੈਲਥ ਪ੍ਰੋਵਾਈਡਰ ਵਜੋਂ ਮਾਨਤਾ ਦੇ ਕੇ ਕੰਮ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ।ਸੋ ਜੇਕਰ ਫਿਰ ਵੀ ਵਾਧਾ ਪੂਰਾ ਨਾ ਕੀਤਾ ਗਿਆ ਤਾਂ ਇਸ ਤੋਂ ਵੀ ਵੱਡੇ ਪੱਧਰ ਦੀ ਰੈਲੀ ਚੰਡੀਗੜ੍ਹ ਵਿਖੇ ਕੱਢੀ ਜਾਵੇਗੀ।ਸੰਗਰੂਰ ਰੈਲੀ ਦੀ ਸਫ਼ਲਤਾ ਲਈ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।ਮੀਟਿੰਗ ਵਿੱਚ ਜੋਤ ਹਸਪਤਾਲ ਜ਼ੀਰਾ ਦੇ ਓਨਰ ਅਮਿਤ ਸ਼ਰਮਾ, ਡਾਕਟਰ ਗਗਨਦੀਪ ਸਿੰਘ, ਡਾਕਟਰ ਬੁਸ਼ਰਾ ਭੱਟ, ਡਾਕਟਰ ਹਰਲੀਨ ਕੌਰ ਤੇ ਉਨ੍ਹਾਂ ਦੀ ਟੀਮ ਨੇ ਵੀ ਸ਼ਮੂਲੀਅਤ ਕੀਤੀ।ਉਨ੍ਹਾਂ ਆਪਣੇ ਹਸਪਤਾਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

## ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਤ ਧਾਰਮਿਕ ਸਮਾਗਮ ਭਲਕੇ

**ਸਮਾਣਾ (ਇਕਬਾਲ ਸਿੰਘ ਬੱਲ)**-ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 303ਵੇਂ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਾਲ ਧਾਰਮਿਕ ਸਮਾਗਮ ਧਰਮਸ਼ਾਲਾ ਰਾਮਗੜ੍ਹੀਆ ਸਭਾ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਸਮੂਹ ਇਲਾਕਾ ਅਤੇ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਰਾਮਗੜ੍ਹੀਆ ਸਭਾ ਦੇ ਪ੍ਰਧਾਨ ਠੇਕੇਦਾਰ ਅੰਗਰੇਜ਼ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਧਾਰਮਿਕ ਸਮਾਗਮ 5 ਮਈ ਨੂੰ ਹੋਵੇਗਾ। ਪਾਠ ਸ਼੍ਰੀ ਸੁਖਮਨੀ ਸਾਹਿਬ ਸਵੇਰੇ 9:00 ਵਜੇ ਤੋਂ 10:00 ਵਜੇ ਤੱਕ ਹੋਵੇਗਾ। ਉਪਰੰਤ ਕੀਰਤਨ ਦਰਬਾਰ ਸਵੇਰੇ 10:00 ਵਜੇ ਤੋਂ ਦੁਪਹਿਰ 12:30 ਵਜੇ ਤੱਕ ਹੋਵੇਗਾ। ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਬਾਬਾ ਰਣਜੋਧ ਸਿੰਘ ਖ਼ਾਲਸਾ (ਫਤਿਹਪੁਰ ਵਾਲੇ) ਵਿਸ਼ੇਸ਼ ਤੌਰ 'ਤੇ ਸੰਗਤਾਂ ਨੂੰ ਕਥਾ-ਕੀਰਤਨ ਰਾਹੀਂ ਨਿਹਾਲ ਕਰਨਗੇ। ਸਮਾਗਮ ਵਿੱਚ ਪੰਜਾਬ ਸਰਕਾਰ ਦੇ ਸਾਬਕਾ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਉਨ੍ਹਾਂ ਤੋਂ ਇਲਾਵਾ ਹਰਲੀਨਪਾਲ ਸਿੰਘ (ਸਿਵਲ ਜੱਜ) ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਭਰਨਗੇ।ਸਮਾਗਮ ਦੀ ਸਰਪ੍ਰਸਤੀ ਜਸਵੀਰ ਸਿੰਘ (ਸਾਬਕਾ ਬੀ.ਪੀ.ਈ.ਓ), ਹਰਬੰਸ ਸਿੰਘ ਨਾਗੀ, ਪੂਰਨ ਸਿੰਘ, ਦਰਸ਼ਨ ਸਿੰਘ ਆਰੇ ਵਾਲੇ ਤੇ ਬਲਕਾਰ ਸਿੰਘ ਘਿਓਰਾ ਵੱਲੋਂ ਕੀਤੀ ਜਾ ਰਹੀ ਹੈ।ਸਮਾਗਮ ਦੇ ਪ੍ਰਬੰਧਕ ਅੰਗਰੇਜ਼ ਸਿੰਘ ਠੇਕੇਦਾਰ ਪ੍ਰਧਾਨ ਰਾਮਗੜ੍ਹੀਆ ਸਭਾ ਤੇ ਬਲਬੀਰ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਰਾਮਗੜ੍ਹੀਆ ਸਮਾਣਾ ਸਮੇਤ ਸਮੂਹ ਪ੍ਰਬੰਧਕੀ ਕਮੇਟੀ ਨੇ ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਇਸ ਧਾਰਮਿਕ ਸਮਾਗਮ ਵਿੱਚ ਪਰਵਾਰਾਂ ਸਮੇਤ ਸਮੇਂ ਸਿਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ।ਸਮਾਗਮ ਦੀ ਸਮਾਪਤੀ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਸ਼ਹੀਦ ਭਗਤ ਸਿੰਘ ਨਰਸਿੰਗ ਕਾਲਜ ਵਿਖੇ ਮਿਹਨਤਕਸ਼ਾਂ ਦਾ ਵਿਸ਼ੇਸ਼ ਸਨਮਾਨ

### ਮਜ਼ਦੂਰ ਦੇਸ਼ ਦੀ ਰੀੜ੍ਹ ਦੀ ਹੱਡੀ : ਧਰਮ ਪਾਲ ਬਾਂਸਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਫਿਰੋਜ਼ਪੁਰ ਵਿਖੇ 'ਕੌਮਾਂਤਰੀ ਮਜ਼ਦੂਰ ਦਿਵਸ' ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਮੁੱਖ ਮਕਸਦ ਸਮਾਜ ਦੇ ਵਿਕਾਸ ਵਿਚ ਮਜ਼ਦੂਰ ਵਰਗ ਵੱਲੋਂ ਪਾਏ ਜਾਂਦੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕਰਨਾ ਤੇ ਉਨ੍ਹਾਂ ਦੀ ਮਹੱਤਤਾ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣਾ ਸੀ। ਭਗਤੀ ਭਜਨ ਗਰੁੱਪ ਤੇ ਕਾਲਜ ਦੇ ਸੰਸਥਾਪਕ ਧਰਮ ਪਾਲ ਬਾਂਸਲ ਨੇ ਸਾਰੇ ਮਜ਼ਦੂਰਾਂ ਨੂੰ ਇਸ ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਜ਼ਦੂਰ ਕਿਸੇ ਵੀ ਦੇਸ਼ ਦੀ ਉੱਨਤੀ ਲਈ ਰੀੜ੍ਹ ਦੀ ਹੱਡੀ ਹੁੰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਕਿਰਤ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਮਜ਼ਦੂਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਮਜ਼ਦੂਰਾਂ ਦੇ ਸੰਘਰਸ਼ ਤੇ ਜੀਵਨ 'ਤੇ ਅਧਾਰਤ ਭਾਸ਼ਣ, ਜੋਸ਼ੀਲੀਆਂ ਕਵਿਤਾਵਾਂ ਤੇ ਪ੍ਰਭਾਵਸ਼ਾਲੀ ਨਾਟਕ ਪੇਸ਼ ਕੀਤੇ ਗਏ। ਕਾਲਜ ਪ੍ਰਬੰਧਕਾਂ ਵੱਲੋਂ ਸਹਾਇਕ ਕਰਮਚਾਰੀਆਂ ਤੇ ਮਜ਼ਦੂਰਾਂ ਨੂੰ ਉਨ੍ਹਾਂ ਦੀਆਂ ਨਿਸ਼ਕਾਮ ਸੇਵਾਵਾਂ ਬਦਲੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਵਿਦਿਆਰਥੀਆਂ ਨੇ ਮਜ਼ਦੂਰਾਂ ਨਾਲ ਮਿਲ ਕੇ ਕਾਲਜ ਕੈਂਪਸ ਦੀ ਸਫ਼ਾਈ ਕੀਤੀ ਤੇ ਸਮਾਜ ਨੂੰ 'ਕਿਰਤ ਦੀ ਇੱਜ਼ਤ' ਕਰਨ ਦਾ ਅਹਿਮ ਸੰਦੇਸ਼ ਦਿੱਤਾ। ਸਮਾਗਮ ਦੇ ਅਖੀਰ ਵਿੱਚ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਮਜ਼ਦੂਰ ਵਰਗ ਦੇ ਸਨਮਾਨ ਤੇ ਸਮਾਜਿਕ ਬਰਾਬਰੀ ਲਈ ਮਿਲ ਕੇ ਕੰਮ ਕਰਨ ਦਾ ਪ੍ਰਣ ਲਿਆ।

ਇਸ ਮੌਕੇ ਸੋਨੂੰ, ਅਨਿਲ ਕੁਮਾਰ, ਅਮਰਜੀਤ ਕੌਰ, ਰਾਜਵਿੰਦਰ ਕੌਰ, ਦੀਪੂ, ਕਿਰਨਾ, ਪਰਵੀਨ, ਮਨਜਿੰਦਰ, ਵਿਪਨ ਕੁਮਾਰ, ਅਜੇ, ਬਿਲੂ, ਹੰਸਰਾਜ, ਸੁਰਜੀਤ, ਮੇਜਰ ਸਿੰਘ, ਕਰਨ, ਸੰਦੀਪ ਸਿੰਘ ਤੇ ਸੁੱਖਾ ਸਮੇਤ ਵੱਡੀ ਗਿਣਤੀ ਵਿੱਚ ਮਜ਼ਦੂਰ ਤੇ ਕਰਮਚਾਰੀ ਹਾਜ਼ਰ ਸਨ।

## ਫਰੀਦਕੋਟ 'ਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਜਾਂਚ ਲਈ ਮੁਹਿੰਮ ਤੇਜ਼ : ਅਰਸ਼ ਸੱਚਰ

### ਮੁੱਖ ਮੰਤਰੀ ਦੀ ਪਾਰਦਰਸ਼ੀ ਤੇ ਲੋਕ-ਪੱਖੀ ਸੋਚ ਅਨੁਸਾਰ ਪ੍ਰਸ਼ਾਸਨ ਵੱਲੋਂ ਕਾਰਵਾਈ ਸ਼ੁਰੂ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪ੍ਰਮੁੱਖ ਸਮਾਜ ਸੇਵੀ ਅਰਸ਼ ਸੱਚਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬਾ ਵਾਸੀਆਂ ਦੀ ਸਿਹਤ ਤੇ ਜਵਾਬਦੇਹ ਪ੍ਰਸ਼ਾਸਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਸੇ ਵਚਨਬੱਧਤਾ ਤਹਿਤ ਫਰੀਦਕੋਟ ਜ਼ਿਲ੍ਹੇ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ, ਖਾਸ ਕਰਕੇ ਯੂਰੇਨੀਅਮ ਤੇ ਹੋਰ ਖ਼ਤਰਨਾਕ ਹੈਵੀ ਮੈਟਲਜ਼ ਦੇ ਮਾਮਲੇ ਨੂੰ ਗੰਭੀਰਤਾ ਨਾਲ ਉਠਾਉਂਦਿਆਂ ਵਿਗਿਆਨਕ ਜਾਂਚ ਦੀ ਮੁਹਿੰਮ ਤੇਜ਼ ਕਰ ਦਿੱਤੀ ਹੈ।ਅਰਸ਼ ਸੱਚਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਾਣੀ ਦੀ ਗੁਣਵੱਤਾ ਸਬੰਧੀ ਪੰਜਾਬ ਗ੍ਰੀਵੈਂਸ ਪੋਰਟਲ ਤੇ ਕੇਂਦਰੀ ਸੀਪੀਗਰਾਮਜ਼ (CPGRAMS) 'ਤੇ ਸ਼ਿਕਾਇਤ ਦਰਜ ਕਰਵਾਈ ਗਈ ਸੀ।ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਮੀਟਿੰਗ ਬੁਲਾ ਕੇ ਮਾਮਲੇ ਦੀ ਸੁਣਵਾਈ ਕੀਤੀ।ਮੀਟਿੰਗ ਕਾਰਵਾਈ ਪੱਤਰ (ਨੰਬਰ 3892-97 ਮਿਤੀ 29-04-2026) ਅਨੁਸਾਰ ਪ੍ਰਸ਼ਾਸਨ ਨੇ ਪਾਣੀ ਦੀ ਰੈਗੂਲਰ ਟੈਸਟਿੰਗ ਤੇ ਮੋਨੀਟਰਿੰਗ ਕਰਵਾਉਣ ਲਈ ਸਹਿਮਤੀ ਦੇ ਦਿੱਤੀ ਹੈ।ਉਨ੍ਹਾਂ ਮੰਗ ਕੀਤੀ ਕਿ ਫਰੀਦਕੋਟ ਸ਼ਹਿਰ ਦੇ ਨਾਲ-ਨਾਲ ਸਰਕਾਰੀ ਸੰਸਥਾਵਾਂ, ਹਸਪਤਾਲਾਂ, ਸਕੂਲਾਂ, ਵਾਟਰ ਵਰਕਸ ਤੇ ਪਿੰਡਾਂ ਵਿੱਚ ਪਾਣੀ ਦੇ ਸੈਂਪਲ ਪੂਰੀ ਤਰ੍ਹਾਂ ਵਿਗਿਆਨਕ ਵਿਧੀ ਨਾਲ ਲਏ ਜਾਣ।ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮੁਹਿੰਮ ਕਿਸੇ ਟਕਰਾਅ ਲਈ ਨਹੀਂ, ਸਗੋਂ ਸਰਕਾਰ ਨੂੰ ਸਹੀ ਜ਼ਮੀਨੀ ਫੀਡਬੈਕ ਦੇ ਕੇ ਲੋਕਾਂ ਦੀ ਸਿਹਤ ਦੀ ਰੱਖਿਆ ਕਰਨ ਲਈ ਹੈ।ਉਨ੍ਹਾਂ ਉਮੀਦ ਜਤਾਈ ਕਿ ਸਰਕਾਰ ਦੀ 'ਜ਼ੀਰੋ ਟਾਲਰੈਂਸ' ਨੀਤੀ ਤਹਿਤ ਇਸ ਮਾਮਲੇ ਦਾ ਸਮੇਂ-ਬੱਧ ਨਿਪਟਾਰਾ ਕੀਤਾ ਜਾਵੇਗਾ।

## ਸਫਾ 1 ਦੇ ਬਾਕੀ...

### ਬ੍ਰਿਜ ਭੂਸ਼ਣ ਦੇ ਜਿਨਸੀ ...

ਹੈ। ਵਿਨੇਸ਼ ਫੋਗਾਟ ਉਲੰਪਿਕ ਤਮਗਾ ਜੇਤੂ ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਦੇ ਨਾਲ ਬ੍ਰਿਜ ਭੂਸ਼ਣ ਖਿਲਾਫ ਪ੍ਰੋਟੈਸਟ ਵਿੱਚ ਸ਼ਾਮਲ ਸੀ। ਫੋਗਾਟ ਨੇ ਕਿਹਾ ਕਿ ਗੋਂਡਾ ਵਿੱਚ ਮੁਕਾਬਲਾ ਨਿਰਪੱਖ ਢੰਗ ਨਾਲ ਕਰਵਾਇਆ ਜਾਵੇ ਅਤੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਕਿ ਤੋਲਣ ਦੀ ਪ੍ਰਕਿਰਿਆ ਅਤੇ ਮੁਕਾਬਲੇ ਨਾਲ ਸਮਝੌਤਾ ਕੀਤਾ ਜਾਵੇਗਾ। ਫੋਗਾਟ ਨੇ ਕਿਹਾ, 'ਇੱਕ ਮਹੀਨਾ ਪਹਿਲਾਂ ਕੁਸ਼ਤੀ ਫੈਡਰੇਸ਼ਨ ਆਫ ਇੰਡੀਆ ਨੇ ਰੈਂਕਿੰਗ ਟੂਰਨਾਮੈਂਟ ਗੋਂਡਾ ਵਿੱਚ ਕਰਾਉਣ ਦਾ ਐਲਾਨ ਕੀਤਾ, ਜਿੱਥੇ ਬ੍ਰਿਜ ਭੂਸ਼ਣ ਦਾ ਘਰ ਹੈ ਅਤੇ ਉਸ ਦਾ ਆਪਣਾ ਨਿੱਜੀ ਕਾਲਜ ਹੈ। ਕਿਹੜਾ ਰੈਫਰੀ ਕਿਸ ਮੈਚ ਦੀ ਅਗਵਾਈ ਕਰੇਗਾ, ਕੌਣ ਕਿੰਨੇ ਅੰਕ ਦੇਵੇਗਾ, ਮੈਚ ਚੇਅਰਮੈਨ ਕਿੱਥੇ ਬੈਠੇਗਾ, ਕਿਸ ਨੇ ਜਿੱਤਣਾ ਹੈ ਅਤੇ ਕਿਸ ਨੇ ਹਾਰਨਾ ਹੈ... ਇਹ ਸਭ ਬ੍ਰਿਜ ਭੂਸ਼ਣ ਅਤੇ ਉਸ ਦੇ ਲੋਕਾਂ ਵੱਲੋਂ ਨਿਯੰਤਰਤ ਕੀਤਾ ਜਾਵੇਗਾ।'

ਇਸ ਦੋਸ਼ ਦਾ ਜਵਾਬ ਦਿੰਦੇ ਹੋਏ ਸੰਜੇ ਸਿੰਘ ਨੇ ਕਿਹਾ, 'ਗੋਂਡਾ ਵਿੱਚ ਹੋਣ ਵਾਲੇ ਨੈਸ਼ਨਲ ਓਪਨ ਰੈਂਕਿੰਗ ਟੂਰਨਾਮੈਂਟ ਲਈ ਲਗਭਗ 1200 ਐਂਟਰੀਆਂ ਆਈਆਂ ਹਨ, ਜਿਨ੍ਹਾਂ ਵਿੱਚੋਂ ਲਗਭਗ 800 ਹਰਿਆਣਾ ਦੇ ਭਲਵਾਨ ਹਨ। ਕਿਸੇ ਵੀ ਹੋਰ ਭਲਵਾਨ ਨੂੰ ਕੋਈ ਇਤਰਾਜ਼ ਨਹੀਂ। ਜੇ ਵਿਨੇਸ਼ ਫੋਗਾਟ ਪੱਖਪਾਤੀ ਰੈਫਰੀ ਬਾਰੇ ਚਿੰਤਤ ਹੈ, ਤਾਂ ਮੈਂ ਉਸ ਨੂੰ ਭਰੋਸਾ ਦਿਵਾ ਸਕਦਾ ਹਾਂ ਕਿ ਚੁਣੇ ਗਏ ਸਾਰੇ ਰੈਫਰੀ ਭਾਰਤੀ ਕੁਸ਼ਤੀ ਫੈਡਰੇਸ਼ਨ ਅਤੇ ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਪੈਨਲ ਤੋਂ ਹੋਣਗੇ। ਇਹ ਇੱਕ ਨਿਰਪੱਖ ਚੋਣ ਹੈ ਅਤੇ ਨਾ ਤਾਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਅਤੇ ਨਾ ਹੀ ਮੇਰਾ ਇਸ ਵਿੱਚ ਕੋਈ ਦਖਲ ਹੈ ਕਿ ਰੈਫਰੀ ਕੌਣ ਹੋਵੇਗਾ।' ਦਿੱਲੀ ਪੁਲਸ ਦੀ ਚਾਰਜਸ਼ੀਟ ਵਿੱਚ ਬ੍ਰਿਜ ਭੂਸ਼ਣ ਨੂੰ ਮਹਿਲਾ ਭਲਵਾਨਾਂ ਨਾਲ ਜਿਨਸੀ ਸ਼ੋਸ਼ਣ, ਛੇੜਛਾੜ ਅਤੇ ਪਿੱਛਾ ਕਰਨ ਦੇ ਦੋਸ਼ ਵਿੱਚ ਮੁਕੱਦਮਾ ਚਲਾਉਣ ਲਈ ਜ਼ਿੰਮੇਵਾਰ ਪਾਇਆ ਗਿਆ ਹੈ। ਛੇ ਮਹਿਲਾ ਭਲਵਾਨਾਂ ਨੇ ਅਪ੍ਰੈਲ 2023 ਵਿੱਚ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਦਰਜ ਕਰਵਾਈ ਸੀ ਅਤੇ ਦੇਸ਼ ਦੇ ਚੋਟੀ ਦੇ ਭਲਵਾਨਾਂ ਨੇ ਉਸ ਦੀ ਗ੍ਰਿਫਤਾਰੀ ਦੀ ਮੰਗ ਕਰਦੇ ਹੋਏ ਜੰਤਰ-ਮੰਤਰ 'ਤੇ ਦੋ ਮਹੀਨਿਆਂ ਤੱਕ ਵਿਰੋਧ ਪ੍ਰਦਰਸ਼ਨ ਕੀਤਾ ਸੀ।

### ਔਕੜ ਵੇਲੇ ਚਿਹਰਿਆਂ...

ਆਜ਼ਾਦੀ ਬਾਰੇ ਬੜਾ ਕੁਝ ਸੁਣਿਆ ਤੇ ਹੱਡੀਂ ਹੰਢਾਇਆ ਵੀ। ਅਕਾਲੀ ਦਲ ਦੀ ਸਰਕਾਰ ਹੋਵੇ ਤੇ ਭਾਵੇਂ ਕਾਂਗਰਸ ਦੀ ਹੋਵੇ, ਮੈਨੂੰ ਮੁਕੱਦਮਿਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਪੰਜਾਬ ਪ੍ਰੈੱਸ ਕਲੱਬ ਦੇ ਸਾਬਕਾ ਪ੍ਰਧਾਨ ਤੇ ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਆਪਣੇ ਸੰਬੋਧਨ ਵਿੱਚ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਪ੍ਰੈੱਸ ਦੀ ਆਜ਼ਾਦੀ ਬਾਰੇ ਗੱਲ ਕਰਦਿਆਂ ਉਨ੍ਹਾ ਕਿਹਾ ਕਿ ਖ਼ਤਰੇ ਵਿੱਚ ਤਾਂ ਹੋਰ ਖੇਤਰ ਵੀ ਹਨ, ਪਰ ਕਿਉਂਕਿ ਪ੍ਰੈੱਸ ਨੇ ਸੱਤਾਧਾਰੀ ਧਿਰ 'ਤੇ ਨਜ਼ਰ ਰੱਖਣੀ ਹੁੰਦੀ ਹੈ, ਇਸ ਲਈ ਇਹ ਵਧੇਰੇ ਖ਼ਤਰੇ ਵਿੱਚ ਹੈ। ਉਨ੍ਹਾ ਕਿਹਾ ਕਿ ਪ੍ਰੈੱਸ ਦੀ ਤਕਨੀਕ ਵਿੱਚ ਤਾਂ ਬਹੁਤ ਫਰਕ ਆਇਆ ਹੈ, ਪਰ ਸੱਤਾਧਾਰੀਆਂ ਦੇ ਵਤੀਰੇ ਵਿੱਚ ਕੋਈ ਫਰਕ ਨਹੀਂ ਪਿਆ। ਮਾਣਕ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਪ੍ਰੈੱਸ ਦੀ ਆਜ਼ਾਦੀ ਸੁੰਗੜ ਗਈ ਹੈ। ਉਨ੍ਹਾ ਅੰਕੜਿਆਂ ਦੇ ਹਵਾਲੇ ਨਾਲ ਦੱਸਿਆ ਕਿ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿੱਚ ਸਾਡਾ ਦੇਸ਼ ਹੋਰ ਹੇਠਲੇ ਸਥਾਨ 'ਤੇ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ ਪੰਜਾਬ ਪ੍ਰੈੱਸ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਅੱਜ ਦੇ ਮੁੱਖ ਬੁਲਾਰੇ ਜਤਿੰਦਰ ਪਨੂੰ ਹੁਰੀਂ 'ਨਵਾਂ ਜ਼ਮਾਨਾ' ਨਾਲ ਲੰਮੇ ਸਮੇਂ ਤੋਂ ਜੁੜੇ ਰਹੇ ਹਨ। ਕਿਸੇ ਵੇਲੇ 'ਨਵਾਂ ਜ਼ਮਾਨਾ' ਨੂੰ ਪੱਤਰਕਾਰਤਾ ਦੀ ਯੂਨੀਵਰਸਿਟੀ ਆਖਿਆ ਜਾਂਦਾ ਸੀ। 'ਨਵਾਂ ਜ਼ਮਾਨਾ' ਦਾ ਸਫ਼ਰ ਨਿਰੰਤਰ ਜਾਰੀ ਹੈ। ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਜਨਰਲ ਸਕੱਤਰ ਪੁਨੀਤ ਸਹਿਗਲ ਨੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਸਭ ਦਾ ਧੰਨਵਾਦ ਕੀਤਾ। ਪ੍ਰੈੱਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ ਨੇ ਸਟੇਜ ਸਕੱਤਰ ਦੇ ਫਰਜ਼ ਨਿਭਾਏ। ਸਮਾਗਮ ਵਿੱਚ ਪੱਤਰਕਾਰ ਮਿਹਰ ਮਲਿਕ, ਰਾਜੇਸ਼ ਸ਼ਰਮਾ ਅਤੇ ਦਵਿੰਦਰ ਕੁਮਾਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਜਤਿੰਦਰ ਪੰਮੀ, ਲਖਵਿੰਦਰ ਆਧੀ, ਰੋਹਿਤ ਸਿੱਧੂ, ਸੌਰਵ, ਰਸ਼ਪਾਲ ਸਿੰਘ, ਇੰਦਰਜੀਤ ਸਿੰਘ ਆਰਟਿਸਟ, ਵਰੇਸ਼ ਕੁਮਾਰ ਸ਼ੈਲੀ ਆਦਿ ਮੌਜੂਦ ਸਨ।

### ਮਾਰਕਸ ਦਾ ਸਿਧਾਂਤ...

ਹਨ।ਉਹਨਾ ਇਸ ਦੀ ਥਾਂ ਮਨੁੱਖੀ ਮਿਹਨਤ ਦੀ ਭੂਮਿਕਾ ਨੂੰ ਇਤਿਹਾਸ ਰਚਣ ਵਿੱਚ ਮਹੱਤਵਪੂਰਨ ਦੱਸਿਆ।ਪ੍ਰੋ. ਸਿੰਘ ਨੇ ਦੱਸਿਆ ਕਿ ਪੂੰਜੀਵਾਦ ਧਨ ਨੂੰ ਕੁਝ ਹੀ ਹੱਥਾਂ ਵਿੱਚ ਕੇਂਦਰਤ ਕਰਦਾ ਹੈ ਅਤੇ ਬਹੁਗਿਣਤੀ ਨੂੰ ਬੁਨਿਆਦੀ ਅਧਿਕਾਰਾਂ ਅਤੇ ਵਿਕਾਸ ਤੋਂ ਵਾਂਝਾ ਰੱਖਦਾ ਹੈ।ਉਨ੍ਹਾ ਕਿਹਾ ਕਿ ਵਿਸ਼ਵ ਦੀ ਛੋਟੀ ਜਿਹੀ ਅਬਾਦੀ ਵੱਡੇ ਹਿੱਸੇ ਦੀ ਦੌਲਤ 'ਤੇ ਕਬਜ਼ਾ ਰੱਖਦੀ ਹੈ ਅਤੇ ਅੱਗੇ ਵਧੇ ਪੂੰਜੀਵਾਦੀ ਦੇਸ਼ ਵੀ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕੇ। ਵਿਕਾਸਸ਼ੀਲ ਦੇਸ਼ ਅਜੇ ਵੀ ਅਕਸਰ ਕੁਦਰਤੀ ਵਸੀਲਿਆਂ 'ਤੇ ਕਬਜ਼ੇ ਲਈ ਟਕਰਾਵਾਂ ਰਾਹੀਂ ਤਾਕਤਵਰ ਰਾਸ਼ਟਰਾਂ ਵੱਲੋਂ ਸ਼ੋਸ਼ਣ ਦਾ ਸ਼ਿਕਾਰ ਹਨ।ਭਾਰਤ ਵਿੱਚ ਹਾਲੀਆ ਆਰਥਿਕ ਰੁਝਾਨਾਂ ਦੀ ਆਲੋਚਨਾ ਕਰਦੇ ਹੋਏ ਉਨ੍ਹਾ ਕਿਹਾ ਕਿ ਬਾਜ਼ਾਰ ਕੇਂਦਰਤ ਨੀਤੀਆਂ ਕਾਰਨ ਬੇਰੁਜ਼ਗਾਰੀ ਵਧੀ ਹੈ, ਅਸਲ ਤਨਖਾਹਾਂ ਘਟੀਆਂ ਹਨ ਅਤੇ ਸਿੱਖਿਆ ਤੇ ਸਿਹਤ ਸੇਵਾਵਾਂ ਤੱਕ ਪਹੁੰਚ ਘੱਟੀ ਹੈ। ਉਨ੍ਹਾ ਦਲੀਲ ਦਿੱਤੀ ਕਿ 'ਅਖੌਤੀ ਲੇਬਰ ਸੁਧਾਰ' ਪੂੰਜੀਪਤੀਆਂ ਦੇ ਹੱਕ ਵਿੱਚ ਹਨ ਅਤੇ ਮਜ਼ਦੂਰਾਂ ਦੀ ਸੁਰੱਖਿਆ ਨੂੰ ਨੁਕਸਾਨ ਪਹੁੰਚਾ ਰਹੇ ਹਨ। ਚਾਰ ਲੇਬਰ ਕੋਡ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦੇ ਹੱਕ ਸਮੇਤ ਉਹਨਾ ਦੇ ਹਾਸਲ ਕੀਤੇ ਅਧਿਕਾਰਾਂ ਤੋਂ ਵੀ ਵਾਂਝਾ ਕਰਦੇ ਹਨ। ਇਸੇ ਤਰ੍ਹਾਂ, ਖੇਤੀਬਾੜੀ ਉਤਪਾਦਨ ਵੀ ਸਾਮਰਾਜ ਦੇ ਦਬਾਅ ਨਾਲ ਪ੍ਰਭਾਵਤ ਹੋ ਰਿਹਾ ਹੈ, ਜਿਸ ਨਾਲ ਖੁਰਾਕ ਸੰਕਟ ਵਧਣ ਦੇ ਕਾਰਨ ਗਰੀਬ ਹੋਰ ਹਾਸ਼ੀਏ 'ਤੇ ਧਕੇਲੇ ਜਾ ਰਹੇ ਹਨ। ਹਾਲੀਆ ਬੀਜ ਬਿੱਲ ਅਤੇ ਬਿਜਲੀ ਬਿੱਲ ਇਸ ਦੀਆਂ ਉਦਾਹਰਣਾਂ ਹਨ।ਉਨ੍ਹਾ ਕਿਹਾ ਕਿ ਇਕ ਨਿਆਂਪੂਰਨ ਅਤੇ ਸਮਾਨਤਾਪੂਰਨ ਸਮਾਜ ਸਿਰਫ ਲੋਕਾਂ ਦੀ ਸਾਂਝੇ ਸੰਘਰਸ਼ ਅਤੇ ਸਰਗਰਮ ਭਾਗੀਦਾਰੀ ਨਾਲ ਹੀ ਸਥਾਪਤ ਕੀਤਾ ਜਾ ਸਕਦਾ ਹੈ, ਜੋ ਕਿ ਵਿਗਿਆਨਕ ਸਮਾਜਵਾਦ ਦਾ ਮੂਲ ਸਾਰ ਹੈ।ਉਹਨਾ ਮਸਨੂਈ (ਏ ਆਈ) ਬਾਰੇ ਗੱਲ ਕਰਦੇ ਹੋਏ ਕਿਹਾ ਕਿ ਏ ਆਈ ਕੋਲ ਫੈਸਲੇ ਕਰਨ ਦੀ ਸਮਰੱਥਾ ਤਾਂ ਹੁੰਦੀ ਹੈ, ਪਰ ਚੋਣ ਕਰਨ ਅਤੇ ਨੈਤਿਕਤਾ ਦੀ ਸਮਝ ਨਹੀਂ ਹੁੰਦੀ। ਇਸ ਲਈ ਏ ਆਈ ਹਮੇਸ਼ਾ ਮਨੁੱਖੀ ਨਿਯੰਤਰਣ ਹੇਠ ਹੀ ਰਹੇਗੀ, ਪਰ ਇਸ ਦਾ ਉਪਯੋਗ ਚੰਗੇ ਮਕਸਦ ਲਈ ਹੀ ਕੀਤਾ ਜਾਣਾ ਚਾਹੀਦਾ ਹੈ।ਹੋਰ ਬੋਲਣ ਵਾਲਿਆਂ ਵਿੱਚ ਡੀ ਪੀ ਮੌੜ (ਜ਼ਿਲ੍ਹਾ ਸਕੱਤਰ, ਸੀ ਪੀ ਆਈ ਲੁਧਿਆਣਾ), ਰਮੇਸ਼ ਰਤਨ, ਡਾ. ਰਾਜਿੰਦਰ ਪਾਲ ਸਿੰਘ ਔਲਖ, ਐੱਮ ਐੱਸ ਭਾਟੀਆ, ਚਮਕੌਰ ਸਿੰਘ ਅਤੇ ਡਾ. ਅਰੁਣ ਮਿਤਰਾ ਸ਼ਾਮਲ ਸਨ। ਮੁੱਖ ਵਕਤਾ ਦੇ ਭਾਸ਼ਣ ਤੋਂ ਬਾਅਦ ਹੋਈ ਚਰਚਾ ਵਿੱਚ ਵੱਡੀ ਗਿਣਤੀ ਵਿੱਚ ਹਿੱਸੇਦਾਰਾਂ ਨੇ ਸਰਗਰਮ ਭਾਗ ਲਿਆ।

### ਨਰੇਗਾ ਕਾਮਿਆਂ ਨੂੰ ਕੰਮ...

ਸੰਭਾਵਨਾਵਾਂ ਘਟਣਗੀਆਂ, 60 ਦਿਨ ਕੰਮ ਮੰਗਣ ਦੀ ਮਨਾਹੀ ਹੋਵੇਗੀ, ਖੇਤੀਬਾੜੀ ਸੀਜ਼ਨ ਸਮੇਂ ਪੇਂਡੂ ਕਾਮੇ ਕੰਮ ਨਹੀਂ ਮੰਗ ਸਕਣਗੇ, ਇਸ ਲਈ ਸਾਡੇ ਕੰਮ ਪ੍ਰਾਪਤੀ ਦਾ ਕੰਮ ਔਖਾ ਹੋ ਗਿਆ ਹੈ।ਸੰਬੋਧਨ ਕਰਨ ਵਾਲਿਆ ਵਿੱਚ ਪੰਜਾਬ ਇਸਤਰੀ ਸਭਾ ਦੀ ਆਗੂ ਬਲਜੀਤ ਕੌਰ ਗਦਾਈਆ, ਸੁਰਜੀਤ ਸਿੰਘ ਗੁਰਦਿੱਤਪੁਰਾ, ਰਾਜਿੰਦਰ ਸਿੰਘ ਸਰਪੰਚ ਗੁਰਦਿੱਤਪੁਰਾ, ਰੋਸ਼ਨ ਸਿੰਘ ਫੌਜੀ ਕਿਸ਼ਨਗੜ੍ਹ, ਦੇਵ ਸਿੰਘ ਘਣੀਵਾਲ, ਪ੍ਰਕਾਸ਼ ਕੌਰ ਘਣੀਵਾਲ, ਜਗਜੀਤ ਸਿੰਘ ਗਦਾਈਆ, ਅਮਰਜੀਤ ਸਿੰਘ ਗਦਾਈਆ, ਭਿੰਦਰ ਸਿੰਘ ਗਦਾਈਆ, ਰਾਜਿੰਦਰ ਸਿੰਘ ਕਕਰਾਲਾ, ਅਮਨਦੀਪ ਕੌਰ ਕਕਰਾਲਾ, ਜਸ ਧਨੌਰੀ, ਮੱਘਰ ਸਿੰਘ ਭੀਲੋਵਾਲ, ਨੌਜਵਾਨਾਂ ਦੀ ਸਾਬਕਾ ਆਗੂ ਦਲਜੀਤ ਕੌਰ ਤੇ ਜਸਬੰਤ ਕੌਰ ਸਰਪੰਚ ਗਦਾਈਆ ਆਦਿ ਆਗੂ ਸਨ।

### ਟੈਕਸ ਉਗਰਾਹੀ 'ਚ...

ਵਾਧੂ ਮਾਲੀਆ ਪ੍ਰਾਪਤ ਕੀਤਾ ਹੈ, ਜੋ ਕਿ ਪੂਰੀ ਤਰ੍ਹਾਂ ਨਾਲ ਬਿਹਤਰ ਨਿਗਰਾਨੀ ਪ੍ਰਣਾਲੀਆਂ, ਸਖ਼ਤ ਲਾਗੂਕਰਨ ਪ੍ਰੋਟੋਕਾਲ ਅਤੇ ਇੱਕ ਪਾਰਦਰਸ਼ੀ ਕਰ ਪ੍ਰਸ਼ਾਸਨਿਕ ਢਾਂਚੇ ਦੀ ਬਦੌਲਤ ਹਾਸਲ ਕੀਤੀ ਗਈ ਸਫ਼ਲਤਾ ਹੈ।'

ਵਿੱਤ ਮੰਤਰੀ ਨੇ ਕਿਹਾ—ਮੈਨੂੰ ਇਹ ਐਲਾਨ ਕਰਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਸਾਡੀ ਵੈਟ ਪ੍ਰਾਪਤੀ ਨੇ ਅਪ੍ਰੈਲ 2026 ਦੇ ਮਹੀਨੇ ਲਈ 23.28 ਫੀਸਦੀ ਦਾ ਸ਼ਾਨਦਾਰ ਵਾਧਾ ਦਰਜ ਕੀਤਾ ਹੈ। ਇਸ ਮਹੱਤਵਪੂਰਨ ਵਾਧੇ ਨੇ ਸੂਬੇ ਦੇ ਖਜ਼ਾਨੇ ਲਈ ਲਗਭਗ 230 ਕਰੋੜ ਰੁਪਏ ਦਾ ਸ਼ੁੱਧ ਵਾਧਾ ਦਰਜ ਕੀਤਾ ਹੈ, ਜੋ ਕਿ ਕਰ ਪ੍ਰਸ਼ਾਸਨ ਅਤੇ ਪਾਲਣਾ ਵਿੱਚ ਸਾਡੇ ਨਿਰੰਤਰ ਸੁਧਾਰਾਂ ਨੂੰ ਦਰਸਾਉਂਦਾ ਹੈ।

ਉਨ੍ਹਾ ਕਿਹਾ—ਵੈਟ ਵਿੱਚ ਮਜ਼ਬੂਤ ਪ੍ਰਦਰਸ਼ਨ ਦੇ ਨਾਲ-ਨਾਲ ਸਾਡੀ ਪੀ ਐੱਸ ਡੀ ਟੀ ਉਗਰਾਹੀ ਵਿੱਚ ਵੀ 20.43 ਫੀਸਦੀ ਦਾ ਪ੍ਰਭਾਵਸ਼ਾਲੀ ਵਾਧਾ ਹੋਇਆ ਹੈ। ਇਹ ਵਾਧਾ ਦਰ ਸਿੱਧੇ ਤੌਰ 'ਤੇ ਲਗਭਗ 35 ਕਰੋੜ ਰੁਪਏ ਦੇ ਇਜ਼ਾਫੇ ਵਿੱਚ ਤਬਦੀਲ ਹੋਈ ਹੈ। ਇਹ ਅੰਕੜੇ ਇਸ ਖੇਤਰ ਦੇ ਅੰਦਰ ਸਾਡੀ ਬਿਹਤਰ ਨਿਗਰਾਨੀ ਅਤੇ ਸਖ਼ਤ ਲਾਗੂਕਰਨ ਪ੍ਰੋਟੋਕਾਲ ਦਾ ਸਿੱਧਾ ਪ੍ਰਤੀਬਿੰਬ ਹਨ।

## ਤਰਕਸ਼ੀਲ ਸੁਸਾਇਟੀ ਪੰਜਾਬ ਦੀ ਮੀਟਿੰਗ ਹੋਈ



**ਲੁਧਿਆਣਾ (ਸਤੀਸ਼ ਸਚਦੇਵਾ, ਰੈਕਟਰ ਕਥੂਰੀਆ)**-ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਦੀ ਮੀਟਿੰਗ ਜ਼ੋਨ ਦੇ ਜਥੇਬੰਦਕ ਮੁਖੀ ਜਸਵੰਤ ਜ਼ੀਰਖ ਦੀ ਪ੍ਰਧਾਨਗੀ ਹੇਠ ਜ਼ੋਨ ਦਫ਼ਤਰ (ਨੇੜੇ ਬੱਸ ਸਟੈਂਡ) ਵਿਖੇ ਹੋਈ।ਮੀਟਿੰਗ 'ਚ ਜ਼ੋਨ ਦੇ ਵਿੱਤ ਮੁਖੀ ਧਰਮਪਾਲ ਸਿੰਘ, ਸੱਭਿਆਚਾਰਕ ਵਿਭਾਗ ਦੇ ਮੁਖੀ ਸ਼ਮਸ਼ੇਰ ਨੂਰਪੁਰੀ ਸਮੇਤ ਇਕਾਈਆਂ ਜਗਰਾਓਂ, ਸੁਧਾਰ, ਲੁਧਿਆਣਾ, ਕੋਹਾੜਾ ਦੇ ਜਥੇਬੰਦਕ ਮੁਖੀਆਂ ਕਰਤਾਰ ਸਿੰਘ ਵੀਰਾਨ, ਧਰਮ ਸਿੰਘ ਸੁਜਾਪੁਰ, ਬਲਵਿੰਦਰ ਸਿੰਘ, ਰੁਪਿੰਦਰਪਾਲ ਸਿੰਘ ਤੇ ਮਾ. ਕਰਨੈਲ ਸਿੰਘ ਸੁਧਾਰ ਹਾਜ਼ਰ ਸਨ।ਮੀਟਿੰਗ ਦੌਰਾਨ ਸੁਸਾਇਟੀ ਦੀ ਸਾਲਾਨਾ ਇਕੱਤਰਤਾ ਸਬੰਧੀ ਚਰਚਾ ਕਰਦਿਆਂ ਜ਼ੋਨ ਵੱਲੋਂ ਕਈ ਪ੍ਰੋਗਰਾਮ ਉਲੀਕੇ ਗਏ।ਜ਼ੋਨ ਮੁਖੀ ਵੱਲੋਂ ਤਰਕਸ਼ੀਲ ਵਿਚਾਰਾਂ ਦੇ ਪਸਾਰ ਨੂੰ ਮੁੱਖ ਰੱਖਦਿਆਂ ਸਾਰੀਆਂ ਇਕਾਈਆਂ ਨੂੰ ਹਰ ਮਹੀਨੇ ਸਕੂਲਾਂ ਵਿੱਚ ਵਿਦਿਆਰਥੀਆਂ ਤੇ ਆਮ ਲੋਕਾਂ ਨੂੰ ਚੇਤਨ ਕਰਨ ਦੀ ਮੁਹਿੰਮ ਲਗਾਤਾਰ ਚਲਾਉਣ 'ਤੇ ਜ਼ੋਰ ਦਿੱਤਾ। ਇਸ ਸਬੰਧੀ ਰੂਪ ਰੇਖਾ ਤਹਿ ਕਰਦਿਆਂ ਸੁਸਾਇਟੀ ਦੀ ਪਛਾਣ ਆਮ ਲੋਕਾਂ ਤੱਕ ਲੈ ਕੇ ਜਾਣ ਲਈ ਇਹ ਫੈਸਲਾ ਲਿਆ ਗਿਆ ਕਿ ਹਰ ਇਕਾਈ ਆਪਣੇ ਇਲਾਕੇ 'ਚ ਲੱਗਣ ਵਾਲੇ ਉਨ੍ਹਾਂ ਮੇਲਿਆਂ, ਪਬਲਿਕ ਇਕੱਠਾਂ ਬਾਰੇ ਨਿਸ਼ਾਨਦੇਹੀ ਕਰੇਗੀ, ਜਿਨ੍ਹਾਂ ਵਿੱਚ ਤਰਕਸ਼ੀਲ ਸਾਹਿਤ ਵੈਨ ਰਾਹੀਂ ਪ੍ਰਚਾਰ ਮੁਹਿੰਮ ਨੂੰ ਤੇਜ਼ ਕਰਨਾ ਸੰਭਵ ਹੋ ਸਕੇ। ਇਸ ਤੋਂ ਬਿਨਾਂ ਇਕਾਈਆਂ ਆਪਣੇ ਇਲਾਕੇ 'ਚ ਪੈਂਦੇ ਵਿੱਦਿਅਕ ਅਦਾਰਿਆਂ 'ਚ ਵਿਦਿਆਰਥੀਆਂ ਦੇ ਪੱਧਰ ਵਾਲਾ ਤਰਕਸ਼ੀਲ ਸਾਹਿਤ ਲੈ ਕੇ ਜਾਣ ਲਈ ਮਹੀਨਾ ਵਾਈਜ ਪ੍ਰੋਗਰਾਮ ਬਣਾਉਣਗੀਆਂ।ਛੁੱਟੀਆਂ ਦੌਰਾਨ ਜ਼ੋਨ ਪੱਧਰ ਦਾ ਤਰਕਸ਼ੀਲ ਚੇਤਨਾ ਵਿਦਿਆਰਥੀ ਕੈਂਪ ਲੁਧਿਆਣਾ ਵਿਖੇ ਲਾਉਣਾ ਤਹਿ ਕੀਤਾ ਗਿਆ, ਜਿਸ ਵਿੱਚ ਇਕਾਈਆਂ ਵੱਲੋਂ ਵਿਦਿਆਰਥੀ ਭੇਜਣ ਦਾ ਪ੍ਰਬੰਧ ਕੀਤਾ ਜਾਵੇਗਾ।ਸੂਬਾ ਪੱਧਰੀ ਵਿਦਿਆਰਥੀ ਕੈਂਪ ਜੋ ਬਰਨਾਲਾ ਵਿਖੇ ਲੱਗੇਗਾ, ਵਿੱਚ ਵੀ ਵਿਦਿਆਰਥੀ ਭੇਜਣ ਬਾਰੇ ਵਿਚਾਰ ਕੀਤਾ ਗਿਆ।ਪਿਛਲੇ ਦਿਨੀਂ ਸੁਧਾਰ ਇਕਾਈ ਦੇ ਸਰਗਰਮ ਮੈਂਬਰ ਸਤਪਾਲ ਸਿੰਘ ਦਾ ਰੋਡ ਐਕਸੀਡੈਂਟ ਕਾਰਨ ਗੰਭੀਰ ਹਾਲਤ ਵਿੱਚ ਹੋਣ ਨੂੰ ਮੁੱਖ ਰੱਖਦਿਆਂ ਪਰਿਵਾਰ ਦੀ ਸਹਾਇਤਾ ਕਰਨ ਦਾ ਫੈਸਲਾ ਲਿਆ ਗਿਆ।ਅੰਤ 'ਚ ਮੈਗਜ਼ੀਨ 'ਤਰਕਸ਼ੀਲ' ਦਾ ਨਵਾਂ ਅੰਕ ਜਾਰੀ ਕੀਤਾ ਗਿਆ ਤੇ ਸਾਰੀਆਂ ਇਕਾਈਆਂ ਵਿੱਚ ਇਸ ਦੀ ਵੰਡ ਕੀਤੀ ਗਈ।

## ਵਿਧਾਇਕ ਦੇ ਦਫ਼ਤਰ ਅੱਗੇ ਕੀਤਾ ਪ੍ਰਦਰਸ਼ਨ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਹਲਕਾ ਵਿਧਾਇਕ ਦੇ ਦਫ਼ਤਰ ਦੇ ਸਾਹਮਣੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਕੌਰ ਪੱਤੋ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਵੋਟਾਂ ਵੇਲੇ ਕੀਤੇ ਗਏ ਵਾਅਦੇ ਅਨੁਸਾਰ ਆਂਗਣਵਾੜੀ ਵਰਕਰਾਂ, ਹੈਲਪਰਾਂ ਦਾ ਮਾਣਭੱਤਾ ਦੁੱਗਣਾ ਕੀਤਾ ਜਾਵੇ।ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ ਮਾਵਾਂ-ਧੀਆਂ ਸਤਿਕਾਰਯੋਗ ਯੋਜਨਾਂ 'ਚ ਕੰਮ ਲੈਣ ਵਾਸਤੇ ਆਂਗਣਵਾੜੀ ਵਰਕਰ ਨੂੰ 200 ਰੁਪਏ ਤੇ ਹੈਲਪਰ ਨੂੰ 100 ਰੁਪਏ ਦਿੱਤੇ ਜਾਣ, ਆਂਗਣਵਾੜੀ ਵਰਕਰਾਂ ਕੋਲੋਂ ਵਾਧੂ ਕੰਮ ਕਰਾਉਣੇ ਜਿਵੇਂ ਜਨਗਣਨਾ ਆਰਥਿਕ ਸਰਵੇ ਡਰੱਗ ਸਰਵੇ ਆਦਿ ਬੰਦ ਕੀਤੇ ਜਾਣ।ਆਂਗਣਵਾੜੀ ਕੇਂਦਰਾਂ ਦੇ ਵਿੱਚ ਆ ਰਿਹਾ ਰਾਸ਼ਨ ਸਰਕਾਰੀ ਅਦਾਰਿਆਂ ਰਾਹੀਂ ਦਿੱਤਾ ਜਾਵੇ। ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਤੇ ਬੱਚੇ ਵਾਪਸ ਆਂਗਣਵਾੜੀਆਂ ਵਿੱਚ ਭੇਜੇ ਜਾਣ। ਐਨਜੀਓ ਨੂੰ ਦਿੱਤੇ ਬਲਾਕਾਂ ਦਾ ਨੋਟੀਫਿਕੇਸ਼ਨ ਜਾਰੀ ਹੋ ਚੁੱਕੇ ਹਨ, ਨੂੰ ਲਾਗੂ ਕੀਤਾ ਜਾਵੇ। ਇਸ ਧਰਨੇ ਨੂੰ ਉਪਰੋਕਤ ਤੋਂ ਬਿਨਾਂ ਕੁਲਵੰਤ ਕੌਰ ਬਲਾਕ ਪ੍ਰਧਾਨ, ਇੰਦਰਜੀਤ ਕੌਰ ਮੀਤ ਪ੍ਰਧਾਨ, ਰਣਜੀਤ ਕੌਰ ਪ੍ਰਧਾਨ ਸਰਕਲ ਆਦਿ ਨੇ ਧਰਨੇ ਨੂੰ ਸੰਬੋਧਨ ਕੀਤਾ।

### ਰੀਲ ਬਣਾਉਣ ਵਾਲੇ...

ਹਵਾਈ ਸੈਨਾ ਦਾ ਹੈਲੀਕਾਪਟਰ ਪਹੁੰਚਿਆ ਤੇ ਉਸ ਨੇ ਦੋਵਾਂ ਬੱਚਿਆਂ ਨੂੰ ਸੁਰੱਖਿਅਤ ਬਚਾਇਆ।

12 ਸਾਲਾ ਬਾਲੇ ਚਾਰ ਦਿਨ ਪਹਿਲਾਂ ਸਿਧਾਰਥਨਗਰ ਦੀ ਕਾਸ਼ੀਰਾਮ ਆਵਾਸ ਕਲੋਨੀ ਵਿੱਚ ਆਪਣੇ ਚਚੇਰੇ ਭਰਾ ਦੀਪ ਚੰਦ ਦੇ ਘਰ ਆਇਆ ਸੀ। ਸ਼ਨੀਵਾਰ ਦੁਪਹਿਰ 3 ਵਜੇ ਉਹ ਗੁਆਂਢੀ ਗੋਲੂ (15), ਸੰਨੀ (11), ਕੱਲੂ (15) ਅਤੇ ਪਵਨ (16) ਨਾਲ ਘਰ ਦੇ ਨੇੜੇ ਇੱਕ ਟੁੱਟੀ ਹੋਈ ਪਾਣੀ ਦੀ ਟੈਂਕੀ 'ਤੇ ਚੜ੍ਹ ਗਿਆ ਤਾਂ ਜੋ ਇੱਕ ਰੀਲ ਬਣਾਈ ਜਾ ਸਕੇ। ਥੋੜ੍ਹੀ ਦੇਰ ਰੁਕਣ ਤੋਂ ਬਾਅਦ ਸਾਰੇ ਇੱਕ-ਇੱਕ ਕਰਕੇ ਹੇਠਾਂ ਉਤਰਨ ਲੱਗੇ। ਅਚਾਨਕ ਢਿੱਲੀ ਪੌੜੀ ਟੁੱਟ ਗਈ, ਜਿਸ ਨਾਲ ਬਾਲੇ, ਸੰਨੀ ਅਤੇ ਗੋਲੂ ਹੇਠਾਂ ਡਿੱਗ ਪਏ। ਪੌੜੀਆਂ ਦਾ ਮਲਬਾ ਬਾਲੇ 'ਤੇ ਡਿੱਗ ਪਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਸੰਨੀ ਅਤੇ ਗੋਲੂ ਜ਼ਖ਼ਮੀ ਹੋ ਗਏ। ਕੱਲੂ ਅਤੇ ਪਵਨ ਫਸ ਗਏ। ਮਰਨ ਵਾਲਾ ਬਾਲੇ ਸਿਧਾਰਥਨਗਰ ਦੇ ਮੋਹਨਾ ਥਾਣਾ ਖੇਤਰ ਦੇ ਜੁਗਲੀਪੁਰ ਦਾ ਰਹਿਣ ਵਾਲਾ ਸੀ। ਉਹ ਆਪਣੇ ਪਰਵਾਰ ਦਾ ਇਕਲੌਤਾ ਪੁੱਤਰ ਸੀ। ਉਸ ਦੀ ਇੱਕ ਵੱਡੀ ਭੈਣ ਹੈ। ਗੋਲੂ ਸ਼ਾਸਤਰੀ ਨਗਰ ਦਾ ਰਹਿਣ ਵਾਲਾ ਹੈ। ਉਸ ਦਾ ਪਿਤਾ ਮਜ਼ਦੂਰ ਹੈ। ਸੰਨੀ ਦੋ ਦਿਨ ਪਹਿਲਾਂ ਆਪਣੀ ਭੈਣ ਸੁਨੀਤਾ ਦੇ ਘਰ ਆਇਆ ਸੀ। ਕੱਲੂ, ਨੇ ਚਾਰ ਸਾਲ ਪਹਿਲਾਂ ਪੜ੍ਹਾਈ ਛੱਡ ਦਿੱਤੀ ਸੀ। ਪਵਨ ਵੀ ਪੜ੍ਹਾਈ ਛੱਡ ਚੁੱਕਾ ਹੈ।

### ਨੌਜਵਾਨ ਆਪਣਾ ਕਾਰੋਬਾਰ...

ਵਿਰੁੱਧ ਕੋਈ ਮੁੱਦਾ ਨਾ ਹੋਣ ਕਰਕੇ ਵਿਰੋਧੀ ਧਿਰ ਮੇਰੇ 'ਤੇ ਝੂਠੇ ਅਤੇ ਬੇਬੁਨਿਆਦ ਨਿੱਜੀ ਦੋਸ਼ ਲਾ ਕੇ ਆਪਣੀ ਨੀਵੇਂ ਪੱਧਰ ਦੀ ਮਾਨਸਿਕਤਾ ਦਿਖਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਉਨ੍ਹਾ ਨੂੰ ਬਦਨਾਮ ਕਰਨ ਲਈ ਸਾਜ਼ਿਸ਼ਾਂ ਰਚ ਰਹੀਆਂ ਹਨ, ਕਿਉਂਕਿ ਉਹ ਸੂਬਾ ਸਰਕਾਰ ਵੱਲੋਂ ਜਨਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਤੋਂ ਈਰਖਾ ਕਰਦੀਆਂ ਹਨ। ਇਹ ਆਗੂ ਇੱਕ-ਦੂਜੇ ਨਾਲ ਹੱਥ ਮਿਲਾ ਕੇ ਚੱਲ ਰਹੇ ਹਨ ਅਤੇ ਸੱਤਾ ਵਿੱਚ ਰਹਿੰਦਿਆਂ ਇੱਕ-ਦੂਜੇ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਸੱਤਾ ਦੀ ਕੁਰਸੀ ਦੀ ਖੇਡ ਖੇਡਦੇ ਰਹੇ ਹਨ।

ਉਹਨਾ ਕਿਹਾ ਕਿ ਉਹ 5 ਮਈ ਨੂੰ ਭਾਰਤ ਦੇ ਰਾਸ਼ਟਰਪਤੀ ਨੂੰ ਮਿਲਣਗੇ ਅਤੇ ਆਗੂਆਂ ਦੀ ਦਲ-ਬਦਲੀ ਵਿਰੁੱਧ ਸਖ਼ਤ ਉਪਬੰਧਾਂ ਦੀ ਮੰਗ ਕਰਨਗੇ, ਕਿਉਂਕਿ ਇਹ ਲੋਕਾਂ ਦੇ ਫਤਵੇ ਦਾ ਘੋਰ ਨਿਰਾਦਰ ਹੈ। ਮੌਕਾਪ੍ਰਸਤ ਆਗੂ ਆਪਣੇ ਸਵਾਰਥਾਂ ਦੀ ਪੂਰਤੀ ਲਈ ਆਪਣੀਆਂ ਇੱਛਾਵਾਂ ਅਨੁਸਾਰ ਆਪਣੀਆਂ ਪਾਰਟੀਆਂ ਬਦਲਦੇ ਰਹਿੰਦੇ ਹਨ, ਜੋ ਕਿ ਪੂਰੀ ਤਰ੍ਹਾਂ ਗਲਤ ਹੈ। ਇਹ ਆਗੂ ਲੋਕਾਂ ਦੇ ਫਤਵੇ ਦੀ ਪਿੱਠ ਵਿੱਚ ਛੁਰਾ ਮਾਰਦੇ ਹਨ, ਜੋ ਕਿ ਪੂਰੀ ਤਰ੍ਹਾਂ ਅਣਉਚਿਤ ਹੈ ਅਤੇ ਇਸ ਨੂੰ ਰੋਕਣ ਲਈ ਕਾਨੂੰਨ ਬਣਾਉਣਾ ਸਮੇਂ ਦੀ ਲੋੜ ਹੈ।ਉਨ੍ਹਾ ਕਿਹਾ ਕਿ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਇੱਕ ਕਾਨਵੈਂਟ ਤੋਂ ਪੜ੍ਹੇ-ਲਿਖੇ ਰਾਜਨੀਤਕ ਨੇਤਾ ਹਨ, ਜੋ ਸੂਬੇ ਦੀ ਮੁੱਢਲੀ ਭੂਗੋਲਿਕ ਸਥਿਤੀ ਤੋਂ ਜਾਣੂ ਨਹੀਂ, ਪਰ ਪੰਜਾਬ ਵਿੱਚ ਸੱਤਾ ਪ੍ਰਾਪਤ ਕਰਨਾ ਚਾਹੁੰਦੇ ਹਨ। ਜੇ ਸਭ ਛੱਡ ਕੇ ਵੀ ਦੇਖੀਏ, ਸਾਬਕਾ ਉਪ ਮੁੱਖ ਮੰਤਰੀ ਸੂਬੇ ਦੀਆਂ ਆਮ ਫਸਲਾਂ 'ਚ ਫਰਕ ਵੀ ਨਹੀਂ ਦੱਸ ਸਕਦੇ, ਕਿਉਂਕਿ ਉਨ੍ਹਾ ਨੂੰ ਬੁਨਿਆਦੀ ਮੁੱਦਿਆਂ ਬਾਰੇ ਵੀ ਜਾਣਕਾਰੀ ਦੀ ਕਾਫ਼ੀ ਘਾਟ ਹੈ।

ਭਾਜਪਾ 'ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਗਵਾ ਪਾਰਟੀ ਦਾ ਸੂਬੇ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਸਾਖ ਦੀ ਪਰਖ ਕਰਨ ਲਈ ਸਵਾਗਤ ਹੈ, ਪਰ ਭਾਜਪਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸੂਬੇ ਵਿੱਚ ਚੋਣਾਂ ਲੜਨ ਲਈ 117 ਸੀਟਾਂ 'ਤੇ ਉਮੀਦਵਾਰਾਂ ਦੀ ਲੋੜ ਹੈ। ਭਗਵਾ ਪਾਰਟੀ ਕੋਲ ਏਨੇ ਆਗੂ ਨਹੀਂ ਹਨ, ਇਸ ਲਈ ਉਹ ਸ਼ਾਇਦ ਦੂਜੀਆਂ ਪਾਰਟੀਆਂ ਤੋਂ ਉਧਾਰ ਲੈਣਗੇ। ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਮੁੱਖ ਮੰਤਰੀ ਨੂੰ ਜੀ ਆਇਆਂ ਆਖਿਆ, ਜਦਕਿ ਐੱਮ ਪੀ ਮਲਵਿੰਦਰ ਸਿੰਘ ਕੰਗ ਨੇ ਧੰਨਵਾਦ ਕੀਤਾ। ਪਿੰਡ ਦੀ ਪੰਚਾਇਤ ਨੇ ਮੁੱਖ ਮੰਤਰੀ ਵੱਲੋਂ 20 ਲੱਖ ਦੀ ਗ੍ਰਾਂਟ ਛੱਪੜ ਦੀ ਸਫ਼ਾਈ ਲਈ ਐਲਾਨਣ ਅਤੇ 20 ਲੱਖ ਰੁਪਏ ਪਾਣੀ ਵਾਲੇ ਟਿਊਬਵੈੱਲ ਲਾਉਣ ਲਈ ਦੇਣ 'ਤੇ ਮੁੱਖ ਮੰਤਰੀ ਦਾ ਸਨਮਾਨ ਵੀ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਵਿਸ਼ਵ ਮਜ਼ਦੂਰ ਦਿਹਾੜੇ 'ਤੇ ਵੱਖ-ਵੱਖ ਥਾਈਂ ਸ਼ਿਕਾਗੋ ਦੇ ਸ਼ਹੀਦ ਮਜ਼ਦੂਰਾਂ ਨੂੰ ਦਿੱਤੀ ਭਾਵ-ਭਿੰਨੀ ਸ਼ਰਧਾਂਜਲੀ


ਛੇਹਰਟਾ/ਖਾਸਾ


ਵਲਟੋਹਾ


ਤਰਨ ਤਾਰਨ, ਖਡੂਰ ਸਾਹਿਬ


ਬਟਾਲਾ

**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਸੀਟੂ ਵੱਲੋਂ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮੌਕੇ ਕੀਤੀ ਦਫ਼ਤਰ ਵਿਚ ਲੋਡਿੰਗ ਅਨਲੋਡਿੰਗ ਵਰਕਰਜ਼ ਯੂਨੀਅਨ (ਸੀਟੂ) ਤੇ ਪੰਜਾਬ ਰੋਡਵੇਜ਼ ਦੀ ਵਰਕਸ਼ਾਪ, ਛੇਹਰਟਾ ਸੀਟੂ ਦਫ਼ਤਰ ਵਿਚ ਝੰਡੇ ਲਹਿਰਾਉਣ ਤੋਂ ਬਾਅਦ ਨਾਈਆਂ ਵਾਲਾ ਮੋੜ ਤੇ ਮਜ਼ਦੂਰਾਂ ਦਾ ਵਿਸ਼ਾਲ ਇੱਕਠ ਕਰਕੇ ਸੀਟੂ ਦਾ ਝੰਡਾ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਲਹਿਰਾਇਆ। ਇਸ ਮੌਕੇ ਚਰਨਜੀਤ ਮਜੀਠਾ, ਕਿਰਪਾ ਰਾਮ, ਮਨਜੀਤ ਕੌਰ, ਸੁਮਨ ਰਾਣੀ, ਕਵਲਜੀਤ ਕੌਰ, ਸਪਨਾ, ਪ੍ਰਤਾਪ ਸਿੰਘ, ਗੁਰਦੀਪ ਸਿੰਘ, ਵਿਜੈ, ਰਾਜਾ ਰਾਮ, ਸਾਹਿਬ ਸਿੰਘ, ਰਣਜੀਤ ਸਿੰਘ ਬੱਲ, ਭੁਪਿੰਦਰਜੀਤ ਸਿੰਘ ਛੀਨਾ, ਜਸਬੀਰ ਸਿੰਘ ਝਬਾਲ, ਗੁਰਨਾਮ ਸਿੰਘ, ਸਰਵਣ ਸਿੰਘ, ਕੁਲਵੰਤ ਸਿੰਘ, ਬਲਬੀਰ ਸਿੰਘ, ਧਰਮਪਾਲ, ਸੂਰਜ, ਜਸਵੰਤ ਸਿੰਘ ਆਦਿ ਹਾਜ਼ਰ ਸਨ।


ਪਠਾਨਕੋਟ

**ਪਠਾਨਕੋਟ (ਦਵਿੰਦਰ ਸਿੰਘ)**- ਰਣਜੀਤ ਸਾਗਰ ਡੈਮ ਪ੍ਰੋਜੈਕਟ ਦੇ ਸ਼ਹੀਦ ਸਮਾਰਕ ਤੇ ਸੀਟੀਯੂ ਵੱਲੋਂ ਵਿਸ਼ਵ ਮਜ਼ਦੂਰ ਦਿਵਸ ਮੌਕੇ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ ਦੀ ਮੰਗ ਉਠਾਈ ਗਈ।ਡੈਮ ਪ੍ਰੋਜੈਕਟ ਤੇ ਕੰਮ ਕਰ ਰਹੀ ਸੀਟੀਯੂ ਅਤੇ ਥੀਨ ਡੈਮ ਵਰਕਰਜ਼ ਯੂਨੀਅਨ ਵੱਲੋਂ ਸੀਟੀਯੂ ਦੇ ਪ੍ਰਾਂਤੀ ਮਹਾਸਚਿਵ ਸਰਦਾਰ ਨੱਥਾ ਸਿੰਘ ਟਡਵਾਲ ਦੀ ਅਗਵਾਈ ਹੇਠ ਡੈਮ ਪ੍ਰਸ਼ਾਸਨ ਦੇ ਸ਼ਹੀਦ ਸਮਾਰਕ 'ਤੇ ਵੱਡੀ ਗਿਣਤੀ ਵਿੱਚ ਪ੍ਰੋਜੈਕਟ ਦੇ ਕਰਮਚਾਰੀ ਅਤੇ ਕਰਮਚਾਰੀ ਆਗੂ ਇਕੱਠੇ ਹੋ ਕੇ ਵਿਸ਼ਵ ਮਜ਼ਦੂਰ ਦਿਵਸ ਮਨਾਇਆ ਗਿਆ।ਇਸ ਮੌਕੇ ਕਾਮਰੇਡ ਨੱਥਾ ਸਿੰਘ, ਸੀਨੀਅਰ ਅਧਿਕਾਰੀ ਹਰਿੰਦਰ ਸਿੰਘ ਰੰਧਾਵਾ, ਸਕੱਤਰ ਸਿੰਘ, ਜਨਕ ਰਾਜ ਛੋਟਾ, ਬੂਡ ਸਿੰਘ, ਵਿਜੈ ਕੁਮਾਰ, ਰਣਜੋਧ ਸਿੰਘ ਅਤੇ ਹੋਰ ਕਈ ਕਰਮਚਾਰੀ ਆਗੂ ਹਾਜ਼ਰ ਸਨ।


ਭਿੱਖੀਵਿੰਡ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਮੈਡਮ ਗੁਰਵਿੰਦਰਬੀਰ ਕੌਰ ਨੇ ਮਜ਼ਦੂਰਾਂ ਦੀ ਮਹੱਤਤਾ ਤੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਚੌਥੇ ਦਰਜੇ ਦੇ ਮੁਲਾਜ਼ਮਾਂ ਦੇ ਮਨੋਰੰਜਨ ਲਈ ਰੰਗਾ-ਰੰਗ ਪ੍ਰੋਗਰਾਮ ਜਿਵੇਂ ਐਕਸ਼ਨ ਸੌਂਗ, ਕੋਰੀਓਗਰਾਫੀ, ਗੀਤ ਆਦਿ ਪੇਸ਼ ਕੀਤਾ ਗਿਆ। ਕੁਲਵਿੰਦਰ ਕੌਰ ਨੂੰ ਸੀਨੀਅਰ ਸਫਾਈ ਕਰਮਚਾਰੀ ਦਾ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮੈਂਬਰ ਇੰਚਾਰਜ ਸ. ਮਨਜੀਤ ਸਿੰਘ ਢਿੱਲੋਂ, ਸ. ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰ. ਅਨੁਰੀਤ ਬਾਵਾ ਵੱਲੋਂ ਸਕੂਲ ਦੇ ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਮਠਿਆਈ ਦੇ ਡੱਬੇ ਵੰਡੇ ਗਏ ਅਤੇ ਉਨ੍ਹਾਂ ਨੇ ਬੱਚਿਆਂ ਨੂੰ ਮਜ਼ਦੂਰਾਂ ਦੀ ਸਾਡੀ ਜ਼ਿੰਦਗੀ ਵਿੱਚ ਅਹਿਮ ਮਹੱਤਤਾ ਬਾਰੇ ਜਾਣੂ ਕਰਵਾਉਂਦਿਆਂ ਉਨ੍ਹਾਂ ਦੀ ਇੱਜ਼ਤ ਕਰਨ ਦੇ ਲਈ ਪ੍ਰੇਰਿਤ ਕੀਤਾ।


ਝਬਾਲ


ਅੰਮ੍ਰਿਤਸਰ


ਅੰਮ੍ਰਿਤਸਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਲੋਕ ਭਲਾਈ ਮੰਚ ਪੰਜਾਬ ਵੱਲੋਂ ਐੱਸ. ਸੀ. ਧਰਮਸ਼ਾਲਾ, ਲਾਗੇ ਗੁਰਦੁਆਰਾ ਸਿੰਘ ਸਭਾ ਗੁਰੂ ਨਾਨਕਪੁਰਾ ਵਿਖੇ ਕਿਸ਼ਨ ਲਾਲ, ਵਰਿਆਮ ਚੰਦ, ਬਲਬੀਰ ਸਿੰਘ ਝਾਮਕਾ, ਅਸ਼ਵਨੀ ਕੁਮਾਰ ਅਤੇ ਤੀਰਥ ਰਾਮ ਦੀ ਅਗਵਾਈ ਹੇਠ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ ਗਿਆ।ਸਟੇਜ ਦੀ ਜ਼ਿਮੇਵਾਰੀ ਕੁਲਦੀਪ ਸਿੰਘ ਤੇ ਅਮਰਜੀਤ ਸਿੰਘ ਗਿੱਲ ਨੇ ਨਿਭਾਈ।ਸਭ ਤੋਂ ਪਹਿਲਾਂ ਲਾਲ ਝੰਡਾ ਲਹਿਰਾਕੇ, ਨਾਹਰੇ ਲਾ ਕੇ ਸ਼ਿਕਾਗੋ ਦੇ ਸ਼ਹੀਦ ਮਜ਼ਦੂਰ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਸਮੇਂ ਉਪਰੋਕਤ ਤੋਂ ਇਲਾਵਾ ਰਣਜੀਤ ਸਿੰਘ ਰਾਣਾ ਬਲਦੇਵ ਸਿੰਘ, ਕਿਰਪਾਲ ਸਿੰਘ, ਬਿਹਾਰੀ ਲਾਲ, ਅਜੀਤ ਸਿੰਘ ਭੱਟੀ, ਸਤਪਾਲ ਸਿੰਘ ਗਿੱਲ, ਧਿਆਨ ਚੰਦ, ਸੰਦੀਪ ਕੁਮਾਰ, ਕੇਵਲ ਸਿੰਘ, ਰੀਟਾ ਰਾਣੀ, ਰਾਜਰਾਣੀ, ਸਰਵਨ ਸਿੰਘ, ਰਵੀ ਕੁਮਾਰ, ਕੌਮਲਪਰੀਤ ਕੌਰ, ਪੂਜਾ, ਰਣਜੀਤ ਸਿੰਘ, ਰਚਨਾ ਰਾਣੀ, ਰਾਮਦੇਵ, ਨੇਕੀ ਰਾਮ, ਅਮਰੀਕ ਸਿੰਘ,ਲਾਲ ਸਿੰਘ, ਅਮਰੀਕ ਕੌਰ, ਦਵਿੰਦਰ ਸਿੰਘ ਡਾਕਟਰ, ਪ੍ਰੇਮ ਚੰਦ, ਪਰਮਜੀਤ ਕੌਰ, ਕੁਲਵੰਤ ਕੁਮਾਰ,ਰਾਹੁਲ, ਲਵਪ੍ਰੀਤ ਸਿੰਘ, ਹਰਜਿੰਦਰ ਸਿੰਘ ਨਾਰਲੀ, ਬਾਜ ਸਿੰਘ ਮਨਦੀਪ ਸਿੰਘ, ਚਰਨਜੀਤ ਸਿੰਘ, ਸੰਦੀਪ ਸਿੰਘ ਤੇ ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।

**ਝਬਾਲ (ਹਰਜਿੰਦਰ ਸਿੰਘ ਸੋਨੀ)** ਕਸਬਾ ਝਬਾਲ ਦੀ ਦਾਨਾ ਮੰਡੀ ਵਿਖੇ ਇੱਕ ਮਈ ਮਜ਼ਦੂਰ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ।ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਕੇਸ਼ ਕੁਮਾਰ ਤੁਲੀ ਦੇ ਆਦੇਸ਼ਾਂ ਤੇ ਮਜ਼ਦੂਰ ਯੂਨੀਅਨ ਮੰਡੀ ਝਬਾਲ ਦੇ ਪ੍ਰਧਾਨ ਜੋਗਾ ਸਿੰਘ ਚੀਮਾ ਦੀ ਅਗਵਾਈ ਹੇਠ ਮਜ਼ਦੂਰ ਆਗੂ ਬਾਬਾ ਦਰਸ਼ਨ ਸਿੰਘ ਪੰਜਵੜ, ਸ਼ੀਤਲ ਸਿੰਘ, ਜਰਨੈਲ ਸਿੰਘ ਚੀਮਾ, ਅਮਰੀਕ ਸਿੰਘ ਛਾਪਾ, ਕੁਲਦੀਪ ਸਿੰਘ ਨਿੱਕੂ ਨੰਦਾ ਝਬਾਲ, ਰੋਸ਼ਨ ਸਿੰਘ ਝਬਾਲ, ਕੁਲਵੰਤ ਸਿੰਘ ਛਾਪਾ, ਬਸੰਤ ਸਿੰਘ ਛਾਪਾ, ਜਸਵੰਤ ਸਿੰਘ ਜੱਸਾ ਪੰਜਵੜ, ਸੁੱਖ ਝਬਾਲ, ਗੁਰਪ੍ਰੀਤ ਸਿੰਘ ਮੱਜੂਪੁਰ ਮੋਟਾ, ਠੇਕੇਦਾਰ ਸ਼ਵਿੰਦਰ ਸਿੰਘ, ਮੰਨੂੰ ਚੀਮਾ ਆਦਿ ਸਮੇਤ ਮਜ਼ਦੂਰਾਂ ਵੱਲੋਂ ਲਾਲ ਝੰਡਾ ਲੈ ਕੇ ਮੰਡੀ ਝਬਾਲ ਦਾ ਗੇੜਾ ਲਾਇਆ ਅਤੇ ਮਜ਼ਦੂਰ ਏਕਤਾ ਜਿੰਦਾਬਾਦ ਦੇ ਨਾਹਰੇ ਲਾਉਂਦਿਆਂ ਮਾਰਕਿਟ ਕਮੇਟੀ ਝਬਾਲ ਪਹੁੰਚੇ। ਉਨ੍ਹਾਂ ਮਜ਼ਦੂਰ ਸਾਥੀਆਂ ਨੂੰ ਮਜ਼ਦੂਰ ਦਿਵਸ ਤੇ ਮਜ਼ਦੂਰ ਯੂਨੀਅਨ ਵਿੱਚ ਰਹਿੰਦਿਆਂ ਏਕਤਾ ਬਣਾਈ ਰੱਖਣ ਤੇ ਹੱਕੀ ਮੰਗਾਂ ਲਈ ਸੰਘਰਸ਼ ਲਈ ਹਮੇਸ਼ਾ ਤਿਆਰ ਰਹਿਣ ਲਈ ਪ੍ਰਣ ਕਰਨ ਅਤੇ ਸੱਚੀ ਸੁੱਚੀ ਕਿਰਤ ਕਰਨ ਲਈ ਪ੍ਰੇਰਿਤ ਕੀਤਾ।

**ਝਬਾਲ (ਹਰਜਿੰਦਰ ਸਿੰਘ ਸੋਨੀ)**— ਹਾਵਰਡ ਲੇਨ ਸੀਨੀਅਰ ਸਕੂਲ ਵਿਖੇ ਕਿਰਤੀ ਦਿਵਸ ਨੂੰ ਮੱਦੇ ਨਜ਼ਰ ਰੱਖਦਿਆਂ ਖ਼ਾਸ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ।ਜਿਸ ਦੀ ਸ਼ੁਰੂਆਤ ਸ਼ਬਦ ਗਾਇਨ ਰਾਹੀਂ ਕੀਤੀ ਗਈ।ਇਸ ਮੌਕੇ ਤੇ ਵਿਦਿਆਰਥੀਆਂ ਨੇ ਵੱਖ-ਵੱਖ ਕਵਿਤਾਵਾਂ ਤੇ ਗੀਤ ਪੇਸ਼ ਕੀਤੇ।ਇਸ ਦਿਵਸ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਿੰ. ਬਲਰਾਜ ਸਿੰਘ ਬਾਠ ਤੇ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਸਫ਼ਾਈ ਕਰਮਚਾਰੀਆਂ, ਡਰਾਈਵਰਾਂ, ਗੇਟ ਸੁਰੱਖਿਆ ਅਧਿਕਾਰੀ ਤੇ ਮਾਲੀ ਆਦਿ ਦੀਆਂ ਜ਼ਿੰਮੇਵਾਰੀਆਂ ਨਿਭਾਅ ਰਹੇ ਕਰਮਚਾਰੀਆਂ ਦਾ ਬਹੁਤ - ਬਹੁਤ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਸਾਡੀ ਸੁਰੱਖਿਆਂ ਦਾ ਪੂਰਾ ਖ਼ਿਆਲ ਰੱਖਦੇ ਹਨ ਤੇ ਸਾਡੇ ਮਦਦਗਾਰ ਬਣਦੇ ਹਨ।ਇਸ ਮੌਕੇ ਸਕੂਲ ਵੱਲੋਂ ਉਨ੍ਹਾਂ ਨੂੰ ਪਿਆਰ ਭਰੀ ਭੇਂਟ ਦੇ ਕੇ ਸਨਮਾਨਿਤ ਕੀਤਾ ਗਿਆ।

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**- ਕਾਮਰੇਡ ਲਾਜ਼ਰ ਮਸੀਹ ਦੇ ਉਦਮ ਸਦਕਾ ਭਾਰਤੀ ਇਨਕਲਾਬੀ ਮਰਕਸਵਾਦੀ ਪਾਰਟੀ ਵੱਲੋਂ ਮਜ਼ਦੂਰ ਦਿਵਸ ਮਨਾਉਣ ਮੌਕੇ ਪਾਰਟੀ ਦੇ ਜ਼ਿਲ੍ਹਾ ਕਮੇਟੀ ਮੈਂਬਰ ਕਾਮਰੇਡ ਹਰਭਜਨ ਸਿੰਘ ਚੁਸਲੇਵੜ ਨੇ ਦੱਸਿਆ ਕਿ 19ਵੀਂ ਸਦੀ ਵਿਚ ਕਿਰਤੀ ਲੋਕਾਂ ਕੋਲੋਂ ਡੰਗਰਾਂ ਵਾਂਗੂ ਕੰਮ ਲਿਆ ਜਾਂਦਾ ਸੀ। 1886 ਵਿੱਚ ਅਮਰੀਕਾ ਦੇ ਸ਼ਹਿਰ ਸਿਕਾਗੋ ਵਿੱਚ ਮਜ਼ਦੂਰਾਂ ਨੇ ਇਕੱਤਰ ਹੋ ਕੇ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤੀ ਮਾਰਚ ਕੱਢਿਆ ਪਰ ਉਸ ਵੇਲੇ ਦੇ ਸ਼ਾਸਕ ਨੇ ਮਜ਼ਦੂਰਾਂ 'ਤੇ ਗੋਲੀ ਚਲਾ ਦਿੱਤੀ ਤੇ ਕੁਝ ਮਜ਼ਦੂਰ ਸ਼ਹੀਦ ਤੇ ਕੁਝ ਜ਼ਖਮੀ ਹੋ ਗਏ ਸਨ ਜਿਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਅਸੀਂ ਸਭ ਇਕੱਤਰ ਹੋ ਕੇ ਆਪਣੇ ਹੱਕਾਂ ਦੀ ਰਾਖੀ ਕਰੀਏ। ਇਸ ਮੌਕੇ ਕਾਮਰੇਡ ਹਰਭਜਨ ਸਿੰਘ ਖਾਰਾ, ਸੁਖਦੇਵ ਸਿੰਘ, ਨਿਸ਼ਾਨ ਸਿੰਘ, ਅਵਤਾਰ ਸਿੰਘ, ਬਲਦੇਵ ਸਿੰਘ,ਬਗੀਚਾ ਸਿੰਘ, ਹੀਰਾ ਸਿੰਘ, ਪ੍ਰਤਾਬ ਸਿੰਘ ਆਦਿ ਹਾਜ਼ਰ ਸਨ।

**ਭਿੱਖੀਵਿੰਡ (ਰਣਜੀਤ ਸਿੰਘ ਵਲਟੋਹਾ)**- ਗੁਰੂਕੁਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਹਾੜੇ ਨੂੰ ਸਮਰਪਤ ਪ੍ਰੋਗਰਾਮ ਕਰਵਾਇਆ ਗਿਆ।ਵਿਦਿਆਰਥੀਆਂ ਵੱਲੋਂ ਮਜ਼ਦੂਰ ਦਿਹਾੜੇ ਨੂੰ ਸਮਰਪਤ ਕਵਿਤਾ ਅਤੇ ਗੀਤ ਪੇਸ਼ ਕੀਤੇ ਗਏ।ਅਧਿਆਪਕਾਂ ਨੇ ਬੱਚਿਆਂ ਨੂੰ ਮਜ਼ਦੂਰ ਦਿਵਸ਼ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ।ਉਨ੍ਹਾਂ ਦੱਸਿਆ ਕਿ ਪਹਿਲੀ ਮਈ 1886 ਨੂੰ ਹੱਕ ਮੰਗਦੇ ਮਜ਼ਦੂਰਾਂ ਨੇ ਸ਼ਿਕਾਗੋ ਵਿਖੇ ਵਿਸ਼ਾਲ ਪ੍ਰਦਰਸ਼ਨ ਕੀਤਾ ਅਤੇ ਹਾਕਮ ਧਿਰ ਵੱਲੋਂ ਉਨ੍ਹਾਂ ਤੇ ਤਸ਼ੱਦਦ ਢਾਇਆ ਗਿਆ। ਇਸ ਤੋਂ ਬਾਅਦ ਰੂਸ ਅਤੇ ਹੋਰ ਦੇਸ਼ਾਂ ਵਿੱਚ ਵੱਖ-ਵੱਖ ਸਮੇਂ ਬਣੀਆਂ ਮਜ਼ਦੂਰ ਸਰਕਾਰਾਂ ਬਾਰੇ ਵੀ ਚਾਨਣਾ ਪਾਇਆ ਗਿਆ।ਉਨ੍ਹਾਂ ਅੱਗੇ ਦੱਸਿਆ ਕਿ ਜੇਕਰ ਅਜੋਕੀ ਵਿਵਸਥਾ ਤੇ ਝਾਤ ਮਾਰੀਏ ਤਾਂ ਕਿਰਤੀ ਕਾਮੇ, ਕਿਸਾਨ ਅਤੇ ਮਜ਼ਦੂਰ ਆਪਣੇ ਹੱਕਾਂ ਪ੍ਰਤੀ ਸੰਘਰਸ਼ ਕਰਦੇ ਨਜ਼ਰ ਆਉਂਦੇ ਹਨ।ਦੂਜੇ ਪਾਸੇ ਸਰਕਾਰਾਂ ਵੱਲੋਂ ਜਨਤਕ ਸਥਾਨ ਕਾਰਪੋਰੇਟਾਂ ਦੇ ਹਵਾਲੇ ਕੀਤੇ ਜਾ ਰਹੇ ਹਨ ਅਤੇ ਮਿਹਨਤਕਸ਼ ਲੋਕਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ।ਇਸ ਸਮੇਂ ਸਕੂਲ ਚੇਅਰਮੈਨ ਦਲਜੀਤ ਮਲਹੋਤਰਾ, ਵਾਈਸ ਪ੍ਰਿੰਸੀਪਲ ਮੈਡਮ ਪਰਮਜੀਤ ਕੌਰ, ਕੋਆਰਡੀਨੇਟਰ ਹਰਮਨਪ੍ਰੀਤ ਕੌਰ ਅਤੇ ਇੰਦਰਜੀਤ ਕੌਰ, ਅਧਿਆਪਕ ਗੁਰਚਰਨ ਸਿੰਘ, ਅਮਨਦੀਪ ਸਿੰਘ, ਹਰਨੰਦ ਸਿੰਘ ਬਾਕੀ ਸਕੂਲ ਸਟਾਫ ਹਾਜ਼ਰ ਸਨ।

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਅਡਾਨੀ ਗਰੁੱਪ ਦੇ ਸੰਸਥਾਪਕ ਚੇਅਰਮੈਨ ਗੌਤਮ ਅਡਾਨੀ ਨੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ ਤੇ ਦੀ ਭਵਿੱਖ ਦੀ ਰਣਨੀਤੀ ਸਾਂਝੀ ਕਰਦਿਆ ਕਿਹਾ ਕਿ ਕੰਪਨੀ ਆਪਣੀ ਪ੍ਰਗਤੀ ਨੂੰ ਨਾ ਸਿਰਫ ਪ੍ਰੋਜੈਕਟਸ ਜਾਂ ਸੰਪਤੀਆਂ ਤੋਂ, ਬਲਕਿ ਲੋਕਾਂ ਦੇ ਜੀਵਨ ਤੇ ਪੈਣ ਵਾਲੇ ਪ੍ਰਭਾਵ ਨੂੰ ਵੀ ਮਾਪੇਗੀ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ ਤੇ ਸਮੂਹ ਕਰਮਚਾਰੀਆਂ ਅਤੇ ਭਾਈਵਾਲਾਂ ਨੂੰ ਸੰਬੋਧਨ ਕਰਦਿਆਂ, ਗੌਤਮ ਅਡਾਨੀ ਨੇ ਕਿਹਾ ਕਿ ਅਡਾਨੀ ਗਰੁੱਪ, ਜੋ ਦੇਸ਼ ਦੇ 24 ਰਾਜਾਂ ਵਿੱਚ 700 ਤੋਂ ਵੱਧ ਕਾਰਜ ਸਥਾਨਾਂ ਅਤੇ ਲਗਭਗ 4 ਲੱਖ ਕਰਮਚਾਰੀਆਂ, ਭਾਈਵਾਲਾਂ ਅਤੇ ਠੇਕੇਦਾਰਾਂ ਨਾਲ ਕੰਮ ਕਰਦਾ ਹੈ।ਹੁਣ ਨਾ ਸਿਰਫ ਮੌਜੂਦਾ ਜਾਇਦਾਦਾਂ ਤੋਂ ਬਲਕਿ ਪੈਦਾ ਹੋਏ ਰੁਜ਼ਗਾਰ ਅਤੇ ਮਜ਼ਬੂਤ ਭਾਈਚਾਰਿਆਂ ਤੋਂ ਆਪਣੀ ਪ੍ਰਗਤੀ ਨੂੰ ਮਾਪੇਗਾ।ਉਨ੍ਹਾਂ ਨੇ ਕਿਹਾ ਕਿ ਮਜ਼ਦੂਰਾਂ ਨੂੰ ਰਾਸ਼ਟਰ-ਨਿਰਮਾਣ ਦੇ ਕੇਂਦਰ ਵਿੱਚ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਅਡਾਨੀ ਸਮੂਹ ਦਾ ਟੀਚਾ ਨਾ ਸਿਰਫ ਪ੍ਰੋਜੈਕਟਸ ਨੂੰ ਪੂਰਾ ਕਰਨਾ ਜੀ ਨਹੀਂ ਬਲਕਿ ਰੁਜ਼ਗਾਰ ਦੇ ਮੌਕੇ ਵਧਾਉਣਾ ਅਤੇ ਭਾਈਚਾਰਿਆਂ ਨੂੰ ਮਜ਼ਬੂਤ ਕਰਨਾ ਵੀ ਹੈ।


ਝਬਾਲ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ ਕਰਾਂਤੀ ਕਾਰੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਵਲੋ ਅੱਜ ਪਿੰਡ ਮਸਾਣੀਆਂ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਗਿਆ ਅਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਪਰੰਤ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਡਾ. ਅਸ਼ੋਕ ਭਾਰਤੀ, ਸੀਨੀਅਰ ਸੂਬਾ ਆਗੂ ਸਵਿੰਦਰ ਪਾਲ ਸਿੰਘ ਮੋਹਲੋਵਾਲੀ, ਜ਼ਿਲ੍ਹਾ ਖਜਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ ਅਤੇ ਜ਼ਿਲ੍ਹਾ ਕਮੇਟੀ ਆਗੂ ਮਾਸਟਰ ਜਗੀਰ ਸਿੰਘ ਅਤੇਪੁਰ ਨੇ ਕਿਹਾ ਕਿ ਅੱਜ ਅਮਰੀਕੀ ਸਾਮਰਾਜ ਸੰਸਾਰ ਭਰ ਵਿੱਚ ਜੰਗਾਂ ਯੁੱਧਾਂ ਰਾਹੀਂ ਅਤੇ ਯਹੂਦਵਾਦੀ ਇਸਰਾਇਲੀ ਪਸਾਰ ਵਾਦੀਆਂ ਨੂੰ ਸ਼ਹਿ ਦੇ ਕੇ ਨਿਹੱਕੀ ਲੋਕ ਮਾਰੂ ਜੰਗਾਂ ਛੇੜ ਰਿਹਾ ਹੈ।ਗਾਜ਼ਾ ਫਲਸਤੀਨ ਅਤੇ ਇਰਾਨ ਵਿੱਚ ਨਿਰਦੋਸ਼ਾਂ ਦਾ ਕਤਲੇਆਮ ਕਰਵਾ ਰਿਹਾ ਹੈ ਅਤੇ ਭਾਰਤੀ ਹਾਕਮ ਉਸ ਦੀ ਤਾਬਿਆ ਵਿੱਚ ਦੰਡੌਤ ਕਰ ਕੇ ਅਤੇ ਦੇਸ਼ ਵਿਰੋਧੀ ਸਮਝੌਤੇ ਕਰ ਰਹੇ ਹਨ। ਇਸ ਮੌਕੇ ਬਲਾਕ ਸਕੱਤਰ ਕੁਲਦੀਪ ਸਿੰਘ ਸੈਰੋਵਾਲ ਡਾ ਸਤਨਾਮ ਸਿੰਘ ਅਤੇਪੁਰ ਕੁਲਵਿੰਦਰ ਸਿੰਘ ਬਸਰਾਵਾਂ ਗੁਰਨਾਮ ਸਿੰਘ ਚੀਮਾ ਖੁੱਡੀ ਗਿਆਨ ਸਿੰਘ ਚੀਮਾ ਖੁੱਡੀ ਸਾਥੀ ਪ੍ਰੇਮ ਦਾਸ ਕਾਹਨੂੰਵਾਨ ਪ੍ਰੀਤਮ ਦਾਸ ਫੌਜੀ ਬੀਰਬਲ ਸਰਦਾਰ ਮਸੀਹ ਸਰਦੂਲ ਮਸੀਹ ਦਰਸ਼ਨ ਲਾਲ ਬੂਟਾ ਮਸੀਹ ਕਾਲਾ ਭਗਤ ਨਿਧਾਨ ਸਿੰਘ ਦਾਰਾ ਮਸੀਹ ਸਰਬਜੀਤ ਸਿੰਘ ਸੁਖਵਿੰਦਰ ਸਿੰਘ ਸ਼ੱਬਾ ਅਰਸ਼ਦੀਪ ਸਿੰਘ ਲਖਵਿੰਦਰ ਸਿੰਘ ਜੇ ਈ ਬੀਬੀ ਮਿੰਦੋ ਪ੍ਰੇਮਾਂ ਨੋਨੀ ਨੇਹਾਂ ਦਲਬੀਰੋ ਗੁਰਮੀਤ ਕੌਰ ਨਿਰਮਲਾ ਸ਼ੀਲੋ ਪਰਵੀਨ ਆਦਿ ਹਾਜ਼ਰ ਸਨ।

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**- ਭਾਰਤੀ ਕਮਿਊਨਿਸਟ ਪਾਰਟੀ ਬਲਾਕ ਵਲਟੋਹਾ ਵੱਲੋਂ ਪਾਰਟੀ ਦਫਤਰ ਵਲਟੋਹਾ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ। ਝੰਡਾ ਚੜ੍ਹਾਉਣ ਦੀ ਰਸਮ ਬਲਾਕ ਸਕੱਤਰ ਕਿਰਨਜੀਤ ਕੌਰ ਵਲਟੋਹਾ ਅਤੇ ਖੇਤ ਮਜ਼ਦੂਰ ਸਭਾ ਦੇ ਆਗੂ ਜਗਿੰਦਰ ਸਿੰਘ ਲੱਦੜ ਨੇ ਨਿਭਾਈ। ਆਗੂਆਂ ਨੇ ਬੋਲਦੇ ਹੋਏ ਕਿਹਾ ਕਿ ਮਜ਼ਦੂਰ ਦਿਵਸ ਪੂੰਜੀਵਾਦ ਲੁਟੇਰੇ ਪ੍ਰਬੰਧ ਤੋਂ ਖਲਾਸੀ ਲਈ ਲਹੂ ਵੀਟਵੇਂ ਸੰਘਰਸ਼ ਅਤੇ ਕੀਤੀਆਂ ਕੁਰਬਾਨੀਆਂ ਦਾ ਪ੍ਰਤੀਕ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਕੋਟਲੀ, ਕਾਬਲ ਸਿੰਘ ਆਸਲ, ਗੁਰਲਾਲ ਸਿੰਘ, ਜਸਵੰਤ ਸਿੰਘ, ਗੁਰ ਪ੍ਰਤਾਪ ਸਿੰਘ, ਗੁਰਵੇਲ ਸਿੰਘ, ਗੁਰਨਾਮ ਸਿੰਘ, ਰਣਜੀਤ ਸਿੰਘ, ਦਲੀਪ ਸਿੰਘ ਲਾਖਨਾ, ਮਨਜੀਤ ਕੌਰ, ਪਰਮਜੀਤ ਕੌਰ, ਸਰਬਜੀਤ ਕੌਰ, ਸਨਾਵਰ ਸਿੰਘ, ਅਭੀਜੋਤ ਸਿੰਘ, ਸਮਰਦੀਪ ਸਿੰਘ, ਲਾਲ ਸਿੰਘ, ਮੰਗਤ ਸਿੰਘ, ਬਲਜੀਤ ਸਿੰਘ, ਪ੍ਰਭਜੀਤ ਸਿੰਘ ਆਦਿ ਹਾਜ਼ਰ ਸਨ।

**ਤਰਨ ਤਾਰਨ, ਖਡੂਰ ਸਾਹਿਬ (ਪ੍ਰਿਤਪਾਲ ਸਿੰਘ, ਸਰਬਜੋਤ ਸਿੰਘ ਸੰਧਾ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਸ਼ਹੀਦ ਦੀਪਕ ਧਵਨ ਯਾਦਗਾਰੀ ਭਵਨ ਤਰਨ ਤਾਰਨ ਵਿਖੇ ਸੂਹਾ ਪ੍ਰਚਮ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਫਾਸ਼ੀਵਾਦੀ ਤਾਕਤਾ ਖਿਲਾਫ ਲੜਨ ਦਾ ਪ੍ਰਣ ਕੀਤਾ ਗਿਆ।ਝੰਡਾ ਲਹਿਰਾਉਣ ਦੀ ਰਸਮ ਮੁਖਤਾਰ ਸਿੰਘ ਮੱਲ੍ਹਾ ਨੇ ਨਿਭਾਈ।ਇਸ ਮੌਕੇ ਪਾਰਟੀ ਦੇ ਸੂਬਾਈ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਨੇ ਮਈ ਦਿਵਸ ਦਿਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਬੀ ਜੇ ਪੀ ਦੀ ਅਗਵਾਈ ਵਾਲੀ ਮੋਦੀ ਦੀ ਫਿਰਕੂ ਫਾਸ਼ੀਵਾਦੀ ਨੀਤੀ ਖਿਲਾਫ ਲੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਮੋਦੀ ਸਰਕਾਰ ਘੱਟ ਗਿਣਤੀਆਂ ਦਲਿਤਾਂ, ਮੁਸਲਮਾਨਾਂ, ਇਸਾਈਆਂ 'ਤੇ ਤੇਜ਼ੀ ਨਾਲ ਹਮਲੇ ਕਰ ਰਹੀ ਹੈ ।ਇਸ ਮੌਕੇ ਰੇਸ਼ਮ ਸਿੰਘ ਫੈਲੋਕੇ, ਮਨਜੀਤ ਸਿੰਘ ਬੱਗੂ, ਤਰਲੋਚਨ ਸਿੰਘ ਤਰਨ ਤਾਰਨ, ਕਰਮ ਸਿੰਘ ਪੰਡੋਰੀ, ਦਲਬੀਰ ਸਿੰਘ ਬਾਗੜੀਆ, ਜਸਬੀਰ ਕੌਰ ਤਰਨ ਤਾਰਨ, ਸੁਰਿੰਦਰ ਸਿੰਘ ਖੱਬੇ, ਬਲਵਿੰਦਰ ਸਿੰਘ ਬਾਗੜੀਆ, ਸਰਵਨ ਸਿੰਘ ਦੇਓ, ਚੈਂਚਲ ਸਿੰਘ ਅਲਾਦੀਨਪੁਰ ਆਦਿ ਹਾਜ਼ਰ ਸਨ।

**ਬਟਾਲਾ (ਤਰਲੋਕ ਬੱਗਾ)**- ਏਟਕ, ਸੀਟੂ, ਸੀਟੀਯੂ ਪੰਜਾਬ ਅਤੇ ਏਕਟੂ ਵੱਲੋਂ ਸ਼ਹੀਦ ਸੁਖਾ ਸਿੰਘ ਮਹਿਤਾਬ ਸਿੰਘ ਪਾਰਕ ਵਿਖੇ 140 ਸਾਲ ਪਹਿਲਾਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਸ਼ਹੀਦ ਕੀਤੇ ਗਏ ਪਹਿਲੀ ਮਈ ਦੇ ਮਜ਼ਦੂਰ ਆਗੂਆਂ ਨੂੰ ਸ਼ਰਧਾਂਜਲੀ ਸਮਾਗਮ ਕਰਵਾਇਆ। ਅਸ਼ਵਨੀ ਕੁਮਾਰ ਲੱਖਣ ਕਲਾਂ, ਜਰਨੈਲ ਸਿੰਘ, ਜਗੀਰ ਸਿੰਘ ਕਿਲਾ ਲਾਲ ਸਿੰਘ ਅਤੇ ਮਹਿੰਦਰ ਸਿੰਘ ਕਾਂਹਲੋਂ ਦੀ ਪ੍ਰਧਾਨਗੀ ਹੇਠ ਕੀਤਾ ਗਿਆ।ਇਸ ਸਮੇ ਬੋਲਦਿਆਂ ਗੁਲਜਾਰ ਸਿੰਘ ਬਸੰਤਕੋਟ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਰਣਬੀਰ ਸਿੰਘ ਵਿਰਕ ਅਤੇ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਅੱਜ ਦਾ ਮਈ ਦਿਵਸ ਉਸ ਸਮੇਂ ਮਨਾਇਆ ਜਾ ਰਿਹਾ ਹੈ ਜਦੋਂ ਫਾਸਿਸਟ ਮੋਦੀ ਸਰਕਾਰ ਨੇ ਮਜ਼ਦੂਰ ਪੱਖੀ 44 ਕਿਰਤ ਕਨੂੰਨਾਂ ਨੂੰ 4 ਕੋਡਾਂ ਵਿੱਚ ਬਦਲ ਦਿੱਤਾ ਗਿਆ ਹੈ। ਇਸ ਸਮੇਂ ਡਾਕਟਰ ਅਨੂਪ ਸਿੰਘ, ਰਘਬੀਰ ਸਿੰਘ ਪਕੀਵਾਂ, ਗੁਲਜ਼ਾਰ ਸਿੰਘ ਭੁੰਬਲੀ, ਜਨਕ ਰਾਜ ਅਹਿਮਦਾਬਾਦ, ਪ੍ਰੇਮ ਮਸੀਹ ਸੋਨਾ, ਸੁਰਜੀਤ ਸਿੰਘ ਘੁਮਾਣ, ਗੁਰਪ੍ਰੀਤ ਸਿੰਘ ਰੰਗੀਲਪੁਰ, ਸੋਮ ਸਿੰਘ, ਬਲਦੇਵ ਸਿੰਘ ਖਹਿਰਾ, ਅਵਤਾਰ ਸਿੰਘ ਠੱਠਾ, ਕੁਲਦੀਪ ਰਾਜ ਬਟਾਲਾ ਆਦਿ ਨੇ ਵਿਚਾਰ ਰੱਖੇ।


ਝਬਾਲ


ਝਬਾਲ


ਕਾਦੀਆਂ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸਥਾਨਿਕ ਗਾਂਧੀ ਗਰਾਊਂਡ ਵਿਚ ਸੀ.ਪੀ. ਆਈ. ਐੱਮ. ਐੱਲ. ਲਿਬਰੇਸ਼ਨ ਵੱਲੋਂ 1886 ਦੇ ਸਿਕਾਗੋਂ ਦੇ ਮਹਾਨ ਸ਼ਹੀਦਾ ਨੂੰ ਯਾਦ ਕੀਤਾ ਗਿਆ। ਇਸ ਮੌਕੇ ਝੰਡੇ ਦੀ ਰਸਮ ਤੋਂ ਬਾਅਦ ਸੀਪੀਆਈਐੱਮਐੱਲ ਲਿਬਰੇਸ਼ਨ ਦੀ ਜ਼ਿਲ੍ਹਾ ਇਕਾਈ ਤਰਨਤਾਰਨ ਦੇ ਕਾਰਜਕਾਰੀ ਸਕੱਤਰ ਦਲਵਿੰਦਰ ਸਿੰਘ ਨੌਸ਼ਹਿਰਾ ਪੰਨੂਆਂ ਨੇ ਕਿਹਾ ਕਿ ਮਜ਼ਦੂਰ ਜਮਾਤ ਦੇ 140ਵੇ ਸਾਲ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਜੇਕਰ ਫਰੋਲੀਏਆ ਤਾਂ ਇਹ ਗੱਲ ਸ਼ਪਸਟ ਨਜ਼ਰ ਆਉਂਦੀ ਹੈ ਕਿ ਭਾਰਤ ਦੇ ਮਜ਼ਦੂਰਾਂ ਤੋਂ ਪਹਿਲਾਂ ਅਮਰੀਕਾ ਦੇ ਗੋਰੇ ਮਜ਼ਦੂਰਾਂ ਨੇ ਚਿੱਟਾ ਝੰਡਾ ਲੈ ਕੇ ਇਨਕਲਾਬ ਦੀ ਸ਼ੁਰੂਆਤ ਕੀਤੀ ਸੀ ਜੋ ਸ਼ਹੀਦਾਂ ਦੇ ਲਹੂ ਨਾਲ ਲਾਲ ਹੋ ਗਿਆ।ਇਸ ਮੌਕੇ ਬਲਵਿੰਦਰ ਸਿੰਘ ਗੋਹਲਵੜ, ਸੰਗਾ ਸਿੰਘ ਢੋਟੀਆਂ, ਦਲਬੀਰ ਸਿੰਘ ਚੱਬਾ,ਬੀਰ ਸਿੰਘ ਤਰਨਤਾਰਨ, ਸੁਰਜੀਤ ਸਿੰਘ ਬਾਠ, ਨਿੰਦਰ ਸਿੰਘ ਖਡੂਰ ਸਾਹਿਬ, ਹਰਦੇਵ ਸਿੰਘ ਖਹਿਰਾ, ਹਰਦਿਆਲ ਸਿੰਘ ਖਡੂਰ ਸਾਹਿਬ, ਬਲਦੇਵ ਸਿੰਘ ਚੱਬਾ, ਮਨਜੀਤ ਕੌਰ ਭੁੱਲਰ, ਪੂਰਨ ਸਿੰਘ ਖਡੂਰ ਸਾਹਿਬ, ਬੀਬੀ ਮਨਜੀਤ ਕੌਰ ਚੱਬਾ, ਕਸ਼ਮੀਰ ਸਿੰਘ ਚੱਬਾ ਅਤੇ ਬਲਕਾਰ ਸਿੰਘ ਕੋਟ ਜਸਪਤ ਨੇ ਵੀ ਵਿਚਾਰ ਪੇਸ਼ ਕੀਤੇ।

## ਬਿਜਲੀ ਦੇ ਲੱਗ ਰਹੇ ਕੱਟਾਂ ਖਿਲਾਫ਼ ਕੀਤਾ ਰੋਸ ਪ੍ਰਦਰਸ਼ਨ

**ਧਾਰੀਵਾਲ, (ਮਨਦੀਪ ਵਿੱਕੀ)**- ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਸੱਦੇ ਅਨੁਸਾਰ ਬਿਜਲੀ ਦੇ ਕੱਟਾਂ ਨੂੰ ਲੈ ਕੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਦੀ ਅਗਵਾਈ ਹੇਠ ਵੱਡੀ ਗਿਣਤੀ ਅਕਾਲੀ ਆਗੂਆਂ ਤੇ ਵਰਕਰਾਂ ਵੱਲੋਂ ਪਾਵਰਕਾਮ ਡਿਵੀਜ਼ਨ ਦਫਤਰ ਧਾਰੀਵਾਲ ਧਾਰੀਵਾਲ ਦੇ ਮੁੱਖ ਗੇਟ ਸ਼ਹਿਰ ਵਿੱਚੋਂ ਲੰਘਦੇ ਮੁੱਖ ਮਾਰਗ ਉਪਰ ਧਰਨਾ ਦਿੱਤਾ ਅਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।ਧਰਨੇ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਸਮੇਤ ਬੁਲਾਰਿਆਂ ਨੇ ਕੁੰਭਕਰਨੀ ਸੁੱਤੀ ਭਗਵੰਤ ਸਿੰਘ ਮਾਨ ਦੀ ਸਰਕਾਰ 'ਤੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਸ਼ੋਮਣੀ ਅਕਾਲੀ ਦਲ ਦੀ ਸਰਕਾਰ ਨੇ ਆਪਣੇ ਰਾਜਕਾਲ ਦੌਰਾਨ ਨਵੇਂ ਥਰਮਲ ਪਲਾਂਟ ਲਾ ਕੇ ਬਿਜਲੀ ਸਰਪਲੱਸ ਕੀਤੀ ਸੀ।ਪਰ ਮੌਜੂਦਾ ਸਰਕਾਰ ਅਤੇ ਪਿਛਲੀ ਸਰਕਾਰ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ।ਉਨ੍ਹਾਂ ਨੇ ਕਿਹਾ ਕਿ ਸਮੇਂ ਦੀ ਸਰਕਾਰ ਹਰ ਫਰੰਟ ਤੇ ਫੇਲ੍ਹ ਰਹੀ ਹੈ ਅਤੇ ਹੁਣ ਬਿਜਲੀ ਸਪਲਾਈ ਝਮੱਕੇ ਦੇ ਰੂਪ ਵਿੱਚ ਹੀ ਵਿਖਾਈ ਦੇ ਰਹੀ ਹੈ।ਧਰਨੇ ਦੌਰਾਨ ਅਜੀਤ ਸਿੰਘ ਰਾਣਾ ਰਾਏਚੱਕ, ਸਾਬਕਾ ਚੇਅਰਮੈਨ ਕਵਲਜੀਤ ਸਿੰਘ ਚਾਹਲ, ਸਰਕਲ ਪ੍ਰਧਾਨ ਕਸ਼ਮੀਰ ਸਿੰਘ ਸਰਪੰਚ ਸਿੰਘਪੁਰਾ, ਇੰਜੀਨੀਅਰ ਜੇਪੀ ਸਿੰਘ, ਜੌਹਨ ਰਣੀਆ, ਮਨਮੋਹਨ ਸਿੰਘ ਬੱਬਰੀ ਨੰਗਲ, ਨਾਜਰ ਸਿੰਘ ਡੇਰੀਵਾਲ, ਨਰਿੰਦਰਜੀਤ ਸਿੰਘ ਲੇਹਲ, ਗਿਆਨ ਸਿੰਘ ਲੇਹਲ ਆਰੇਵਾਲਾ, ਕੌਂਸਲਰ ਇੰਦਰਿਆਸ ਹੰਸ, ਰੌਣਕੀ ਰਾਮ ਆਲੋਵਾਲ, ਸਾਬਕਾ ਕੌਂਸਲਰ ਵਿਜੇ ਕਾਦੀਆਂ, ਸਾਬਕਾ ਕੌਂਸਲਰ ਗਿੰਨੀ ਭਾਟੀਆ, ਸੁਖਦੇਵ ਸਿੰਘ ਪਸਨਾਵਾਲ, ਡਾਕਟਰ ਨਰਿੰਦਰ ਸਿੰਘ ਖਾਨਮਲਕ ਆਦਿ ਆਗੂਆਂ ਸਮੇਤ ਭਾਰੀ ਗਿਣਤੀ ਵਿੱਚ ਹਲਕਾ ਕਾਦੀਆਂ ਦੇ ਵਰਕਰ ਹਾਜ਼ਰ ਸਨ।



## ਸ਼ਿਵ ਕੁਮਾਰ ਬਟਾਲਵੀ ਦੀ 53ਵੀਂ ਬਰਸੀ 6 ਨੂੰ

**ਬਟਾਲਾ, (ਤਰਲੋਕ ਬੱਗਾ)**- ਬਿਰਹਾ ਦੇ ਸੁਲਤਾਨ, ਪੰਜਾਬ ਦੇ ਸਿਰਮੌਰ ਕਵੀ, ਸ਼ਿਵ ਕੁਮਾਰ ਬਟਾਲਵੀ ਦੀ 53ਵੀਂ ਬਰਸੀ 6 ਮਈ ਨੂੰ ਸ਼ਿਵ ਕੁਮਾਰ ਬਟਾਲਵੀ ਆਡੋਟੋਰੀਅਮ, ਜਲੰਧਰ ਰੋਡ ਬਟਾਲਾ ਵਿਖੇ ਮਨਾਈ ਜਾਵੇਗੀ।ਇਹ ਜਾਣਕਾਰੀ ਦਿੰਦਿਆਂ ਵਿਜੇ ਸੋਨੀ ਪ੍ਰਧਾਨ ਸ਼ਿਵ ਕੁਮਾਰ ਬਟਾਲਵੀ ਕਲਾ ਅਤੇ ਸੱਭਿਆਚਾਰਕ ਸੁਸਾਇਟੀ ਬਟਾਲਾ ਨੇ ਦੱਸਿਆ ਕਿ ਸ਼ਿਵ ਕੁਮਾਰ ਬਟਾਲਵੀ ਕਲਾ ਅਤੇ ਸੱਭਿਆਚਾਰਕ ਸੁਸਾਇਟੀ ਵੱਲੋਂ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦੀ ਬਰਸੀ ਮੌਕੇ ਕਵੀ ਦਰਬਾਰ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਸ਼ਿਰਕਤ ਕਰਨਗੇ।ਪ੍ਰਧਾਨ ਵਿਜੇ ਸੋਨੀ ਨੇ ਦੱਸਿਆ ਕਿ 6 ਮਈ ਨੂੰ ਸਵੇਰੇ 10 ਵਜੇ ਸਮਾਗਮ ਦੀ ਸ਼ੁਰੂਆਤ ਹੋਵੇਗੀ।ਸਭ ਤੋਂ ਪਹਿਲਾਂ ਸ਼ਿਵ ਕੁਮਾਰ ਬਟਾਲਵੀ ਦੇ ਬੁੱਤ ਨੂੰ ਫੁੱਲ ਅਰਪਨ ਕੀਤੇ ਜਾਣਗੇ।ਉਪਰੰਤ ਸ਼ਿਵ ਕੁਮਾਰ ਬਟਾਲਵੀ ਦੀ ਪੰਜਾਬੀ ਕਾਵਿ ਨੂੰ ਦੇਣ ਬਾਰੇ ਵਿਚਾਰ ਚਰਚਾ, ਕਵੀ ਦਰਬਾਰ ਅਤੇ ਸ਼ਿਵ ਕਾਵਿ ਗਾਇਨ ਹੋਵੇਗਾ।ਉਨ੍ਹਾਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦਾ ਹਾਰਦਿਕ ਸੱਦਾ ਦਿੱਤਾ।

## ਮਜ਼ਦੂਰਾਂ ਨੂੰ ਸਮਰਪਤ ਅਸੈਂਬਲੀ ਕਰਵਾਈ

**ਗੁਰਾਇਆ (ਬਿੰਦਰ ਸੁਮਨ)**- ਐੱਸ ਟੀ ਐੱਸ ਵਰਲਡ ਸਕੂਲ ਵਿੱਚ ਜਮਾਤ 12ਵੀਂ ਸੀ ਦੇ ਵਿਦਿਆਰਥੀਆਂ ਵਲੋਂ ਅਧਿਆਪਿਕਾ ਸਵਿਤਾ ਬੈਂਸ ਦੀ ਅਗਵਾਈ ਹੇਠ ਮਜ਼ਦੂਰ ਦਿਵਸ ਨੂੰ ਸਮਰਪਿਤ ਇੱਕ ਅਰਥਪੂਰਨ ਅਤੇ ਪ੍ਰੇਰਨਾਦਾਇਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਮਿਹਨਤ ਦੀ ਇੱਜਤ ਤੇ ਹਰ ਉਸ ਵਿਅਕਤੀ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਸੀ ਜੋ ਸੰਸਥਾ ਦੇ ਸੁਚਾਰੂ ਚੱਲਣ ਵਿੱਚ ਯੋਗਦਾਨ ਪਾਉਂਦਾ ਹੈ। ਕਾਰਜਕ੍ਰਮ ਦੀ ਸ਼ੁਰੂਆਤ ਬੜੇ ਜੋਸ਼ ਨਾਲ ਹੋਈ, ਜਿੱਥੇ ਗੁਰਲੀਨ ਕੌਰ ਅਤੇ ਨਮਨਦੀਪ ਮਲਹੀ ਨੇ ਬਹੁਤ ਆਤਮ-ਵਿਸ਼ਵਾਸ ਨਾਲ ਮੰਚ ਸੰਚਾਲਨ ਕਰਦੇ ਹੋਏ ਅਸੈਂਬਲੀ ਨੂੰ ਸੁਚੱਜੇ ਢੰਗ ਨਾਲ ਅੱਗੇ ਵਧਾਇਆ। ਤਨਵੀਰ ਕੌਰ ਨੇ ਆਪਣਾ ਵਿਚਾਰ ਪੇਸ਼ ਕਰਦੇ ਹੋਏ ਇਹ ਸੰਦੇਸ਼ ਦਿੱਤਾ ਕਿ ਅਸਲ ਤਰੱਕੀ ਮਿਹਨਤ ਅਤੇ ਲਗਨ ਦੀ ਬੁਨਿਆਦ 'ਤੇ ਖੜੀ ਹੁੰਦੀ ਹੈ। ਸਿਮਰਨ ਨੇ ਇੱਕ ਨਵਾਂ ਸ਼ਬਦ ਸਾਂਝਾ ਕਰਕੇ ਵਿਦਿਆਰਥੀਆਂ ਦੀ ਭਾਸ਼ਾਈ ਸਮਝ ਨੂੰ ਵਧਾਇਆ, ਜਦਕਿ ਨਵਦੀਪ ਕੌਰ ਨੇ ਖ਼ਬਰਾਂ ਬੜੀ ਸਪਸ਼ਟਤਾ ਅਤੇ ਆਤਮ-ਵਿਸ਼ਵਾਸ ਨਾਲ ਪੇਸ਼ ਕੀਤੀਆਂ। ਇਸ ਮੌਕੇ ਨੂੰ ਹੋਰ ਅਰਥਪੂਰਨ ਬਣਾਉਂਦੇ ਹੋਏ, ਪ੍ਰਭਲੀਨ ਕੌਰ ਨੇ ਇਕ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ, ਜਿਸ ਵਿੱਚ ਸਮਾਜ ਦੇ ਨਿਰਮਾਣ ਵਿੱਚ ਮਜ਼ਦੂਰਾਂ ਦੀ ਅਹਿਮ ਭੂਮਿਕਾ ਨੂੰ ਸੁੰਦਰ ਢੰਗ ਨਾਲ ਉਜਾਗਰ ਕੀਤਾ ਗਿਆ। ਰਜਿੰਦਰ ਕੌਰ ਵੱਲੋਂ ਪੇਸ਼ ਕੀਤੀ ਗਈ ਭਾਵਪੂਰਨ ਕਵਿਤਾ ਨੇ ਸਾਰੇ ਦਰਸ਼ਕਾਂ ਦੇ ਦਿਲਾਂ ਨੂੰ ਛੂਹ ਲਿਆ ਅਤੇ ਉਹਨਾਂ ਲੋਕਾਂ ਪ੍ਰਤੀ ਨਿਮਰਤਾ ਵਾਲਾ ਭਾਵ ਜਗਾਇਆ ਜੋ ਅਕਸਰ ਪਿੱਛੇ ਰਹਿ ਕੇ ਕੰਮ ਕਰਦੇ ਹਨ। ਪ੍ਰਿੰਸੀਪਲ ਮੈਡਮ ਸ਼੍ਰੀਮਤੀ ਪ੍ਰਭਜੋਤ ਗਿੱਲ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਕੋਸ਼ਿਸ਼ਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਸੰਸਥਾ ਦੇ ਅਸਲ ਸਥੰਭਾਂ ਨੂੰ ਸਨਮਾਨਿਤ ਕਰਨ ਲਈ ਕੀਤੀ ਗਈ ਇਸ ਪਹਿਲ ਦੀ ਸਰਾਹਨਾ ਕੀਤੀ।



## ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਾਇਆ




**ਬਿਆਸ (ਪਰਮਜੀਤ ਸਿੰਘ ਰੱਖੜਾ)** ਨੇੜਲੇ ਪਿੰਡ ਧੂਲਕਾ ਵਿਖੇ ਓਮ ਪ੍ਰਕਾਸ਼ ਆਈ ਕੇਅਰ ਹਸਪਤਾਲ ਵੱਲੋਂ ਸਮਾਜ ਸੇਵਕ ਸਭਾ ਰਈਆ ਦੇ ਪ੍ਰਧਾਨ ਸੁਖਵਿੰਦਰ ਸਿੰਘ ਮੱਤੇਵਾਲ, ਹਲਕਾ ਬਾਬਾ ਬਕਾਲਾ ਸਾਹਿਬ ਦੇ 'ਆਪ' ਦੇ ਸੀਨੀਅਰ ਆਗੂ ਰਜਿੰਦਰ ਸਿੰਘ ਸਹੋਤਾ ਅਤੇ ਧੂਲਕਾ ਪਿੰਡ ਦੇ ਸਰਪੰਚ ਵਰਿੰਦਰ ਸਿੰਘ ਧੂਲਕਾ ਤੇ ਸਮੂਹ ਪੰਚਾਇਤ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਵਿਚ ਸੈਂਕੜੇ ਲੋਕਾਂ ਨੇ ਆਪਣੀਆਂ ਅੱਖਾਂ ਦੀ ਮੁਫ਼ਤ ਜਾਂਚ ਕਰਵਾਈ। ਡਾਕਟਰਾਂ ਵੱਲੋਂ ਲੋਕਾਂ ਦੀ ਬਹੁਤ ਵਧੀਆ ਤਰੀਕੇ ਨਾਲ ਜਾਂਚ ਕੀਤੀ ਗਈ । ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਉਹਨਾਂ ਦੀਆਂ ਅੱਖਾਂ ਨਾਲ ਸੰਬੰਧਤ ਹਰ ਇਕ ਚੀਜ਼ ਬਾਰੇ ਜਾਣੂ ਕਰਵਾਇਆ ਗਿਆ। ਰਜਿੰਦਰ ਸਿੰਘ ਸਹੋਤਾ ਨੇ ਆਏ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਕੈਂਪ ਦੌਰਾਨ ਚਾਹ -ਪਾਣੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਕੈਂਪ ਦੌਰਾਨ ਸੰਦੀਪ ਕੁਮਾਰ, ਮੈਂਬਰ ਪੰਚਾਇਤ ਗੁਰਪ੍ਰਤਾਪ ਸਿੰਘ, ਤਰਸੇਮ ਸਿੰਘ, ਬਲਜੀਤ ਕੌਰ, ਰਮਨਦੀਪ ਕੌਰ, ਰਣਜੀਤ ਕੌਰ, ਅਮਰਜੀਤ ਸਿੰਘ ਧੂਲਕਾ, ਸੂਬੇਦਾਰ ਮਲਕੀਤ ਸਿੰਘ ਅਤੇ ਸਮਾਜ ਸੇਵਕ ਸਭਾ ਰਈਆ ਦੇ ਸਮੂਹ ਮੈਂਬਰ ਹਾਜ਼ਰ ਸਨ।

## ਗੁ. ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਉਤਸ਼ਾਹ ਪ੍ਰੇਰਨਾ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀਬੀਆਂ ਦੀਆਂ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਪੂਰਨ ਸ਼ਰਧਾ ਸਤਿਕਾਰ ਤੇ ਨਿਮਰ ਭਾਵਨਾ ਨਾਲ ਗੁਰੂ ਦੇ ਜਸ ਗਾਉਂਦਿਆਂ ਮਨਾਇਆ ਗਿਆ। ਜਥਾ ਚਰਨ ਕਵੰਲ ਬੀਬੀਆਂ ਸ੍ਰੀ ਦਰਬਾਰ ਸਾਹਿਬ ਦੇ ਮੁਖੀ ਬੀਬੀ ਪਰਮਜੀਤ ਕੌਰ ਪਿੰਕੀ ਦੇ ਜਥੇ ਸਮੇਤ ਹੋਰ ਵੀ ਵੱਖ-ਵੱਖ ਸੁਖਮਨੀ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਇਸ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵੱਲੋਂ ਗੁਰੂ ਕੇ ਲੰਗਰ ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਦੀਆਂ ਸੇਵਾਵਾਂ ਅਤੁੱਟ ਵਰਤੀਆਂ। ਸਮੂਹ ਬੀਬੀਆਂ ਨੇ ਸੁਖਮਨੀ ਸਾਹਿਬ ਦੇ ਜਾਪ ਉਪਰੰਤ ਗੁਰੂ ਸਾਹਿਬਾਨ ਦੇ ਰਚਿਤ ਸ਼ਬਦਾਂ ਨੂੰ ਮਿੱਠੀ ਤੇ ਰਸੀਲੀ ਸੁਰ ਵਿੱਚ ਸੰਗਤੀ ਰੂਪ ਵਿੱਚ ਕੀਰਤਨ ਕੀਤਾ। ਇਸ ਮੌਕੇ ਬੁੱਢਾ ਦਲ ਦੇ ਮੈਨੇਜਰ ਪਰਮਜੀਤ ਸਿੰਘ ਬਾਜਵਾ ਨੇ ਚਾਰ ਗੁਰੂ ਸਾਹਿਬਾਨ ਦੇ ਜੀਵਨ ਤੇ ਉਨ੍ਹਾਂ ਵੱਲੋਂ ਮਨੁੱਖਤਾ ਲਈ ਘਾਲੀਆਂ ਘਾਲਣਾਵਾਂ ਬਾਰੇ ਭਾਵਪੂਰਤ ਤਰੀਕੇ ਨਾਲ ਆਪਣੇ ਸੰਬੋਧਨ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਉਨ੍ਹਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿਤੀ। ਉਪਰੰਤ ਬੁੱਢਾ ਦਲ ਵੱਲੋਂ ਬੀਬੀ ਪਰਮਜੀਤ ਕੌਰ ਪਿੰਕੀ ਜਥਾ ਚਰਨ ਕਵੰਲ ਬੀਬੀਆਂ ਸ੍ਰੀ ਦਰਬਾਰ ਸਾਹਿਬ, ਬੀਬੀ ਹਰਪ੍ਰੀਤ ਕੌਰ ਮੁਖੀ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸੇਵਾ ਸੁਸਾਇਟੀ, ਬੀਬੀ ਤੇਜ ਕੌਰ, ਬੀਬੀ ਹਰਜੀਤ ਕੌਰ, ਬੀਬੀ ਨੀਲਮ ਕੌਰ, ਬੀਬੀ ਕੰਵਲਜੀਤ ਕੌਰ, ਬੀਬੀ ਵਰਜਿੰਦਰ ਕੌਰ, ਬੀਬੀ ਕੁਲਬੀਰ ਕੌਰ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ। ਬੀਬੀਆਂ ਦੇ ਜਥਿਆਂ ਵੱਲੋਂ ਗੁ: ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਪ੍ਰਵਾਹ ਨਿਰੰਤਰ ਚੱਲ ਰਹੇ ਹਨ। ਇਸ ਸਮੇਂ ਬਾਬਾ ਭਗਤ ਸਿੰਘ, ਬਾਬਾ ਗੁਰਲਾਲ ਸਿੰਘ, ਬਾਬਾ ਗਗਨਦੀਪ ਸਿੰਘ, ਬਾਬਾ ਅਮਰੀਕ ਸਿੰਘ ਆਦਿ ਹਾਜ਼ਰ ਸਨ।



## ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)** ਇਲਾਕੇ ਦੀ ਮੰਨੀ ਪ੍ਰਮੰਨੀ ਸੰਸਥਾ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ ।ਦਸਵੀਂ ਕਲਾਸ ਦੇ ਕੁੱਲ 37 ਬੱਚਿਆਂ ਨੇ ਪ੍ਰੀਖਿਆ ਦਿੱਤੀ।ਸਾਰੇ ਵਿਦਿਆਰਥੀ ਫਸਟ ਡਿਵੀਜ਼ਨ ਲੈ ਕੇ ਪਾਸ ਹੋਏ ਜਿਨਾਂ ਵਿੱਚੋਂ ਐਸ਼ਮੀਤ ਕੌਰ ਨੇ 88.20%, ਐਸ਼ਮੀਤ ਕੌਰ 86.40% ਅਤੇ ਮਨਰਾਜ ਸਿੰਘ 82.5% ਨੇ ਅੰਕ ਪ੍ਰਾਪਤ ਕਰ ਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ।ਇਸ ਤੋਂ ਇਲਾਵਾ 06 ਵਿਦਿਆਰਥੀਆਂ ਨੇ 80% ਤੋਂ ਉੱਪਰ ਨੰਬਰ ਲਏ ਅਤੇ 07 ਵਿਦਿਆਰਥੀਆਂ ਨੇ 70%ਤੋਂ ਉਪਰ ਨੰਬਰ ਲਏ ਅਤੇ 16 ਵਿਦਿਆਰਥੀਆਂ ਨੇ 60% ਤੋਂ ਉਪਰ ਨੰਬਰ ਅਤੇ 08 ਵਿਦਿਆਰਥੀਆਂ ਨੇ 50% ਤੋਂ ਉਪਰ ਅੰਕ ਲੈ ਕੇ ਪ੍ਰੀਖਿਆ ਪਾਸ ਕੀਤੀ।ਵਿਦਿਆਰਥੀਆਂ ਨੇ ਆਪਣੀ ਇਸ ਸਫ਼ਲਤਾ ਦਾ ਸਿਹਰਾ ਆਪਣੇ ਅਧਿਆਪਕਾਂ ਦੇ ਸਿਰ ਦਿੱਤਾ।ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਐਸ਼ਮੀਤ ਕੌਰ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਖ਼ਤ ਮਿਹਨਤ ਕਰੇਗੀ।ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਦਸਵੀ ਕਲਾਸ ਦਾ 100% ਨਤੀਜਾ ਆਉਣ ਤੇ ਸਮੁੱਚੇ ਸਟਾਫ ਨੂੰ ਵਧਾਈ ਦਿੱਤੀ ।ਬੱਚਿਆਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਬੱਚਿਆਂ ਨੂੰ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਦੀ ਪ੍ਰੇਰਨਾ ਦਿੱਤੀ।ਇੱਥੇ ਇਹ ਵੀ ਵਰਨਣਯੋਗ ਹੈ ਕਿ ਪੁਜ਼ੀਸ਼ਨ ਹੋਲਡਰ ਵਿਦਿਆਰਥੀਆਂ ਦੇ ਸਖ਼ਸ਼ੀ ਨਿਖਾਰ ਦੇ ਪਾਤਰ ਹਨ ।ਉਨ੍ਹਾਂ ਨੇ ਸਕੂਲ ਦੀ ਹਰ ਗਤੀਵਿਧੀ ਵਿੱਚ ਵੱਧ ਚੜ ਕੇ ਹਿੱਸਾ ਲਿਆ ।ਇਸ ਮੌਕੇ ਸ੍ਰੀ ਲਛਮਣ ਸਿੰਘ ਰਾਵਤ, ਮੈ.ਹਰਪ੍ਰੀਤ ਕੌਰ, ਮੈ. ਸੰਦੀਪ ਕੌਰ, ਮੈ. ਰਵਨੀਤ ਕੌਰ ਸਮੂਹ ਸਟਾਫ ਅਤੇ ਵਿਦਿਆਰਥੀ ਹਾਜਰ ਸਨ।



## ਸ੍ਰੀ ਗੁਰੂ ਹਰਿਕ੍ਰਿਸ਼ਨ ਸੀਕੇਡੀ ਸਕੂਲ ਆਫ ਐਕਸੀਲੈਂਸ ਸ਼ੁਭਮ ਇਨਕਲੇਵ ਦੇ ਸ਼ਾਨਦਾਰ ਨਤੀਜੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਬੀਤੇ ਦਿਨ ਆਈ.ਸੀ.ਐੱਸ.ਈ ਵੱਲੋਂ ਦਸਵੀਂ ਜਮਾਤ ਦੇ ਐਲਾਨੇ ਨਤੀਜਿਆਂ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ. ਕੇ. ਡੀ. ਸਕੂਲ ਆਫ ਐਕਸੀਲੈਂਸ, ਸ਼ੁਭਮ ਇਨਕਲੇਵ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਮੱਲਾਂ ਮਾਰੀਆਂ।ਅਮੂਲੀਕ ਸਿੰਘ ਕਾਲਰਾ ਨੇ 96.2 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ, ਸਨੋਬਰ ਬਤਰਾ ਨੇ 91.2 ਪ੍ਰਤੀਸ਼ਤ ਅੰਕ ਨਾਲ ਦੂਸਰਾ ਸਥਾਨ ਅਤੇ ਜਸਲੀਨ ਹੁੰਦਲ ਨੇ 90.8 ਪ੍ਰਤੀਸ਼ਤ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ ਅਤੇ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਰਮਨੀਕ ਸਿੰਘ ਸਮੇਤ ਸਮੂਹ ਅਹੁਦੇਦਾਰਾਂ ਨੇ ਵਿਦਿਆਰਥੀਆਂ ਦੀ ਇਸ ਕਾਮਯਾਬੀ ਤੇ ਖੁਸ਼ੀ ਜਤਾਉਂਦਿਆਂ ਵਧਾਈ ਸੰਦੇਸ਼ ਭੇਜੇ।ਸਕੂਲ ਮੈਂਬਰ ਇੰਚਾਰਜ ਸਰਜੋਤ ਸਿੰਘ ਸਾਹਨੀ, ਹਰਜੀਤ ਸਿੰਘ ਸੱਚਦੇਵਾ, ਪ੍ਰਿਤਪਾਲ ਸਿੰਘ ਨਰੂਲਾ ਅਤੇ ਹੰਸਬੀਰ ਸਿੰਘ ਨੇ ਵਿਦਿਆਰਥੀਆਂ ਦੀ ਸਫਲਤਾ ਦਾ ਸਿਹਰਾ ਪ੍ਰਿੰਸੀਪਲ ਹਰਕਮਲਪ੍ਰੀਤ ਕੌਰ ਕਾਲਰਾ ਦੀ ਯੋਗ ਅਗਵਾਈ ਹੇਠ ਅਧਿਆਪਕਾਂ ਦੇ ਸਹੀ ਮਾਰਗਦਰਸ਼ਨ, ਵਿਦਿਆਰਥੀਆਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨੂੰ ਪਾਇਆ।ਉਨ੍ਹਾਂ ਆਸ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਵੀ ਵਿਦਿਆਰਥੀ ਇਸੇ ਤਰ੍ਹਾਂ ਕਾਮਯਾਬੀ ਦੇ ਨਵੇਂ ਮਾਪਦੰਡ ਸਥਾਪਿਤ ਕਰਨਗੇ।ਪ੍ਰਿੰਸੀਪਲ ਹਰਕਮਲਪ੍ਰੀਤ ਕੌਰ ਨੇ ਦੱਸਿਆ ਕਿ ਆਈ. ਸੀ. ਐੱਸ. ਈ. ਤਹਿਤ ਜਮਾਤ ਦਸਵੀਂ ਦਾ ਇਹ ਸਕੂਲ ਦਾ ਪਹਿਲਾ ਬੈਚ ਸੀ ਅਤੇ ਪਹਿਲੇ ਹੀ ਸਾਲ ਅਜਿਹਾ ਸ਼ਾਨਦਾਰ ਨਤੀਜਾ ਸਕੂਲ ਲਈ ਬਹੁਤ ਮਾਨ ਵਾਲੀ ਗੱਲ ਹੈ।



ਨਵਾਂ ਜ਼ਮਾਨਾ
ਸੋਮਵਾਰ, 4 ਮਈ 2026

# ਨਫਰਤੀ ਤਕਰੀਰਾਂ ਤੇ ਕਾਨੂੰਨ

ਨਫਰਤੀ ਤਕਰੀਰ (ਹੇਟ ਸਪੀਚ) ਸ਼ਬਦ ਜਿੰਨਾ ਕਾਨੂੰਨੀ ਹੈ, ਉਸ ਨਾਲੋਂ ਕਿਤੇ ਵੱਧ ਸਾਡੇ ਸਮੇਂ ਦੀ ਨੈਤਿਕ ਬੇਚੈਨੀ ਦਾ ਨਾਂਅ ਹੈ। ਇਹ ਸਿਰਫ ਤਕਰੀਰ ਦਾ ਸਵਾਲ ਨਹੀਂ, ਸਗੋਂ ਉਸ ਅਦਿੱਖ ਲਕੀਰ ਦਾ ਸਵਾਲ ਹੈ, ਜਿੱਥੇ ਸ਼ਬਦ ਸਮਾਜ ਨੂੰ ਜੋੜਦੇ-ਜੋੜਦੇ ਅਚਾਨਕ ਤੋੜਨ ਲੱਗਦੇ ਹਨ। ਲੋਕਤੰਤਰ ਵਿੱਚ ਤਕਰੀਰ ਨੂੰ ਆਜ਼ਾਦੀ ਦਾ ਸਭ ਤੋਂ ਮਹੱਤਵਪੂਰਨ ਉਪਕਰਣ ਮੰਨਿਆ ਗਿਆ ਹੈ, ਪਰ ਉਹੀ ਤਕਰੀਰ ਜਦੋਂ ਕਿਸੇ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਅਪਮਾਨਤ ਕਰਦੀ ਹੈ, ਉਸ ਨੂੰ ਬਾਹਰ ਕੱਢਦੀ ਹੈ ਜਾਂ ਹਿੰਸਾ ਦਾ ਸ਼ਿਕਾਰ ਬਣਾਉਂਦੀ ਹੈ, ਤਾਂ ਉਹ ਆਜ਼ਾਦੀ ਨਹੀਂ, ਸਗੋਂ ਸੰਗਠਤ ਹਮਲਾ ਬਣ ਜਾਂਦੀ ਹੈ। ਭਾਰਤੀ ਸੰਦਰਭ ਵਿੱਚ ਇਹ ਸਵਾਲ ਹੋਰ ਵੀ ਗੁੰਝਲਦਾਰ ਹੋ ਜਾਂਦਾ ਹੈ, ਕਿਉਂਕਿ ਇੱਥੇ ਕਾਨੂੰਨ ਨੇ ਨਫਰਤੀ ਤਕਰੀਰ ਨੂੰ ਸਪੱਸ਼ਟ ਤੇ ਇੱਕ ਪਰਿਭਾਸ਼ਾ ਵਿੱਚ ਨਹੀਂ ਬੰਨ੍ਹਿਆ। ਭਾਰਤੀ ਦੰਡ ਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਇਸ ਮੁੱਦੇ ਨੂੰ ਛੂੰਹਦੀਆਂ ਹਨ, ਪਰ ਉਸ ਨੂੰ ਪੂਰੀ ਤਰ੍ਹਾਂ ਪਕੜ ਨਹੀਂ ਪਾਉਂਦੀਆਂ। ਨਤੀਜਾ ਇਹ ਹੁੰਦਾ ਹੈ ਕਿ ਜਿਹੜੀ ਗੱਲ ਆਮ ਨਾਗਰਿਕ ਨੂੰ ਸਹਿਜ ਰੂਪ ਨਾਲ ਨਫਰਤ ਅਤੇ ਭੜਕਾਹਟ ਵਾਲੀ ਲਗਦੀ ਹੈ, ਉਹ ਅਦਾਲਤ ਵਿੱਚ ਅਕਸਰ ਇੱਕ ਤਕਨੀਕੀ ਬਹਿਸ ਬਣ ਜਾਂਦੀ ਹੈ, ਜਿੱਥੇ ਸ਼ਬਦਾਂ ਨੂੰ ਉਨ੍ਹਾਂ ਦੇ ਸਮਾਜੀ ਪ੍ਰਭਾਵ ਨਾਲੋਂ ਕੱਟ ਕੇ ਦੇਖਿਆ ਜਾਂਦਾ ਹੈ।

ਦਿੱਲੀ ਦੇ ਚੁਣਾਵੀ ਮਾਹੌਲ ਵਿੱਚ ਕੀਤੀਆਂ ਗਈਆਂ ਤਕਰੀਰਾਂ ਨੇ ਇਸ ਦਵੰਦ ਨੂੰ ਕਾਫੀ ਸਪੱਸ਼ਟ ਕਰ ਦਿੱਤਾ ਸੀ। ਅਨੁਰਾਗ ਠਾਕੁਰ ਦਾ 'ਦੇਸ਼ ਕੇ ਗੱਦਾਰੋਂ ਕੋ...' ਅਤੇ ਭੀੜ ਦੇ 'ਗੋਲੀ ਮਾਰੋ...' ਦਾ ਨਾਅਰਾ ਸਿਰਫ ਚੁਣਾਵੀ ਉਤੇਜਨਾ ਨਹੀਂ ਸੀ; ਉਹ ਇੱਕ ਸੰਕੇਤ ਸੀ—ਇੱਕ ਅਜਿਹੇ ਮਾਹੌਲ ਦਾ, ਜਿੱਥੇ ਵਿਰੋਧ ਨੂੰ ਦੇਸ਼ਧ੍ਰੋਹ ਅਤੇ ਅਸਹਿਮਤੀ ਨੂੰ ਸਜ਼ਾ ਦੇ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਸੀ। ਇਸੇ ਤਰ੍ਹਾਂ ਪਰਵੇਸ਼ ਵਰਮਾ ਦੇ 'ਮੁਕੰਮਲ ਬਾਈਕਾਟ' ਦੇ ਸੱਦੇ ਵਿੱਚ ਹਿੰਸਾ ਦਾ ਪ੍ਰਤੱਖ ਸ਼ਬਦ ਨਹੀਂ ਸੀ, ਪਰ ਉਸ ਵਿੱਚ ਇੱਕ ਪੂਰੇ ਭਾਈਚਾਰੇ ਨੂੰ ਆਰਥਕ ਅਤੇ ਸਮਾਜੀ ਤੌਰ 'ਤੇ ਅਲੱਗ-ਥਲੱਗ ਕਰਨ ਦੀ ਤਾਕੀਦ ਸੀ। ਇਹ ਉਹੀ ਭਾਸ਼ਾ ਹੈ, ਜੋ ਇਤਿਹਾਸ ਵਿੱਚ ਕਈ ਵਾਰ ਵੱਡੀਆਂ ਸਮਾਜੀ ਵੰਡੀਆਂ ਤੇ ਤ੍ਰਾਸਦੀਆਂ ਦਾ ਆਧਾਰ ਬਣੀ ਹੈ।

ਫਿਰ ਵੀ ਜਦੋਂ ਇਹ ਮਾਮਲੇ ਅਦਾਲਤ 'ਚ ਪਹੁੰਚੇ ਤਾਂ ਸਿੱਟਾ ਇਹ ਨਿਕਲਿਆ ਕਿ 'ਨੋਟਿਸ ਲੈਣ ਵਾਲਾ ਅਪਰਾਧ ਨਹੀਂ ਲੱਗਦਾ'। ਇਹ ਸਿੱਟਾ ਆਪਣੇ-ਆਪ ਵਿੱਚ ਇੱਕ ਸਵਾਲ ਬਣ ਕੇ ਖੜ੍ਹਾ ਹੋ ਜਾਂਦਾ ਹੈ। ਕੀ ਕਾਨੂੰਨ ਦੀਆਂ ਨਜ਼ਰਾਂ ਵਿੱਚ ਨਫਰਤੀ ਤਕਰੀਰ ਸਿਰਫ ਉਦੋਂ ਹੀ ਅਪਰਾਧ ਹੈ, ਜਦੋਂ ਇਹ ਸਿੱਧੇ ਤੌਰ 'ਤੇ ਖ਼ੂਨ-ਖ਼ਰਾਬੇ ਦਾ ਹੁਕਮ ਦੇਵੇ? ਕੀ ਸਮਾਜ ਨੂੰ ਵੰਡਣ, ਡਰ ਪੈਦਾ ਕਰਨ ਅਤੇ ਬਾਈਕਾਟ ਦੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਵਾਲੇ ਸ਼ਬਦ ਉਦੋਂ ਤੱਕ ਨਿਰਦੋਸ਼ ਹੁੰਦੇ ਹਨ, ਜਦੋਂ ਤੱਕ ਉਹ ਹਿੰਸਾ ਦੀ ਆਖਰੀ ਹੱਦ ਪਾਰ ਨਾ ਕਰ ਲੈਣ? ਸੁਪਰੀਮ ਕੋਰਟ ਨੇ ਵਾਰ-ਵਾਰ ਕਿਹਾ ਹੈ ਕਿ ਪ੍ਰਗਟਾਵੇ ਦੀ ਆਜ਼ਾਦੀ ਲੋਕਤੰਤਰ ਦੀ ਆਤਮਾ ਹੈ ਅਤੇ ਇਸ ਨੂੰ ਸਿਰਫ ਇਸ ਲਈ ਸੀਮਤ ਨਹੀਂ ਕੀਤਾ ਜਾ ਸਕਦਾ ਕਿ ਉਹ ਅਸਹਿਜ ਤੇ ਹਮਲਾਵਰ ਹੈ। ਭਾਰਤੀ ਸੰਵਿਧਾਨ ਦਾ ਆਰਟੀਕਲ 19 (1) (ਏ) ਸਾਨੂੰ ਸਰਕਾਰ ਦੀ ਆਲੋਚਨਾ ਕਰਨ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਅਸਹਿਮਤੀ ਪ੍ਰਗਟ ਕਰਨ ਦਾ ਅਧਿਕਾਰ ਦਿੰਦਾ ਹੈ। ਹਾਲਾਂਕਿ, ਉਸੇ ਸੰਵਿਧਾਨ 'ਚ ਇਹ ਵੀ ਵਿਵਸਥਾ ਹੈ ਕਿ ਇਹ ਆਜ਼ਾਦੀ ਸੰਪੂਰਨ ਨਹੀਂ ਹੈ; ਉਸ ਉੱਤੇ 'ਜਨਤਕ ਵਿਵਸਥਾ' ਅਤੇ 'ਨੈਤਿਕਤਾ' ਦੇ ਅਧਾਰ 'ਤੇ ਵਾਜਬ ਪਾਬੰਦੀਆਂ ਲਾਈਆਂ ਜਾ ਸਕਦੀਆਂ ਹਨ।

ਇੱਥੋਂ ਹੀ ਅਸਲ ਟਕਰਾਅ ਸ਼ੁਰੂ ਹੁੰਦਾ ਹੈ। ਅਦਾਲਤਾਂ ਲਈ 'ਵਾਜਬ ਪਾਬੰਦੀ' ਦਾ ਅਰਥ ਬਹੁਤ ਸੀਮਤ ਅਤੇ ਸਟੀਕ ਹੁੰਦਾ ਹੈ। ਉਨ੍ਹਾਂ ਨੇ ਇਹ ਸਾਬਤ ਕਰਨਾ ਹੁੰਦਾ ਹੈ ਕਿ ਤਕਰੀਰ ਨੇ ਸਿੱਧੇ ਤੌਰ 'ਤੇ ਹਿੰਸਾ ਨੂੰ ਜਨਮ ਦਿੱਤਾ ਜਾਂ ਇਸ ਦੀ ਸਪੱਸ਼ਟ ਸੰਭਾਵਨਾ ਪੈਦਾ ਕੀਤੀ, ਪਰ ਸਮਾਜ ਲਈ ਨਫਰਤ ਦਾ ਅਸਰ ਏਨਾ ਸਿੱਧਾ ਅਤੇ ਫੌਰੀ ਨਹੀਂ ਹੁੰਦਾ। ਇਹ ਹੌਲੀ-ਹੌਲੀ ਮਾਹੌਲ ਵਿੱਚ ਘੁਲਦੀ ਹੈ, ਲੋਕਾਂ ਦੇ ਮਨਾਂ ਵਿੱਚ ਬੈਠਦੀ ਹੈ ਅਤੇ ਫਿਰ ਇੱਕ ਦਿਨ ਇਹ ਕਿਸੇ ਘਟਨਾ ਦੇ ਰੂਪ ਵਿੱਚ ਫੁੱਟ ਪੈਂਦੀ ਹੈ। ਕਾਨੂੰਨ ਉਸ ਅੰਤਮ ਪਲ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਕਿ ਸਮਾਜ ਉਸ ਦੇ ਪਹਿਲੇ ਦੇ ਸੰਕੇਤਾਂ ਨੂੰ ਮਹਿਸੂਸ ਕਰਦਾ ਹੈ। ਇਸ ਲਈ ਜਦੋਂ ਕੋਈ ਅਦਾਲਤ ਕਹਿੰਦੀ ਹੈ ਕਿ ਕੋਈ ਅਪਰਾਧ ਨਹੀਂ ਬਣਦਾ, ਤਾਂ ਇਹ ਆਪਣੇ ਦਾਇਰੇ ਵਿੱਚ ਸਹੀ ਹੋ ਸਕਦੀ, ਪਰ ਸਮਾਜ ਦਾ ਇੱਕ ਵੱਡਾ ਹਿੱਸਾ ਇਸ ਨੂੰ ਅਧੂਰਾ ਨਿਆਂ ਸਮਝਦਾ ਹੈ। ਇਹ ਉਹ ਪਲ ਹੈ, ਜਦੋਂ 'ਨਿਆਂ' ਅਤੇ 'ਮਜ਼ਾਕ' ਵਿਚਕਾਰ ਰੇਖਾ ਧੁੰਦਲੀ ਹੋਣੀ ਸ਼ੁਰੂ ਹੋ ਜਾਂਦੀ ਹੈ। ਇੱਕ ਪਾਸੇ ਕਾਨੂੰਨੀ ਪ੍ਰਕਿਰਿਆ ਦੀ ਕਠੋਰਤਾ ਹੈ, ਦੂਜੇ ਪਾਸੇ ਨਾਗਰਿਕ ਅਨੁਭਵ ਦੀ ਸੰਵੇਦਨਸ਼ੀਲਤਾ। ਦੋਵਾਂ ਵਿਚਕਾਰ ਸੰਵਾਦ ਘੱਟ ਹੁੰਦਾ ਜਾ ਰਿਹਾ ਹੈ। ਸਮੱਸਿਆ ਸਿਰਫ ਕਾਨੂੰਨ ਦੀ ਨਹੀਂ ਹੈ, ਸਗੋਂ ਇਸ ਦੀ ਵਰਤੋਂ ਦੀ ਵੀ ਹੈ। ਜੇ ਨਫਰਤੀ ਤਕਰੀਰ ਸੰਬੰਧੀ ਧਾਰਾਵਾਂ ਕਦੇ ਸਖਤੀ ਨਾਲ ਲਾਗੂ ਕੀਤੀਆਂ ਜਾਂਦੀਆਂ ਹਨ ਅਤੇ ਕਦੇ ਪੂਰੀ ਤਰ੍ਹਾਂ ਗੈਰ-ਸਰਗਰਮ ਰਹਿੰਦੀਆਂ ਹਨ, ਤਾਂ ਲੋਕਾਂ ਦਾ ਵਿਸ਼ਵਾਸ ਕਮਜ਼ੋਰ ਹੁੰਦਾ ਹੈ। ਕਾਨੂੰਨ ਦੀ ਹੋਂਦ ਸਿਰਫ ਉਸ ਦੀਆਂ ਕਿਤਾਬਾਂ ਵਿੱਚ ਨਹੀਂ, ਸਗੋਂ ਉਸ ਦੇ ਬਰਾਬਰ ਅਤੇ ਨਿਰਪੱਖ ਪ੍ਰਯੋਗ ਵਿੱਚ ਹੁੰਦੀ ਹੈ। ਜਦੋਂ ਇਹ ਸੰਤੁਲਨ ਵਿਗੜਦਾ ਹੈ ਤਾਂ ਹਰ ਫੈਸਲਾ ਸ਼ੱਕੀ ਲੱਗਣ ਲੱਗਦਾ ਹੈ, ਭਾਵੇਂ ਉਹ ਤਕਨੀਕੀ ਤੌਰ 'ਤੇ ਕਿੰਨਾ ਵੀ ਸਹੀ ਕਿਉਂ ਨਾ ਹੋਵੇ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਲੋਕਤੰਤਰ ਸਿਰਫ ਅਦਾਲਤਾਂ ਨਾਲ ਨਹੀਂ ਚਲਦਾ, ਉਹ ਸਮਾਜ ਦੀ ਨੈਤਿਕ ਚੇਤਨਾ ਨਾਲ ਵੀ ਸੰਚਾਲਤ ਹੁੰਦਾ ਹੈ। ਜੇ ਸਰਵਜਨਕ ਜ਼ਿੰਦਗੀ ਵਿੱਚ ਅਜਿਹੀ ਭਾਸ਼ਾ ਆਮ ਹੋ ਜਾਂਦੀ ਹੈ, ਜੋ ਦੂਜਿਆਂ ਨੂੰ ਨੀਵਾਂ ਦਿਖਾਉਂਦੀ ਹੈ, ਡਰਾਉਂਦੀ ਹੈ ਜਾਂ ਅਲੱਗ-ਥਲੱਗ ਕਰਨ ਦੀ ਗੱਲ ਕਰਦੀ ਹੈ, ਤਾਂ ਉਹ ਹੌਲੀ-ਹੌਲੀ ਲੋਕਤੰਤਰ ਦੀ ਬੁਨਿਆਦ ਨੂੰ ਕਮਜ਼ੋਰ ਕਰਦੀ ਹੈ। ਕਾਨੂੰਨ ਉਸ ਨੂੰ ਤੁਰੰਤ ਅਪਰਾਧ ਨਾ ਮੰਨੇ, ਪਰ ਸਮਾਜ ਨੂੰ ਉਸ ਨੂੰ ਸਵੀਕਾਰ ਵੀ ਨਹੀਂ ਕਰਨਾ ਚਾਹੀਦਾ।

ਇਸ ਪੂਰੇ ਪਰਿਦ੍ਰਿਸ਼ 'ਚ ਸਭ ਤੋਂ ਔਖਾ ਸਵਾਲ ਇਹੀ ਹੈ ਕਿ ਸੰਤੁਲਨ ਕਿੱਥੇ ਬਣਾਇਆ ਜਾਵੇ। ਜੇ ਹਰ ਤਿੱਖੇ ਜਾਂ ਵਿਵਾਦਪੂਰਨ ਬਿਆਨ ਨੂੰ ਅਪਰਾਧ ਮਨ ਲਿਆ ਜਾਵੇ ਤਾਂ ਪ੍ਰਗਟਾਵੇ ਦੀ ਆਜ਼ਾਦੀ ਖਤਰੇ ਵਿੱਚ ਪੈ ਜਾਵੇਗੀ, ਪਰ ਜੇ ਨਫਰਤ ਅਤੇ ਬਾਈਕਾਟ ਦੀ ਭਾਸ਼ਾ ਨੂੰ ਪੂਰੀ ਤਰ੍ਹਾਂ 'ਸਿਆਸੀ ਬਿਆਨਬਾਜ਼ੀ' ਤੱਕ ਸੀਮਤ ਕਰ ਦਿੱਤਾ ਜਾਵੇ, ਤਾਂ ਸਮਾਜ ਵਿੱਚ ਵੰਡ ਹੋਰ ਡੂੰਘੀ ਹੋ ਜਾਵੇਗੀ। ਇਹ ਉਹ ਪਤਲੀ ਲਕੀਰ ਹੈ, ਜਿਸ 'ਤੇ ਅੱਜ ਦਾ ਲੋਕਤੰਤਰ ਚੱਲ ਰਿਹਾ ਹੈ। ਕਾਨੂੰਨ ਆਪਣੀਆਂ ਸੀਮਾਵਾਂ ਦੇ ਅੰਦਰ ਕੰਮ ਕਰ ਰਿਹਾ ਹੈ ਅਤੇ ਸਮਾਜ ਉਸ ਤੋਂ ਅੱਗੇ ਵਧਣ ਦੀ ਮੰਗ ਕਰ ਰਿਹਾ ਹੈ। ਇਸ ਪਾੜੇ ਨੂੰ ਪੂਰਾ ਕਰਨ ਲਈ ਸਿਰਫ ਨਵੇਂ ਕਾਨੂੰਨਾਂ ਦੀ ਨਹੀਂ, ਸਗੋਂ ਇੱਕ ਨਵੀਂ ਜਨਤਕ ਸੰਵੇਦਨਾ ਦੀ ਲੋੜ ਹੈ, ਜਿੱਥੇ ਸ਼ਬਦਾਂ ਦੀ ਜ਼ਿੰਮੇਵਾਰੀ ਸਮਝੀ ਜਾਵੇ ਅਤੇ ਆਜ਼ਾਦੀ ਦਾ ਅਰਥ ਸਿਰਫ ਬੋਲਣ ਦੀ ਆਜ਼ਾਦੀ ਨਹੀਂ, ਸਗੋਂ ਦੂਜਿਆਂ ਦੀ ਹੋਂਦ ਪ੍ਰਤੀ ਸਨਮਾਨ ਵੀ ਹੋਵੇ।

# ਸਾਬਰੀਮਾਲਾ ਬਹਿਸ ਅਤੇ ਔਰਤਾਂ ਦੇ ਹੱਕ

ਡਾਕਟਰ ਬਲਜਿੰਦਰ

ਸਾਡੇ ਮੁਲਕ ਨੂੰ ਤੇਤੀ ਕਰੋੜ ਦੇਵੀ-ਦੇਵਤਿਆਂ ਦੇ ਵਾਸੇ ਵਾਲਾ ਮੁਲਕ ਕਿਹਾ ਜਾਂਦਾ ਹੈ। ਇਸ ਦੇਸ਼ ਦੀ ਕੋਈ ਵਿਰਲੀ ਹੀ ਥਾਂ ਹੋਊ, ਜਿੱਥੇ ਕਿਤੇ ਕੋਈ ਮੰਦਰ ਆਦਿ ਨਾ ਹੋਵੇ, ਪਰ ਇਹਨਾਂ ਮੰਦਰਾਂ 'ਚੋਂ ਕਈ ਤਾਂ ਬਹੁਤ ਹੀ ਮਸ਼ਹੂਰ ਹਨ ਅਤੇ ਕਰੋੜਾਂ ਸ਼ਰਧਾਲੂ ਹਰ ਸਮੇਂ ਹੀ ਇਹਨਾਂ ਦੇ ਦਰਸ਼ਨਾਂ ਲਈ ਆਉਂਦੇ ਜਾਂਦੇ ਰਹਿੰਦੇ ਹਨ। ਅਜਿਹਾ ਹੀ ਇੱਕ ਮੰਦਰ ਹੈ- ਸਾਬਰੀਮਾਲਾ ਮੰਦਰ। ਕੇਰਲ ਸੂਬੇ ਦੇ ਮੱਧ ਦੀਆਂ ਉੱਚੀਆਂ ਪਹਾੜੀਆਂ 'ਤੇ ਸਥਿਤ ਇਹ ਮੰਦਰ ਕਈ ਕਾਰਨਾਂ ਕਰਕੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। 1200 ਮੀਟਰ ਤੋਂ ਵੱਧ ਦੀ ਉਚਾਈ 'ਤੇ ਦੱਖਣੀ ਘਾਟ ਦੀਆਂ ਪਹਾੜੀਆਂ 'ਤੇ ਇਹ ਸਥਿਤ ਹੈ। ਇਹ ਮੰਦਰ ਚਾਰਾਂ ਪਾਸਿਆਂ ਤੋਂ ਪੈਰੀਆਰ ਟਾਈਗਰ ਰਿਜ਼ਰਵ ਖੇਤਰ ਨਾਲ ਘਿਰਿਆ ਹੋਇਆ ਹੈ। ਸ਼ਰਧਾਲੂ ਇਸ ਪਹਾੜੀ ਵਾਲੇ ਮੰਦਰ ਦੇ ਦਰਸ਼ਨ ਕਰਨ ਲਈ ਕਾਫ਼ੀ ਸਾਰੀਆਂ ਪੌੜੀਆਂ ਚੜ੍ਹ ਕੇ ਜਾਂਦੇ ਹਨ।

ਮੰਨਿਆ ਜਾਂਦਾ ਹੈ ਕਿ ਇਸ ਮੰਦਰ ਵਿੱਚ ਵਾਸਾ ਕਰਨ ਵਾਲਾ ਦੇਵਤਾ ਇੱਕ ਆਦਿ ਬ੍ਰਹਮਚਾਰੀ ਹੈ। ਇਸ ਲਈ ਹਰ ਉਮਰ ਦੇ ਮਰਦ ਅਤੇ 10 ਸਾਲ ਤੋਂ ਘੱਟ ਤੇ 50 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਇਸ ਮੰਦਰ ਦੇ ਦੇਵਤਾ ਦੇ ਦਰਸ਼ਨ ਕਰਨ ਲਈ ਜਾ ਸਕਦੀਆਂ ਹਨ। ਇਸ ਦੇ ਵਿਚਾਲੜੀ ਉਮਰ ਦੀਆਂ ਔਰਤਾਂ ਨੂੰ ਇਸ ਦੇ ਦਰਸ਼ਨ ਵਰਜਤ ਹਨ। ਇਹੀ ਕਾਰਨ ਸੀ ਕਿ ਇੱਕ ਜਮਹੂਰੀਅਤ ਪਸੰਦ ਜੱਥੇਬੰਦੀ ਇੰਡੀਅਨ ਯੰਗ ਲਾਇਰਜ਼ ਐਸੋਸੀਏਸ਼ਨ ਨੇ ਪਹਿਲਾਂ ਕੇਰਲ ਹਾਈਕੋਰਟ ਅਤੇ ਫਿਰ ਸੁਪਰੀਮ ਰਕੋਰਟ ਵਿੱਚ ਮੰਦਰ ਕਮੇਟੀ ਦੇ ਔਰਤਾਂ ਨੂੰ ਪਾਬੰਦ ਕਰਨ ਵਾਲੇ ਇਸ ਆਦੇਸ਼ ਨੂੰ ਚੁਣੌਤੀ ਦਿੱਤੀ, 2019 ਵਿੱਚ ਸੁਪਰੀਮ ਕੋਰਟ ਨੇ 4:1 ਦੀ ਬਹੁਸੰਮਤੀ ਨਾਲ ਹਰ ਉਮਰ ਦੀਆਂ ਔਰਤਾਂ ਲਈ ਮੰਦਰ ਦੇ ਦਰਵਾਜ਼ੇ ਖੋਹਲ ਦਿੱਤੇ। ਪਰ ਅਦਾਲਤ ਦੇ ਅਜਿਹੇ ਹੁਕਮ ਮੁਲਕ ਦੀਆਂ ਪਿਛਾਂਹ ਖਿੱਚੂ ਤਾਕਤਾਂ ਦੇ ਰਾਸ ਨਹੀਂ ਬਹਿੰਦੇ ਸਨ। ਉਹਨਾਂ ਨੇ ਜਲਸੇ-ਜਲੂਸ ਕੱਢ ਕੇ ਇਹਨਾਂ ਦਾ ਵਿਰੋਧ ਕੀਤਾ ਅਤੇ ਸੁਪਰੀਮ ਕੋਰਟ ਸਮੇਤ ਹੋਰਨਾਂ ਅਦਾਲਤਾਂ ਅੰਦਰ ਅਣਗਿਣਤ ਪਟੀਸ਼ਨਾਂ ਦਾਇਰ ਕਰਕੇ ਇਹਨਾਂ ਹੁਕਮਾਂ ਨੂੰ ਚੁਣੌਤੀ ਦਿੱਤੀ। ਅਪ੍ਰੈਲ ਦੇ ਮਹੀਨੇ ਵਿੱਚ ਸ਼ੁਰੂ ਹੋਈ ਜੀਹਦੀ ਸੁਣਵਾਈ ਇਸ ਸਾਲ 2026 ਵਿੱਚ ਸੁਪਰੀਮ ਕੋਰਟ ਅੰਦਰ ਸਾਰੀਆਂ ਪਟੀਸ਼ਨਾਂ ਨੂੰ ਇੱਕਜੁੱਟ ਕਰਕੇ 9 ਜੱਜਾਂ ਦੇ ਵੱਡੇ ਬੈਂਚ ਵੱਲੋਂ ਕੀਤੀ ਜਾ ਰਹੀ ਹੈ। ਇਸ ਸੁਣਵਾਈ ਦੇ ਇਸ ਲਿਖਤ ਦੇ ਲਿਖੇ ਜਾਣ ਤੱਕ ਪੂਰੀ ਨਾ ਹੋਈ ਹੋਣ ਦੀ ਹਾਲਤ ਵਿੱਚ ਹੀ ਅਸੀਂ ਇਸ ਮਾਮਲੇ ਦਾ ਤੱਤ ਬਣਦੇ ਕੁਝ ਅਹਿਮ ਪੱਖਾਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰ ਰਹੇ ਹਾਂ:

**ਕੀ ਭਾਰਤ ਦਾ ਸੰਵਿਧਾਨ ਔਰਤਾਂ ਦੀ ਬਰਾਬਰੀ ਦੇ ਹੱਕ ਨੂੰ ਬਰਕਰਾਰ ਰੱਖਣ ਲਈ ਕੋਈ ਦਖ਼ਲ-ਅੰਦਾਜ਼ੀ ਕਰ ਸਕਦਾ ਹੈ?**

ਮੰਦਰ ਵਾਲੇ ਕਹਿੰਦੇ ਹਨ ਕਿ ਸਾਡੇ ਮੰਦਰ ਦਾ ਦੇਵਤਾ ਸਵਾਮੀ ਅੱਯਪਾ ਨੈਸ਼ਤਿਕ ਬ੍ਰਹਮਚਾਰੀ ਹੈ। ਇਸ ਲਈ ਮਾਹਵਾਰੀ ਵਾਲੀ ਉਮਰ ਦੀਆਂ ਔਰਤਾਂ ਉਸ ਦੇਵਤਾ ਦੇ ਦਰਸ਼ਨ ਨਹੀਂ ਕਰ ਸਕਦੀਆਂ। ਚੇਤੇ ਰਹੇ ਕਿ ਇਸ ਮੰਦਰ ਦੀ ਤੀਰਥ ਯਾਤਰਾ ਕਰਨ ਦੇ ਯੋਗ ਹੋਣ ਲਈ 40 ਦਿਨਾਂ ਦਾ ਵਰਤ ਰੱਖਣਾ ਪੈਂਦਾ ਹੈ। ਇਸ ਵਰਤ ਵਿੱਚ ਲਿੰਗਕ ਸੰਬੰਧ ਸਥਾਪਤ ਕਰਨ ਦੀ ਵੀ ਮਨਾਹੀ ਕੀਤੀ ਹੋਈ ਹੈ। ਸ਼ਰਧਾਲੂ ਆਪਣੇ ਨਾਲ ਪ੍ਰਸ਼ਾਦ ਲੈ ਕੇ ਅਤੇ ਵਰਤ ਰੱਖ ਕੇ ਜਾਂਦੇ ਹਨ। ਇਹ ਮਾਮਲੇ ਉਦੋਂ ਸ਼ੁਰੂ ਹੋਇਆ, ਜਦੋਂ ਇੱਕ ਕੰਨੜ ਐਕਟਰੈੱਸ ਨੇ ਇੱਕ ਅਖ਼ਬਾਰੀ ਖ਼ਬਰ ਅੰਦਰ ਇਹ ਇੰਕਸ਼ਾਫ ਕੀਤਾ ਕਿ ਉਸ ਨੇ ਮਰਦਾਨਾ ਭੇਸ ਵਟਾ ਕੇ 1987 ਵਿੱਚ ਲਾਰਡ ਅੱਯਪਾ ਦੇ ਦਰਸ਼ਨ ਕੀਤੇ ਸਨ ਅਤੇ ਉਹਦੇ ਪੈਰੀਂ ਹੱਥ ਵੀ ਲਾਏ ਸਨ। 2006 ਵਿੱਚ ਨਸ਼ਰ ਹੋਈ ਇਸ ਖ਼ਬਰ ਨੇ ਮੰਦਰ ਇੰਤਜ਼ਾਮੀਆ ਅਤੇ ਹਿੰਦੂਤਵਵਾਦੀ ਤਾਕਤਾਂ ਨੇ ਮੰਦਰ ਦਾ ਅਤੇ ਲਾਰਡ ਅੱਯਪਾ ਦੀ ਮੂਰਤੀ ਦਾ ਸ਼ੁੱਧੀਕਰਨ ਕੀਤਾ ਅਤੇ ਇਸ ਨੂੰ ਵੱਡੀ ਪੱਧਰ 'ਤੇ ਪ੍ਰਚਾਰਿਆ।

ਔਰਤ ਹੱਕਾਂ ਪ੍ਰਤੀ ਅਜਿਹੀ ਕੱਟੜ ਪਹੁੰਚ ਨੂੰ ਮੁਖ਼ਾਤਿਬ ਹੁੰਦਿਆਂ ਇੰਡੀਅਨ ਯੰਗ ਲਾਇਰਜ਼ ਐਸੋਸੀਏਸ਼ਨ ਨੇ ਮੰਦਰ ਦੇ ਔਰਤ ਵਿਰੋਧੀ ਇਸ ਚਲਣ ਨੂੰ ਅਦਾਲਤ ਵਿੱਚ ਚੈਲੰਜ ਕੀਤਾ। ਕੱਟੜਪੰਥੀਆਂ ਦਾ ਕਹਿਣਾ ਹੈ ਕਿ ਇਹ ਮਾਮਲਾ ਆਸਥਾ ਦਾ ਹੈ। ਹਰ ਧਰਮ ਦੇ ਆਪਣੇ ਆਪਣੇ ਧਾਰਮਕ ਉਤਸਵ ਹਨ, ਆਸਥਾ ਪ੍ਰਗਟ ਕਰਨ ਦੇ ਢੰਗ ਤਰੀਕੇ ਹਨ, ਪੂਜਾ ਪਾਠ ਦੀਆਂ ਅੱਡ-ਅੱਡ ਵਿਧੀਆਂ ਹਨ। ਉਹਨਾਂ ਦਾ ਕਹਿਣਾ ਹੈ ਕਿ ਇਹ ਹਿੰਦੂ ਧਰਮ ਦਾ ਅੰਦਰੂਨੀ ਮਾਮਲਾ ਹੈ, ਅਦਾਲਤ ਨੂੰ ਦਖ਼ਲ ਦੇਣ ਦਾ ਕੋਈ ਹੱਕ ਨਹੀਂ। ਉਹਨਾਂ ਦਾ ਕਥਨ ਕਿ ਉਹ ਕਿਸੇ ਨੂੰ ਵੀ ਪੂਜਾ ਪਾਠ ਕਰਨ ਦੀ ਇਜਾਜ਼ਤ ਦੇਣ ਜਾਂ ਨਾ ਦੇਣ ਉਹਨਾਂ ਦੀ ਮਰਜ਼ੀ ਤੇ ਮੁਨੱਸਰ ਹੈ। ਭਾਰਤੀ ਸੰਵਿਧਾਨ ਵਿਚਲੀ ਬਰਾਬਰਤਾ ਦਾ ਇਸ ਧਾਰਮਕ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਭਾਰਤੀ ਸੰਵਿਧਾਨ ਦੇ ਮੁੱਖਬੰਦ ਅੰਦਰ ਹੀ ਲਿਖਿਆ ਹੋਇਆ ਹੈ ਕਿ ਇਹ ਲੋਕਾਂ ਅੰਦਰ ਵਿਗਿਆਨਕ ਸਮਝ ਦਾ ਪਸਾਰਾ ਕਰਨ ਲਈ ਵਚਣਬੱਧ ਹੈ। ਧਾਰਮਕ ਕੱਟੜਪੰਥੀ ਕਹਿੰਦੇ ਹਨ ਕਿ ਹਰ ਧਰਮ ਹਰ ਫਿਰਕੇ ਦੇ ਆਪੋ ਆਪਣੇ ਅਸੂਲ ਹਨ, ਮਰਿਯਾਦਾਵਾਂ ਹਨ, ਉਹ ਚਾਹੇ ਖੂਹ ਵਿੱਚ ਛਾਲ ਮਾਰਨ ਲਈ ਕਹੇ ਤਾਂ ਭਗਤ ਜਨਾਂ ਨੇ ਤਾਂ ਉਵੇਂ ਹੀ ਕਰਨਾ ਹੁੰਦਾ ਹੈ, ਜਿਵੇਂ ਉਹਨਾਂ ਨੂੰ ਆਦੇਸ਼ ਦਿੱਤਾ ਜਾਂਦਾ ਹੈ। ਆਮ ਹੀ ਦੇਖਿਆ ਜਾਂਦਾ ਹੈ ਕਿ ਕਈ ਮਰਿਯਾਦਾਵਾਂ ਜਾਨਵਰ ਦੀ ਜਾਂ ਫਿਰ ਇਨਸਾਨ ਦੀ ਬਲੀ ਦੇਣ ਦੀ ਗੱਲ ਕਰਦੀਆਂ ਹਨ। ਕੀ ਅਜਿਹਾ ਕਰਨਾ ਅੱਜ ਦੇ ਸਮਾਜ ਅੰਦਰ ਪ੍ਰਵਾਨਤ ਹੈ? ਅੱਜ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਅਜਿਹਾ ਕਰਨਾ ਇਨਸਾਨੀ ਹਕੂਕ ਅਤੇ ਇੱਥੋਂ ਤੱਕ ਕਿ ਜਾਨਵਰਾਂ ਦੇ ਹਕੂਕ ਦੇ ਵੀ ਵਿਰੁੱਧ ਹੈ, ਪਰ ਉਹ ਚਿਰਾਂ ਤੋਂ ਚੱਲੀ ਆ ਰਹੀ ਪ੍ਰੰਪਰਾ ਦੀ ਰਟ ਦੁਹਰਾਈ ਕਰਦਿਆਂ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਵਿਧਾਨ ਸਭਾਵਾਂ ਅੰਦਰ ਨੰਗੇ ਸਾਧੂਆਂ ਨੂੰ ਭਾਸ਼ਣ ਦੇਣ ਲਈ ਸੱਦਦੇ ਹਨ। ਸੁਪਰੀਮ ਕੋਰਟ ਵਿੱਚ ਵੀ ਦਲੀਲ ਦਿੰਦਿਆਂ ਕਿਹਾ ਗਿਆ ਹੈ ਕਿ ਜੈਨ ਧਰਮ ਦੇ ਇੱਕ ਫਿਰਕੇ- ਦਿਗੰਬਰ ਜੈਨੀਆਂ ਅੰਦਰ ਮਰਦਾਂ ਦੇ ਹਮੇਸ਼ਾ ਹੀ ਨੰਗੇ ਰਹਿਣ ਦੀ ਪ੍ਰੰਪਰਾ ਹੈ ਅਤੇ ਉਹਨਾਂ ਦੀਆਂ ਜਨ ਸਭਾਵਾਂ ਅੰਦਰ ਔਰਤਾਂ ਵੀ ਸ਼ਾਮਲ ਹੁੰਦੀਆਂ ਹਨ, ਉਹ ਕਹਿੰਦੇ ਹਨ ਕਿ ਜਦੋਂ ਉਹਨਾਂ ਔਰਤਾਂ ਨੂੰ ਕੋਈ ਇਤਰਾਜ਼ ਨਹੀਂ ਤਾਂ ਫਿਰ ਕਿਸੇ ਹੋਰ ਫਿਰਕੇ ਦੇ ਲੋਕਾਂ ਨੂੰ ਕਾਹਦੀ ਤਕਲੀਫ਼ ਹੈ? ਇੱਥੋਂ ਇਹ ਵੀ ਜ਼ਿਕਰਯੋਗ ਹੈ ਕਿ ਦਿਗੰਬਰ ਪ੍ਰੰਪਰਾ ਮੁਤਾਬਕ ਇਸ ਸੰਸਾਰ ਵਿਚਲੀ ਹਰ ਵਸਤ ਦਾ ਤਿਆਗ ਕਰਕੇ ਹੀ ਪੂਰਨ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਔਰਤਾਂ ਨੂੰ ਮੁਕਤੀ ਹਾਸਲ ਯਾਨੀ ਕਿ ਨਿਰਵਾਨ ਪ੍ਰਾਪਤ ਕਰਨ ਲਈ ਮਰਦ ਦੇ ਰੂਪ ਜਾਂ ਚੋਲੇ ਵਿੱਚ ਮੁੜ ਜਨਮ ਲੈਣਾ ਪੈਣਾ ਹੈ ਅਤੇ ਇਹਦੇ ਉਲਟ ਸਵੇਤਾਂਬਰ ਫਿਰਕਾ ਇਹ ਕਹਿੰਦਾ ਹੈ ਕਿ ਕੱਪੜੇ ਪਹਿਨਣ ਨਾਲ ਮੁਕਤੀ ਜਾਂ ਨਿਰਵਾਣ ਪ੍ਰਾਪਤ ਕਰਨ ਵਿੱਚ ਕੋਈ ਵੀ ਅੜਿੱਕਾ ਨਹੀਂ ਪੈਂਦਾ ਅਤੇ ਔਰਤਾਂ ਵੀ ਕੱਪੜੇ ਧਾਰਨ ਕਰਕੇ ਮੁਕਤੀ ਪ੍ਰਾਪਤ ਕਰ ਸਕਦੀਆਂ ਹਨ।

ਕੇਂਦਰ ਸਰਕਾਰ ਦੀ ਤਰਫੋਂ ਦਲੀਲ ਪੇਸ਼ ਕਰਦਿਆਂ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦਾ ਕਹਿਣਾ ਹੈ ਕਿ ਸੰਵਿਧਾਨਕ ਮੌਰੈਲਿਟੀ ਤਹਿਤ ਕਿਸੇ ਵੀ ਧਾਰਮਕ ਮਾਣ ਮਰਿਯਾਦਾ ਨੂੰ ਕਟਹਿਰੇ ਅੰਦਰ ਖੜ੍ਹਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਹ ਬਹਾਨਾ ਬਣਾਇਆ ਜਾ ਸਕਦਾ ਹੈ ਕਿ ਫਲਾਣੀ ਰਸਮ/ਮਰਿਯਾਦਾ ਵਹਿਮ-ਭਰਮ ਹੈ। ਇਉਂ ਕਰਨਾ ਉਸ ਧਰਮ ਅੰਦਰ ਦਖਲਅੰਦਾਜ਼ੀ ਕਰਨਾ ਹੈ।

**ਧਰਮ ਨਿਰਪੱਖਤਾ ਦੀ ਪਰਖ ਕਿੱਥੋਂ ਕੀਤੀ ਜਾਵੇ?**

ਅਦਾਲਤ ਨੇ ਜਦੋਂ ਪੁੱਛਿਆ ਕਿ ਕੀ ਕਿਸੇ ਧਰਮ ਦੀ ਲਾਜ਼ਮੀ ਮਰਿਯਾਦਾ ਨੂੰ ਧਰਮ ਨਿਰਪੱਖਤਾ ਦੇ ਸੰਵਿਧਾਨਕ ਚੌਖਟੇ ਵਿੱਚ ਪਰਖਿਆ ਜਾ ਸਕਦਾ ਹੈ ਤਾਂ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਦਾ ਕਹਿਣਾ ਸੀ ਕਿ ਅਦਾਲਤ ਹੁਣ ਇਹ ਨਿਰਣਾ ਕਰਦੀ ਫਿਰੇ ਕਿ ਕਿਸੇ ਧਰਮ ਅੰਦਰ ਕਿਹੜੀ ਗੱਲ ਲਾਜ਼ਮੀ ਬਣਦੀ ਹੈ, ਇਹ ਤਾਂ ਹੋਰ ਵੀ ਵਧੇਰੇ ਬਖੇੜੇ ਖੜ੍ਹੇ ਕਰੂਗੀ, ਪਰ ਕੀ ਕੋਈ ਮਰਿਯਾਦਾ ਧਰਮ ਨਿਰਪੱਖ ਹੈ ਜਾਂ ਫਿਰ ਨਹੀਂ, ਇਹਦਾ ਨਿਰਣਾ ਉਸ ਧਰਮ ਦੇ ਅਨੁਯਾਈਆਂ ਦੀ ਅੱਖ ਹੀ ਕਰ ਸਕਦੀ ਹੈ, ਅਦਾਲਤੀ ਜਾਂ ਫਿਰ ਧਰਮ ਨਿਰਪੱਖ ਅੱਖ ਨਹੀਂ। ਯਾਨੀ ਕਿ ਸਾਰਾ ਜ਼ੋਰ ਇਸ ਗੱਲ ਨੂੰ ਪੱਕੀ ਕਰਨ 'ਤੇ ਹੀ ਲੱਗਦਾ ਰਿਹਾ ਕਿ ਕਿਸੇ ਵੀ ਧਾਰਮਕ ਮਾਣ ਮਰਿਆਦਾ ਜਾਂ ਰਸਮੋ-ਰਿਵਾਜ ਨੂੰ ਉਸ ਧਰਮ ਦੇ ਚੇਲੇ ਦੇ ਨੁਕਤਾ ਨਜ਼ਰ ਤੋਂ ਦੇਖਣਾ ਚਾਹੀਦਾ ਹੈ, ਨਾ ਕਿ ਬਾਹਰਮੁਖੀ ਹਕੀਕਤਾਂ ਦੀ ਅੱਖ ਨਾਲ।

**ਇਹ ਬਹਿਸ ਕੀ ਦਿਖਾਉਂਦੀ ਹੈ?**

ਅੰਗਰੇਜ਼ ਬਸਤਈਵਾਦੀ ਹਾਕਮਾਂ ਨੇ ਆਪਣੇ ਦੋ ਸੌ ਸਾਲਾਂ ਦੇ ਰਾਜ ਦੌਰਾਨ ਸਾਡੇ ਇਸ ਮੁਲਕ ਦੇ ਅਨੇਕਾਂ ਧਾਰਮਕ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਉਹਨਾਂ ਦਾ ਅੰਗ੍ਰੇਜ਼ੀ ਸਮੇਤ ਦੁਨੀਆਂ ਦੀਆਂ ਅਨੇਕਾਂ ਜ਼ੁਬਾਨਾਂ ਵਿੱਚ ਅਨੁਵਾਦ ਦਾ ਕਾਰਜ ਆਪਣੇ ਹੱਥ ਲਿਆ। ਅਜਿਹਾ ਕਰਨਾ ਉਹਨਾਂ ਦੀ ਅਣਸਰਦੀ ਲੋੜ ਸੀ, ਕਿਉਕਿ ਇੱਥੋਂ ਦੇ ਲੋਕਾਂ ਦੇ ਰਹਿਣ-ਸਹਿਣ ਇੱਥੋਂ ਦੇ ਰੀਤੀ ਰਿਵਾਜ ਇੱਥੋਂ ਦੇ ਲੋਕਾਂ ਦੇ ਵਿਚਰਣ ਦੇ ਢੰਗ-ਤਰੀਕੇ ਸਮਝੇ ਤੋਂ ਬਿਨਾਂ ਉਹ ਇੱਥੇ ਐਨਾ ਲੰਮਾ ਸਮਾਂ ਰਾਜ ਕਰਨ ਦੇ ਕਾਬਲ ਨਹੀਂ ਸੀ ਹੋ ਸਕਣਾ। 1857 ਦੀ ਹਿੰਦੋਸਤਾਨ ਦੀ ਪਹਿਲੀ ਜੰਗੇ ਆਜ਼ਾਦੀ ਦੌਰਾਨ ਧਰਮ, ਫ਼ਿਰਕੇ, ਇਲਾਕੇ ਆਦਿ ਦੇ ਬੰਨ੍ਹਣਾ ਨੂੰ ਤੋੜਦਿਆਂ ਲੋਕਾਂ ਦੀ ਲਾਮਿਸਾਲ ਏਕਤਾ ਦਾ ਭੂਤ ਉਹਨਾਂ ਦੇ ਲਾਲਚੀ ਸਾਮਰਾਜੀ ਮਨਸੂਬਿਆਂ ਨੂੰ ਛੇਤੀ ਹੀ ਢਹਿ-ਢੇਰੀ ਕਰਨ ਵੱਲ ਇਸ਼ਾਰਾ ਕਰਦਾ ਸੀ। ਸਭ ਤੋਂ ਪਹਿਲੀ ਗੱਲ ਜੋ ਬਸਤੀਵਾਦੀ ਹਾਕਮਾਂ ਨੇ ਕੀਤੀ ਕਿ ਉਹਨਾਂ ਹਿੰਦੋਸਤਾਨ ਦੇ ਇਤਿਹਾਸ ਨੂੰ ਤਿੰਨ ਭਾਗਾਂ ਵਿੱਚ ਵੰਡ ਦਿੱਤਾ-ਪਹਿਲਾ ਮੁੱਢ ਕਦੀਮ ਤੋਂ ਹਿੰਦੂ ਧਰਮ ਦੇ ਬੋਲਬਾਲੇ ਵਾਲਾ, ਦੂਜਾ ਮੁਗਲ ਸ਼ਹਿਨਸ਼ਾਹੀ ਹੇਠਲਾ ਛੇ ਸੱਤ ਸਦੀਆਂ ਦਾ ਇਤਿਹਾਸ ਅਤੇ ਫਿਰ ਅੰਗਰੇਜ਼ ਬਸਤੀਵਾਦੀ ਹਾਕਮਾਂ ਦਾ ਰਾਜ। ਇਉਂ ਕਰਨ ਨਾਲ ਉਹਨਾਂ ਹਿੰਦੂ-ਮੁਸਲਮਾਨਾਂ ਦਰਮਿਆਨ ਵੰਡੀਆਂ ਪਾਈਆਂ। ਬਸਤੀਵਾਦੀ ਪ੍ਰਬੰਧ ਹੇਠ ਜਮਹੂਰੀਅਤ ਦੇ ਪਲਰਨ-ਪਸਰਨ ਲਈ ਉਹੋ ਜਿਹਾ ਮਾਹੌਲ ਨਹੀ ਮਿਲਿਆ, ਜਿਹੋ ਜਿਹਾ ਕਿ ਇੰਗਲੈਂਡ ਵਰਗੇ ਪੱਛਮੀ ਦੇਸ਼ਾਂ ਦੀ ਮਜ਼ਦੂਰ ਜਮਾਤ ਤੇ ਬੁਰਜੁਆਜੀ ਨੇ ਜਗੀਰਦਾਰੀ ਨਾਲ ਆਪਣੇ ਸੰਘਰਸ਼ ਦੌਰਾਨ ਮਿਲਿਆ ਸੀ ਅਤੇ ਉੱਥੇ ਜਮਹੂਰੀਅਤ ਨੇ ਆਪਣਾ ਮੁੱਢ ਬੰਨ੍ਹਿਆ ਸੀ।

1947 ਤੋਂ ਬਾਅਦ ਦੇ ਅਰਸੇ ਦੌਰਾਨ ਵੀ ਲੋਕਾਂ ਦਰਮਿਆਨ ਵੰਡੀਆਂ ਪਾਉਣ ਦਾ ਸਿਲਸਿਲਾ ਹਰ ਹਾਕਮ ਪਾਰਟੀ ਨੇ ਜਾਰੀ ਰੱਖਿਆ। ਮੋਦੀ ਹਕੂਮਤ ਦੇ ਪਿਛਲੇ ਬਾਰਾਂ ਸਾਲਾਂ ਦੇ ਰਾਜ ਦੌਰਾਨ ਵੰਡੀਆਂ ਪਾਉਣ ਦੀ ਕਸਰਤ ਨੂੰ ਹੋਰ ਵੀ ਜ਼ੋਰ ਨਾਲ ਤੇਜ਼ ਕਰ ਦਿੱਤਾ ਗਿਆ ਹੈ। ਵੰਡੀਆਂ ਪਾਉਣ ਲਈ ਮੁੱਢਲੀ ਸ਼ਰਤ ਹੈ ਕਿ ਲੋਕਾਂ ਨੂੰ ਇਲਮ ਯਾਨੀ ਕਿ ਪੜ੍ਹਾਈ-ਲਿਖਾਈ ਤੋਂ ਦੂਰ ਰੱਖਿਆ ਜਾਵੇ। ਅਜਿਹਾ ਕੰਮ ਇਹ ਸਰਕਾਰ ਵਿਦਿਅਕ ਢਾਂਚੇ ਅੰਦਰ ਲਿਆਂਦੀਆਂ ਆਪਣੀਆਂ ਤਬਦੀਲੀਆਂ ਜ਼ਰੀਏ ਕਰਦੀ ਆ ਰਹੀ ਹੈ, ਜਿਸ ਦੇ ਨਤੀਜੇ ਵਜੋਂ ਉੱਚ ਵਿੱਦਿਆ ਦੇ ਬੂਹੇ ਆਮ ਲੋਕਾਂ ਲਈ ਲੱਗਭੱਗ ਬੰਦ ਹੀ ਹੋ ਚੁੱਕੇ ਹਨ। ਬੇਰੁਜ਼ਗਾਰੀ ਦਾ ਆਲਮ ਆਪਣੇ ਪੂਰੇ ਜੋਬਨ 'ਤੇ ਹੈ। ਅਜਿਹੇ ਹਾਲਾਤ ਅੰਦਰ ਲੋਕਾਂ ਦਰਮਿਆਨ ਧਰਮ, ਜਾਤ, ਇਲਾਕਾ ਆਦਿ ਆਧਾਰਤ ਵੰਡੀਆਂ ਪਾਉਣ ਨਾਲ ਹੀ ਸਰ ਨਹੀਂ ਰਿਹਾ, ਉਹ ਇਸ ਤੋਂ ਵੀ ਅਗਾਂਹ ਧਰਮ ਦੇ ਅੰਦਰ ਹੀ ਮੌਜੂਦ ਫਿਰਕਿਆਂ ਦਰਮਿਆਨ ਵੰਡੀਆਂ ਨੂੰ ਹਵਾ ਦੇ ਰਹੇ ਹਨ। ਅਜਿਹੀ ਹੀ ਕਵਾਇਦ ਦਾ ਝਲਕਾਰਾ ਹੈ ਸਾਬਰੀਮਾਲਾ ਮੰਦਰ ਦੁਆਲੇ ਘੁੰਮਦੀ ਸੁਪਰੀਮ ਕੋਰਟ ਅੰਦਰਲੀ ਬਹਿਸ ਦਾ ਤੱਤ। ਜਿਵੇਂ ਬਹਿਸ ਅੰਦਰ ਇਹ ਕਿਹਾ ਜਾਣਾ ਕਿ ਉੱਤਰ ਤੇ ਦੱਖਣ ਦੇ ਹਿੰਦੂਆਂ ਦਰਮਿਆਨ ਵੀ ਪਾੜੇ ਹਨ। ਇਹਨਾਂ ਪਾੜਿਆਂ ਨੂੰ ਮੇਟਣ ਦਾ ਕੰਮ ਕਰਨਾ ਹੁੰਦਾ ਹੈ ਕਿਸੇ ਲੋਕ ਪੱਖੀ ਜਮਹੂਰੀ ਰਾਹ ਅਖ਼ਤਿਆਰ ਕਰਨ ਵਾਲੀ ਹਕੂਮਤ ਨੇ ਅਤੇ ਹਕੂਮਤ ਦੇ ਅਦਾਲਤੀ ਢਾਂਚੇ ਤੇ ਕਾਰਜਕਾਰਨੀ ਨੇ ਯਾਨੀ ਅਫ਼ਸਰਸ਼ਾਹੀ ਨੇ, ਪਰ ਕਾਨੂੰਨ ਦਾ ਤਾਂ ਮੰਨਣਾ ਇਹ ਹੈ ਕਿ ਇੱਕ ਜਾਇਦਾਦਾਂ ਦੇ ਮਾਲਕ ਹਨ ਅਤੇ ਇੱਕ ਜਾਇਦਾਦ ਵਿਹੂਣੇ। ਇਸੇ ਹੀ ਪ੍ਰੀਭਾਸ਼ਾ ਨੂੰ ਹੀ ਦੇਖਦਿਆਂ ਇਹ ਕਿਹਾ ਜਾਂਦਾ ਹੈ ਕਿ ਕਿਸੇ ਕਾਨੂੰਨੀ ਬਖੇੜੇ ਵਿੱਚ 'ਮਾਲਕ ਹੋਣਾ ਹੀ ਦਸਾਂ 'ਚੋਂ ਨੌਂ ਹਿੱਸੇ ਜੇਤੂ' ਹੋਣਾ ਹੈ।

ਇਸੇ 'ਚੋਂ ਹੀ ਸਾਡੇ ਆਪਣੇ ਸੱਭਿਆਚਾਰ ਅੰਦਰ ਪ੍ਰਚੱਲਤ ਕਹਾਉਤ ਨਿਕਲੀ ਹੈ, ਜਿਹੜੀ ਕਹਿੰਦੀ ਹੈ- ਡਾਢੇ ਦਾ ਸੱਤੀਂ ਵੀਹੀਂ ਸੌ। ਲੋਕ ਪੱਖੀ ਜਮਹੂਰੀ ਸਮਝ ਨੂੰ ਪ੍ਰਣਾਈਆਂ ਜਥੇਬੰਦੀਆਂ ਤੇ ਸਰਗਰਮ ਲੋਕਾਂ ਨੂੰ ਹਕੂਮਤ ਤੇ ਹਕੂਮਤੀ ਰਾਜ ਮਸ਼ੀਨਰੀ ਦੀਆਂ ਲੋਕਾਂ ਨੂੰ ਭਰਮਾ ਕੇ ਲੋਕਾਂ ਅੰਦਰ ਵੰਡੀਆਂ ਪਾਉਣ ਅਤੇ ਉਹਨਾਂ ਦਾ ਧਿਆਨ ਉਹਨਾਂ ਦੇ ਬੁਨਿਆਦੀ ਮਸਲਿਆਂ ਤੋਂ ਪਾਸੇ ਲਿਜਾਣ ਦੇ ਹਾਕਮ ਜਮਾਤਾਂ ਦੇ ਸਾਰੇ ਹਰਬਿਆਂ ਦਾ ਅਤੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਗ਼ਲਤਾਨ ਰੱਖਣ ਦੀਆਂ ਹਕੂਮਤੀ ਚਾਰਾਜ਼ੋਈਆਂ ਦਾ ਪੂਰਾ ਹੀਜ-ਪਿਆਜ ਵਿਸ਼ਾਲ ਲੋਕਾਈ ਅੰਦਰ ਨੰਗਾ ਕੀਤਾ ਜਾਵੇ ਅਤੇ ਇੱਕ ਲੋਕ ਪੱਖੀ, ਲੋਕਾਂ ਦੀ ਪੁੱਗਤ ਵਾਲ਼ਾ ਸਮਾਜ ਸਿਰਜਣ ਦੀਆਂ ਜਥੇਬੰਦਕ ਕੋਸ਼ਿਸ਼ਾਂ ਨੂੰ ਜ਼ਰਬਾਂ ਦਿੱਤੀਆਂ ਜਾਣ, ਜਿਸ ਅੰਦਰ ਧਰਮ ਕਿਸੇ ਵੀ ਵਿਅਕਤੀ ਦਾ ਨਿੱਜੀ ਮਾਮਲਾ ਹੈ, ਨਾ ਕਿ ਉਹਨੂੰ ਗਲੀ-ਕੂਚਿਆਂ 'ਚ ਨਸ਼ਰ ਕੀਤਾ ਜਾਵੇ ਅਤੇ ਹਾਕਮਾਂ ਵੱਲੋਂ ਫੈਲਾਏ ਜਾ ਰਹੇ ਗੈਰ ਵਿਗਿਆਨਕ ਸੋਚਣੀ ਦਾ ਫਸਤਾ ਵੱਢਿਆ ਜਾਵੇ ਅਤੇ ਲੋਕਾਂ ਦੇ ਸਰਬਪੱਖੀ ਵਿਕਾਸ ਲਈ ਰਾਹ ਖੋਲ੍ਹਿਆ ਜਾ ਸਕੇ।

*# ਸੰਪਰਕ : 94170-79720*

# ਤੇਜ਼ੀ ਨਾਲ ਵਧ ਰਿਹਾ ਪਲਾਸਟਿਕ ਪ੍ਰਦੂਸ਼ਣ

ਸੰਜੀਵ ਸਿੰਘ ਸੈਣੀ

ਕੁਝ ਕੁ ਵਰੇ ਪਹਿਲਾਂ ਭਾਰਤ ਵਿੱਚ ਕੇਂਦਰ ਵੱਲੋਂ ਸਿੰਗਲ ਯੂਜ਼ ਪਲਾਸਟਿਕ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਲਾਗੂ ਕਰ ਦਿੱਤਾ ਗਿਆ ਸੀ। ਸਰਕਾਰ ਨੇ ਪੂਰੇ ਦੇਸ਼ ਵਿੱਚ 15 ਤਰ੍ਹਾਂ ਦੇ ਪਲਾਸਟਿਕ 'ਤੇ ਪਾਬੰਦੀ ਲਗਾ ਕੇ ਬਹੁਤ ਸ਼ਲਾਘਾਯੋਗ ਪਹਿਲ ਕੀਤੀ ਸੀ। 15 ਅਗਸਤ 2019 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਲਾਸਟਿਕ 'ਤੇ ਪਾਬੰਦੀ ਦਾ ਜ਼ਿਕਰ ਵੀ ਕੀਤਾ ਸੀ। ਹਾਲ ਹੀ ਵਿੱਚ ਦਿ ਲੈਂਸਟ ਮੈਗਜ਼ੀਨ 'ਚ ਪ੍ਰਕਾਸਿਤ ਇੱਕ ਖੋਜ ਵਿੱਚ ਕਿਹਾ ਗਿਆ ਹੈ ਕਿ ਪਲਾਸਟਿਕ ਪ੍ਰਦੂਸ਼ਣ ਮਨੁੱਖ ਅਤੇ ਧਰਤੀ ਦੋਵਾਂ ਲਈ ਬਹੁਤ ਘਾਤਕ ਸਿੱਧ ਹੋਇਆ ਹੈ। ਚਾਹੇ ਸਬਜ਼ੀ ਲੈਣ ਜਾਣਾ ਹੋਵੇ, ਬਾਹਰ ਕੁਝ ਖਾਣਾ ਹੋਵੇ, ਕੋਲਡ ਡਰਿੰਕ ਪੀਣਾ ਹੋਵੇ, ਚਾਹ, ਕਾਫੀ ਪੀਣੀ ਹੋਵੇ ਪਲਾਸਟਿਕ ਆਪਣੀ ਥਾਂ ਬਣਾ ਗਿਆ ਹੈ। ਉਮਰ ਦੇ ਹਰ ਪੜਾਅ ਵਿੱਚ ਪਲਾਸਟਿਕ ਖਤਰਾ ਬਣਦਾ ਜਾ ਰਿਹਾ ਹੈ। ਸ਼ਹਿਰਾਂ ਵਿੱਚ ਇੰਸਪੈਕਟਰਾਂ ਵੱਲੋਂ ਚਲਾਨ ਵੀ ਕੱਟੇ ਜਾ ਰਹੇ ਹਨ। ਭਾਰੀ ਜੁਰਮਾਨਾ ਤੇ 5 ਸਾਲ ਦੀ ਸਜ਼ਾ ਵੀ ਹੋਵੇਗੀ। ਹਾਲਾਂਕਿ ਕਈ ਦੁਕਾਨਦਾਰਾਂ ਨੇ ਕਿਹਾ ਵੀ ਹੈ ਕਿ ਜੋ ਘਰ ਤੋਂ ਆਪਣਾ ਥੈਲਾ ਲੈ ਕੇ ਆਉਣਗੇ, ਉਨ੍ਹਾਂ ਨੂੰ ਵੀ ਛੋਟ ਵੀ ਦਿੱਤੀ ਜਾਵੇਗੀ। ਇਹ ਵੀ ਬਹੁਤ ਵਧੀਆ ਪਹਿਲ ਹੈ।

ਅਕਸਰ ਜਦੋਂ ਵੀ ਪਲਾਸਟਿਕ 'ਤੇ ਪਾਬੰਦੀ ਦੀ ਗੱਲ ਹੁੰਦੀ ਸੀ ਤਾਂ ਵੱਡੇ-ਵੱਡੇ ਕਾਰੋਬਾਰੀ ਤੇ ਉਦਯੋਗਪਤੀ ਸਰਕਾਰ ਖ਼ਿਲਾਫ਼ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਸੀ।

ਆਪਣੀ ਜ਼ਿੰਦਗੀ ਵਿੱਚ ਅਕਸਰ ਅਸੀਂ ਦੇਖਦੇ ਹਾਂ ਕਿ ਜੋ ਸਮਾਨ ਅਸੀਂ ਬਾਹਰੋਂ ਲੈ ਕੇ ਆਉਂਦੇ ਹਨ, ਉਹ ਪਲਾਸਟਿਕ ਵਿੱਚ ਪੈਕ ਹੋਇਆ ਹੁੰਦਾ ਹੈ। ਚਾਹੇ ਉਹ ਪਨੀਰ, ਦੁੱਧ, ਦਹੀਂ ਜਾਂ ਕੋਈ ਵੀ ਹੋਰ ਖਾਣ-ਪੀਣ ਵਾਲੀ ਵਸਤੂ ਹੋਵੇ। ਵਿਆਹ-ਸ਼ਾਦੀਆਂ ਵਿਚ ਤਾਂ ਪਲਾਸਟਿਕ ਦਾ ਪੂਰਾ ਫਾਇਦਾ ਲਿਆ ਜਾਂਦਾ ਹੈ। ਕਿੰਨੇ ਕੁ ਤਰ੍ਹਾਂ ਦੇ ਠੰਢੇ ਦੀਆਂ ਬੋਤਲਾਂ ਆਮ ਰੁੜ੍ਹਦੀਆਂ ਦੇਖੀਆਂ ਜਾਂਦੀਆਂ ਹਨ। ਠੰਢੇ ਪੀਣ ਦੇ ਲੋਕ ਬਹੁਤ ਸ਼ੌਕੀਨ ਨੇ। ਪਲਾਸਟਿਕ ਗਲਾਸ, ਕੋਲੀਆਂ, ਚਮਚੇ, ਪਲੇਟਾਂ, ਪਾਣੀ ਵਾਲੀ ਬੋਤਲਾਂ ਅਕਸਰ ਅਸੀਂ ਧਾਰਮਿਕ ਸਮਾਗਮਾਂ ਜਾਂ ਵਿਆਹਾਂ ਵਿੱਚ ਦੇਖਦੇ ਹਾਂ। ਅਕਸਰ ਲੋਕਾਂ ਨੂੰ ਇਹ ਹੁੰਦਾ ਹੈ ਕਿ ਜੋ ਭਾਂਡੇ ਮਾਂਜਣ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਵੀ ਪੈਸੇ ਦੇਣੇ ਹਨ, ਕਿਉਂ ਨਾ ਪਲਾਸਟਿਕ ਨਾਲ ਬਣੇ ਸਾਮਾਨ ਨੂੰ ਤਰਜੀਹ ਦਿੱਤੀ ਜਾਵੇ। ਇੱਕ ਤਾਂ ਪੈਸੇ ਦੀ ਬਚਤ ਹੋਵੇਗੀ। ਜਦੋਂ ਇਨ੍ਹਾਂ ਚੀਜ਼ਾਂ ਦੀ ਵਰਤੋਂ ਹੋ ਜਾਂਦੀ ਹੈ ਫਿਰ ਇਨ੍ਹਾਂ ਨੂੰ ਕਿਸੇ ਖੁੱਲ੍ਹੇ ਵਿੱਚ ਢੇਰ ਲਗਾ ਦਿੱਤਾ ਜਾਂਦਾ ਹੈ ਜਾਂ ਜੋ ਗਾਰਬੇਜ, ਕੂੜਾ ਵਾਲੇ ਵੱਡੇ-ਵੱਡੇ ਡਰੰਮ ਹੁੰਦੇ ਹਨ, ਉਨ੍ਹਾਂ ਦੇ ਨੇੜੇ-ਤੇੜੇ ਸੁੱਟ ਦਿੱਤਾ ਜਾਂਦਾ ਹੈ। ਕਈ ਵਾਰ ਤਾਂ ਇਸ ਨੂੰ ਅੱਗ ਵੀ ਲਗਾ ਦਿੱਤੀ ਜਾਂਦੀ ਹੈ, ਜੋ ਕਿ ਜਲਦਾ ਹੀ ਨਹੀਂ, ਸਗੋਂ ਵਾਤਾਵਰਣ ਨੂੰ ਪ੍ਰਦੂਸ਼ਤ ਕਰਦਾ ਹੈ। ਹਵਾ ਵਿੱਚ ਪੈਦਾ ਹੋਣ ਵਾਲੇ ਪਦਾਰਥਾਂ 'ਚ ਪਾਰਟੀਕੁਲੇਟ ਮੈਟਰ, ਸਲਫਰ ਡਾਈਆਕਸਾਈਡ ਆਦਿ ਗੈਸਾਂ ਸ਼ਾਮਲ ਹੁੰਦੀਆਂ ਹਨ। ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਮਾਈਕ੍ਰੋਪਲਾਸਟਿਕ ਮਨੁੱਖੀ ਟਿਸ਼ੂਜ਼ ਤੇ ਸਰੀਰ ਦੇ ਤਰਲ ਪਦਾਰਥਾਂ 'ਚ ਪਾਏ ਗਏ ਹਨ। ਕਈ ਵਾਰ ਤਾਂ ਇਹ ਹੁੰਦਾ ਹੈ ਕਿ ਕੂੜੇ ਵਾਲੇ ਇਹ ਪਲਾਸਟਿਕ ਵਾਲਾ ਕਚਰਾ ਉਠਾ ਕੇ ਨਦੀਆਂ, ਨਾਲਿਆਂ ਦੇ ਨੇੜੇ-ਤੇੜੇ ਸੁੱਟ ਦਿੰਦੇ ਹਨ। ਅਕਸਰ ਅਸੀਂ ਦੇਖਦੇ ਹਾਂ ਕਿ ਕੂੜੇ ਦੇ ਢੇਰਾਂ 'ਤੇ ਅਵਾਰਾ ਪਸ਼ੂ ਹੁੰਦੇ ਹਨ, ਜੋ ਗੰਦਗੀ ਦੇ ਲਿਫਾਫੇ ਕਚਰਾ, ਪਲਾਸਟਿਕ ਨਾਲ ਭਰੇ ਹੋਏ ਹੁੰਦੇ ਹਨ, ਉਨ੍ਹਾਂ ਨੂੰ ਇਹ ਅਵਾਰਾ ਪਸ਼ੂ ਖਾ ਲੈਂਦੇ ਹਨ। ਜੋ ਇਨ੍ਹਾਂ ਲਈ ਬਹੁਤ ਹੀ ਘਾਤਕ ਸਿੱਧ ਹੁੰਦਾ ਹੈ। ਜਿੱਥੇ ਇਹ ਪਲਾਸਟਿਕ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਿਹਾ ਹੈ, ਉਥੇ ਵਾਤਾਵਰਣ ਲਈ ਵੀ ਖਤਰੇ ਦੀ ਘੰਟੀ ਹੈ। ਪਲਾਸਟਿਕ ਨੂੰ ਜਲਾਉਣ ਨਾਲ ਜ਼ਹਿਰੀਲਾ ਧੂੰਆਂ ਵਾਤਾਵਰਣ ਨੂੰ ਬਹੁਤ ਜਿਆਦਾ ਪ੍ਰਦੂਸ਼ਤ ਕਰਦਾ ਹੈ। ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਹਨ। ਮਾਹਰ ਦੱਸਦੇ ਹਨ ਕਿ ਕਈ ਅਜਿਹੇ ਤੱਤ ਪਲਾਸਟਿਕ ਵਾਲੇ ਸਰੀਰ ਵਿੱਚ ਚਲੇ ਜਾਂਦੇ ਨੇ।

ਜਦੋਂ ਵੀ ਅਸੀਂ ਬਾਜ਼ਾਰ ਵਿਚ ਕੁਝ ਸਮਾਨ ਲੈਣ ਜਾਣਾ ਹੈ, ਤਾਂ ਆਪਣੇ ਘਰ ਤੋਂ ਬਣੇ ਕੱਪੜੇ ਜਾਂ ਜੂਟ ਦੇ ਥੈਲਿਆਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਆਪਣੇ ਘਰ ਤੋਂ ਹੀ ਥੈਲਾ ਲੈ ਕੇ ਜਾਓ ਤੇ ਆਪਣੇ ਆਸ-ਪਾਸ ਤੇ ਹੋਰ ਦੋਸਤਾਂ-ਮਿੱਤਰਾਂ ਨੂੰ ਵੀ ਜਾਗਰੂਕ ਕਰੋ। ਤਕਰੀਬਨ ਹਰ ਜਗ੍ਹਾ 'ਤੇ ਪਲਾਸਟਿਕ ਵਰਤੋਂ ਵਿੱਚ ਹੋ ਰਿਹਾ ਹੈ। ਨਾਰੀਅਲ ਪਾਣੀ ਪੀਓ, ਉਸ ਵਿਚ ਪਾਈਪ ਵੀ ਪਲਾਸਟਿਕ ਦੀ ਲਗਾ ਕੇ ਦਿੱਤੀ ਜਾਂਦੀ ਹੈ। ਪਨੀਰ ਲੈ ਲਓ, ਦੁੱਧ, ਦਹੀਂ, ਮੱਖਣ, ਲੱਸੀ ਹਰ ਚੀਜ਼ ਖਾਣ-ਪੀਣ ਵਾਲੀ ਵਸਤੂ ਪਲਾਸਟਿਕ ਵਿੱਚ ਪੈਕ ਹੋ ਕੇ ਆ ਰਹੀ ਹੈ। ਹੋਰ ਤਾਂ ਹੋਰ ਜਦੋਂ ਧਾਰਮਿਕ ਸਮਾਗਮਾਂ ਜਾਂ ਵਿਆਹਾਂ ਵਿਚ ਲੰਗਰ ਹੁੰਦਾ ਹੈ, ਲੋਕ ਪਲਾਸਟਿਕ ਦੇ ਲਿਫਾਫਿਆਂ ਵਿਚ ਗਰਮ-ਗਰਮ ਸਬਜ਼ੀ ਪੁਆ ਕੇ ਆਪਣੇ ਘਰ ਲੈ ਕੇ ਆਉਂਦੇ ਹਨ। ਗਰਮ ਸਬਜੀ ਪਲਾਸਟਿਕ ਦੇ ਲਿਫਾਫੇ ਵਿੱਚ ਬਹੁਤ ਖਤਰਨਾਕ ਹੁੰਦੀ ਹੈ। ਜਦੋਂ ਵੀ ਅਸੀਂ ਖਾਣ-ਪੀਣ ਵਾਲੀ ਵਸਤੂ ਨੂੰ ਲੈ ਕੇ ਆਉਣ ਹੈ ਤਾਂ ਆਪਣੇ ਘਰ ਤੋਂ ਭਾਂਡਾ ਲੈ ਕੇ ਜਾਉ। ਸਾਨੂੰ ਸਿੰਗਲ ਯੂਜ਼ ਪਲਾਸਟਿਕ ਦੀ ਬਿਲਕੁਲ ਵੀ ਵਰਤੋਂ ਨਹੀਂ ਕਰਨੀ। ਸਰਕਾਰ ਦਾ ਸਹਿਯੋਗ ਕਰਨ ਲਈ ਸਾਨੂੰ ਸਾਰਿਆਂ ਨੂੰ ਹੀ ਅੱਗੇ ਆਉਣਾ ਪਵੇਗਾ।

*# ਸੰਪਰਕ : 78889-66168*

# ਅੱਤ ਦੀ ਗਰਮੀ ਤੋਂ ਆਪ ਵੀ ਬਚੋ ਤੇ ਹੋਰਨਾਂ ਨੂੰ ਵੀ ਬਚਾਓ

ਵਿਸ਼ਵਾ ਮਿੱਤਰ

ਇਸ ਵਾਰ ਐੱਲ ਨੀਨੋ ਪਿਛਲੇ ਸਾਲ ਤੋਂ ਵੀ ਵੱਧ ਗਰਮੀ ਦਾ ਕਹਿਰ ਵਰਤਾਏਗਾ। ਐੱਲ ਨੀਨੋ ਕੀ ਹੁੰਦਾ ਹੈ, ਕਿਉਂ ਬਣਦਾ ਹੈ ਅਤੇ ਕਿਵੇਂ ਬਣਦਾ ਹੈ, ਇਸ ਕਾਰਨ ਗਰਮੀ ਕਿਓਂ ਵਧ ਜਾਂਦੀ ਹੈ, ਮੈਂ ਇਸ ਦੇ ਵਿਸਤਾਰ ਵਿਚ ਨਹੀਂ ਜਾਣਾ ਚਾਹੁੰਦਾ, ਬਸ ਐਨਾ ਹੀ ਸਮਝ ਲਓ ਕਿ ਮੌਸਮ ਵਿਭਾਗ ਵੱਲੋਂ ਆ ਰਹੀਆਂ ਸੂਚਨਾਵਾਂ ਅਨੁਸਾਰ ਇਸ ਵਾਰ ਗਰਮੀ ਪਿਛਲੇ ਸਾਲ ਤੋਂ ਵੀ ਵੱਧ ਪਵੇਗੀ। ਕੇਵਲ ਗਰਮੀ ਹੀ ਵੱਧ ਨਹੀਂ ਪਵੇਗੀ, ਬਲਿਕ ਸੰਸਾਰ ਦਾ ਔਸਤ ਤਾਪਮਾਨ ਵੀ ਪਹਿਲਾਂ ਨਾਲੋਂ ਅੱਧਾ ਡਿਗਰੀ ਸੈਲਸੀਅਸ ਜਾਂ ਇਸ ਤੋਂ ਵੀ ਵੱਧ ਜਾਵੇਗਾ, ਜਿਸ ਨਾਲ ਗਰੀਨ ਲੈਂਡ, ਐਂਟਾਰਕਟਿਕਾ, ਅਲਾਸਕਾ, ਪਟਾਗੋਨਿਆ ਅਤੇ ਆਰਕਟਿਕ ਦੀ ਬਰਫ਼ ਅਤੇ ਪਹਾੜਾਂ ਦੇ ਗਲੇਸ਼ੀਅਰ ਤੇਜ਼ੀ ਨਾਲ ਪਿਘਲਣਗੇ ਅਤੇ ਸਮੁੰਦਰ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ, ਜਿਸ ਕਾਰਨ ਕੁਝ ਨੀਵੇਂ ਦੇਸ਼ ਪਾਣੀ ਹੇਠਾਂ ਜਾਣ ਦਾ ਖਤਰਾ ਹੈ।

ਇਸ ਅੱਤ ਦੀ ਗਰਮੀ ਕਾਰਨ ਖੇਤਾਂ ਅਤੇ ਬਾਗ਼-ਬਗ਼ੀਚਿਆਂ ਨੂੰ ਜ਼ਿਆਦਾ ਪਾਣੀ ਦੀ ਲੋੜ ਹੋਵੇਗੀ। ਜਿੱਥੇ ਦਰਿਆਵਾਂ ਦਾ ਪਾਣੀ ਨਹੀਂ ਪਹੁੰਚਦਾ, ਉਥੇ ਧਰਤੀ ਹੇਠਲਾ ਪਾਣੀ ਪਹਿਲਾਂ ਨਾਲੋਂ ਵੀ ਜ਼ਿਆਦਾ ਕੱਢਿਆ ਜਾਵੇਗਾ, ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ (ਵਾਟਰ ਟੇਬਲ) ਹੋਰ ਜ਼ਿਆਦਾ ਹੇਠਾਂ ਚਲਾ ਜਾਵੇ ਗਾ। ਇਸ ਨਾਲ ਬਿਜਲੀ ਦੀ ਖਪਤ ਹੋਰ ਵੱਧ ਜਾਏਗੀ ਅਤੇ ਸਭਨਾਂ ਨੂੰ ਬਿਜਲੀ ਦੇਣ ਲਈ ਬਿਜਲੀ ਕੱਟ ਜ਼ਿਆਦਾ ਲਗਣ ਗੇ।

ਜੇਕਰ ਘਰ ਤੋਂ ਬਾਹਰ ਕਿਸੇ ਨੇ ਕੰਮਕਾਰ ਲਈ ਜਾਣਾ ਹੋਵੇ ਜਾਂ ਖੁੱਲੇ ਸਥਾਨ ਜਾਂ ਖੇਤਾਂ ਵਿਚ ਕੰਮ ਕਰਨਾ ਹੋਵੇ ਤਾਂ ਅੱਤ ਦੀ ਗਰਮੀ ਤੋਂ ਬਚਣ ਲਈ ਘਰੋਂ ਕੋਈ ਠੰਢਾ ਸ਼ਰਬਤ, ਠੰਢੀ ਲੱਸੀ, ਸੱਤੂ ਜਾਂ ਠੰਢਾ ਪਾਣੀ ਪੀ ਕੇ ਹੀ ਨਿਕਲੋ, ਸਿਰ 'ਤੇ ਗਿੱਲਾ ਤੌਲੀਆ ਜਾਂ ਕੋਈ ਹੋਰ ਕੱਪੜਾ ਰੱਖਣਾ ਵੀ ਕਾਫੀ ਫਾਇਦੇਮੰਦ ਹੈ। ਹੋ ਸਕੇ ਤਾਂ ਛਤਰੀ ਲੈ ਕੇ ਚਲੋ। ਜੇਕਰ ਗਰਮੀ ਤੋਂ ਬਚਾਅ ਤੇ ਉਪਰਾਲੇ ਨਾ ਕੀਤੇ ਜਾਣ ਤਾਂ ਬਹੁਤ ਜ਼ਿਆਦਾ ਗਰਮੀ ਸਰੀਰ ਦੇ ਠੰਢ ਤੰਤਰ (ਪਸੀਨਾ ਆਉਣਾ, ਖ਼ੂਨ ਸੰਚਾਰ) ਨੂੰ ਪ੍ਰਭਾਵਤ ਕਰਦੀ ਹੈ, ਜਿਸ ਨਾਲ ਡੀਹਾਈਡਰੇਸ਼ਨ, ਥਕਾਵਟ, ਚੱਕਰ ਆਉਣੇ ਅਤੇ ਮਹੱਤਵਪੂਰਨ ਅੰਗਾਂ 'ਤੇ ਦਬਾਅ ਪੈਂਦਾ ਹੈ। ਗੰਭੀਰ ਮਾਮਲਿਆਂ ਵਿੱਚ ਗਰਮੀ ਦੀ ਥਕਾਵਟ, ਭਾਰੀ ਪਸੀਨਾ ਆਉਣਾ, ਸਿਰ ਦਰਦ, ਮਤਲੀ ਹੋਣਾ ਅਤੇ ਜਾਨਲੇਵਾ ਹੀਟਸਟ੍ਰੋਕ ਹੋ ਜਾਂਦਾ ਹੈ, ਜਿਸ ਲਈ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ।

ਕਾਫ਼ੀ ਲੋਕਾਂ ਦੇ ਘਰਾਂ ਵਿੱਚ ਏ ਸੀ ਲੱਗੇ ਹੋਏ ਹਨ, ਕਈਆਂ ਦੇ ਘਰਾਂ ਵਿੱਚ ਦੋ ਜਾਂ ਦੋ ਤੋਂ ਵੱਧ ਏ. ਸੀ ਵੀ ਹਨ, ਦਫਤਰਾਂ ਅਤੇ ਦੁਕਾਨਾਂ ਵਿਚ ਏ ਸੀ ਲੱਗੇ ਹੋਏ ਹਨ ਅਤੇ ਲੋਕ ਠੰਢੀ ਹਵਾ ਦਾ ਅਨੰਦ ਲੈ ਰਹੇ ਹਨ। ਅਸੀ ਆਪਣੇ ਏ ਸੀ ਤੋਂ ਜਿੰਨੀ ਜਿਆਦਾ ਠੰਢੀ ਹਵਾ ਲੈਂਦੇ ਹਾਂ, ਏ ਸੀ ਓਨੀ ਹੀ ਜ਼ਿਆਦਾ ਉਹ ਗਰਮੀ ਹਵਾ (ਵਾਤਾਵਰਨ) ਵਿਚ ਛੱਡਦਾ ਹੈ। ਜਰਾ ਸੋਚੋ ਕਿ ਜਿਨਾਂ ਲੋਕਾਂ ਕੋਲ ਏ ਸੀ ਨਹੀਂ ਹੈ, ਇਥੇ ਤੱਕ ਕਿ ਬਿਜਲੀ ਦਾ ਪੱਖਾ ਵੀ ਨਹੀਂ ਹੈ, ਅਜਿਹੇ ਲੋਕਾਂ ਕੋਲ ਸਾਡੇ ਵਾਲੇ ਗਰਮ ਕੀਤੀ ਗਈ ਹਵਾ ਪਹੁੰਚ ਰਹੀ ਹੈ। ਭਾਵੇਂ ਅਜਿਹੇ ਲੋਕ ਐਨਾ ਕਹਿ ਕੇ ਹੀ ਆਪਣੇ ਆਪ ਨੂੰ ਤਸੱਲੀ ਦੇ ਲੈਂਦੇ ਹਨ ਕਿ ਇਸ ਵਾਰ ਬਹੁਤ ਗਰਮੀ ਪੈ ਰਹੀ ਹੈ, ਪਰ ਉਹਨਾਂ ਨੂੰ ਵੱਧ ਗਰਮੀ ਪੁਚਾਉਣ ਵਿਚ ਸਾਡਾ ਵੀ ਹੱਥ ਹੈ?

ਜੰਗਲਾਂ ਦੀ ਸਫਾਈ ਇੱਕ ਪੱਖ ਹੈ, ਚੌਕਾਂ ਵਿਚੋਂ ਦਰੱਖਤ ਗਾਇਬ ਹੋਣੇ ਦੂਜਾ ਪੱਖ ਹੈ ਅਤੇ ਏ ਸੀ ਤੋਂ ਪੈਦਾ ਕੀਤੀ ਗਰਮੀ ਤੀਜਾ ਪੱਖ ਹੈ, ਜਿਸ ਨਾਲ ਹਵਾ ਵਿਚ ਗਰਮੀ ਵੱਧ ਰਹੀ ਹੈ। ਸਾਡੇ ਸਰੀਰ ਲਈ 24 ਡਿਗਰੀ ਸੈਲਸੀਅਸ ਤਾਪਮਾਨ ਸੁਹਾਵਣੇ ਮੌਸਮ ਵਰਗਾ ਹੁੰਦਾ ਹੈ, ਜਿਸ ਵਿਚ ਸਾਨੂੰ ਨਾ ਗਰਮੀ ਲਗਦੀ ਹੈ ਅਤੇ ਨਾ ਠੰਢ ਲਗਦੀ ਹੈ। ਜੇਕਰ ਹਵਾ ਵਿਚ ਨਮੀ ਜ਼ਿਆਦਾ ਹੋਵੇ ਤਾਂ 23 ਡਿਗਰੀ ਦਾ ਤਾਪਮਾਨ ਵੀ 24 ਡਿਗਰੀ ਵਾਲਾ ਮਹਿਸੂਸ ਹੁੰਦਾ ਹੈ। ਆਮ ਦਿਨਾਂ ਲਈ ਏ. ਸੀ 23 ਜਾਂ 24 ਡਿਗਰੀ 'ਤੇ ਹੀ ਚਲਾਏ ਜਾਣ, ਪਰ ਹੁੰਦਾ ਇਸ ਤੋਂ ਉਲਟ ਹੈ। ਲੋਕ ਗਰਮੀਆਂ ਵਿਚ ਵੀ ਕੰਬਲ ਲੈ ਰਹੇ ਹਨ ਅਤੇ ਏ.ਸੀ 18 ਜਾਂ 17 ਡਿਗਰੀ ਤੇ ਚਲਾ ਰਹੇ ਹਨ। ਇਸ ਨਾਲ ਇੱਕ ਤਾਂ ਆਪਣਾ ਨੁਕਸਾਨ ਕਰ ਰਹੇ ਹੁੰਦੇ ਹਨ, ਕਿਉਂਕਿ ਬਿਜਲੀ ਦਾ ਬਿੱਲ ਜ਼ਿਆਦਾ ਆਉਂਦਾ ਹੈ ਅਤੇ ਦੂਜੇ ਉਹਨਾਂ ਗਰੀਬਾਂ ਦਾ ਨੁਕਸਾਨ ਕਰ ਰਹੇ ਹਨ, ਜਿਨ੍ਹਾਂ ਕੋਲ ਬਿਜਲੀ ਦਾ ਪੱਖਾ ਵੀ ਨਹੀਂ ਹੈ, ਅੱਤ ਦੀ ਗਰਮੀ ਵਿਚ ਵਾਤਾਵਰਨ ਹੋਰ ਗਰਮ ਕਰਕੇ ਮਨੁੱਖਤਾ ਨਾਲ ਧ੍ਰੋਹ ਕਮਾ ਰਹੇ ਹਨ।

ਇੱਕ ਹੋਰ ਕਿਸਮ ਦੇ ਨਮੂਨੇ ਵੀ ਹਨ। ਇਹ ਦਫ਼ਤਰਾਂ ਦੇ ਵੱਡੇ ਅਫਸਰ ਹਨ ਅਤੇ ਘਰੋਂ ਚਲਣ ਵੇਲੇ ਸੇਵਾਦਾਰ ਨੂੰ ਫੋਨ ਕਰ ਦੇਂਦੇ ਹਨ ਕਿ ਏ ਸੀ ਚਾਲੂ ਕਰ ਦੇ। ਅਫਸਰ ਤੇ ਦਫਤਰ ਪਹੁੰਚਣ ਤੱਕ ਏ ਸੀ ਅੱਧਾ ਘੰਟਾ ਜਾਂ ਜ਼ਿਆਦਾ ਦੇਰ ਚਲਦਾ ਰਹਿੰਦਾ ਹੈ ਤਾਂ ਕਿ ਅਫ਼ਸਰ ਦੇ ਆਉਣ 'ਤੇ ਦਫਤਰ ਚੰਗੀ ਤਰਾਂ ਠੰਢਾ ਹੋ ਜਾਵੇ, ਬਿਜਲੀ ਦਾ ਬਿੱਲ ਤਾਂ ਸਰਕਾਰ ਨੇ ਦੇਣਾ ਹੈ। ਅਜਿਹੇ ਅਫ਼ਸਰ ਨੂੰ ਕੌਣ ਸਮਝਾਵੇ, ਪਰ ਸਾਨੂੰ ਐਨੀ ਕੁ ਅਕਲ ਤਾਂ ਵਰਤ ਲੈਣੀ ਚਾਹੀਦੀ ਹੈ ਕਿ ਆਪਣਾ ਬਿਜਲੀ ਦਾ ਬਿੱਲ ਘਟਾਉਣ ਲਈ ਏ. ਸੀ 23/24 ਡਿਗਰੀ ਸੈਲਸੀਅਸ 'ਤੇ ਚਲਾਇਆ ਜਾਵੇ, ਤਾਂ ਕਿ ਗਰੀਬਾਂ ਦਾ ਵੀ ਖਿਆਲ ਰੱਖਿਆ ਜਾ ਸਕੇ ਅਤੇ ਕੰਬਲਾਂ ਦੀ ਬਜਾਏ ਚਾਦਰਾਂ ਵਰਤ ਲਈਆਂ ਜਾਣ।

ਸੰਸਾਰ ਭਰ ਦੇ ਵਾਤਾਵਰਣ ਪ੍ਰੇਮੀ ਮੌਸਮਾਂ ਦੀ ਤਬਦੀਲੀ, ਵਾਤਾਵਰਣ ਦੇ ਗਰਮ ਹੋਣ, ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣ ਅਤੇ ਇਸ ਪਾਣੀ ਵਿਚ ਫੈਕਟਰੀਆਂ ਦੇ ਜ਼ਹਿਰੀਲੇ ਪਦਾਰਥਾਂ ਦੇ ਮਿਲਣ ਅਤੇ ਗਲੇਸ਼ੀਅਰਾਂ ਦੇ ਪਿਘਲਣ ਨਾਲ ਸਮੁੰਦਰ ਦੇ ਪਾਣੀ ਦਾ ਪੱਧਰ ਉੱਚਾ ਹੋਣ ਕਾਰਣ ਨੀਵੇਂ ਇਲਾਕਿਆਂ ਦੇ ਡੁੱਬ ਜਾਣ ਦੇ ਖਤਰਿਆਂ ਤੋਂ ਚਿੰਤਿਤ ਹਨ ਅਤੇ ਲੋਕਾਂ ਦਾ ਧਿਆਨ ਇਹਨਾਂ ਸਮੱਸਿਆਵਾਂ ਵੱਲ ਖਿੱਚ ਰਹੇ ਹਨ। ਵਾਤਾਵਰਣ ਪ੍ਰੇਮੀ ਸੰਸਾਰ 'ਚ ਲੱਗ ਰਹੀਆਂ ਜੰਗਾਂ ਵਿਚ ਬਲਣ ਵਾਲੇ ਬਾਰੂਦ ਤੋਂ ਪੈਦਾ ਹੋ ਰਹੀ ਗਰਮੀ ਅਤੇ ਹਵਾ ਵਿਚ ਮਿਲਣ ਵਾਲੇ ਜ਼ਹਿਰੀਲੇ ਪਦਾਰਥਾਂ ਤੋਂ ਵੀ ਚਿੰਤਿਤ ਹਨ। ਇਸ ਸਾਰੇ ਕੁਝ ਦਾ ਕਾਰਨ ਬੇਸਮਝੀ ਤਾਂ ਥੋੜ੍ਹੀ ਜਿਹੀ ਹੈ, ਪਰ ਵੱਡਾ ਕਾਰਣ ਸਰਮਾਏਦਾਰਾਨਾ ਲਾਲਚ ਹੈ। ਇਹ ਸਰਮਾਏਦਾਰਾਨਾ ਲਾਲਚ ਹੀ ਹੈ, ਜਿਸ ਕਾਰਨ ਜੰਗਲਾਂ ਦੀ ਬੇਤਹਾਸ਼ਾ ਕਟਾਈ ਹੋ ਰਹੀ ਹੈ ਅਤੇ ਮੌਸਮ ਗੜਬੜਾ ਰਹੇ ਹਨ। ਇਹ ਸਰਮਾਏਦਾਰਾਨਾ ਲਾਲਚ ਹੀ ਹੈ ਕਿ ਦੂਜੇ ਦੇਸ਼ਾਂ ਦਾ ਕੱਚਾ ਤੇਲ, ਯੂਰੇਨੀਅਮ ਅਤੇ ਹੋਰ ਪਦਾਰਥਾਂ 'ਤੇ ਕਬਜ਼ਾ ਕਰਨ ਲਈ ਜਾਂ ਦੂਜੇ ਦੇਸ਼ 'ਤੇ ਹੀ ਕਬਜ਼ਾ ਕਰਨ ਲਈ ਲੋਕ ਮਾਰੂ ਜੰਗ ਛੇੜ ਦਿੱਤੀ ਜਾਂਦੀ ਹੈ। ਅਮਰੀਕਾ ਵਰਗੇ ਦੇਸ਼ ਦੀ ਵਾਰ ਇੰਡਸਟਰੀ (ਯੁੱਧ ਸਮਗਰੀ ਉਦਯੋਗ) ਜਿਹੜਾ ਕਿ ਅਰਬਾਂ ਡਾਲਰ ਦਾ ਮੁਨਾਫ਼ਾ ਕਮਾਉਂਦੀ ਹੈ, ਉਸ ਦੀ ਇੱਛਾ ਹੀ ਇਹ ਹੁੰਦੀ ਹੈ ਕਿ ਸੰਸਾਰ ਵਿੱਚ ਕਿਤੇ ਨਾ ਕਿਤੇ ਜੰਗ ਛਿੜੀ ਰਹੇ ਅਤੇ ਇਸ ਦਾ ਮਾਲ ਵਿਕਦਾ ਰਹੇ। ਅਮਰੀਕਾ ਦਾ ਕੋਈ ਵੀ ਰਾਸ਼ਟਰਪਤੀ ਇਸ ਇੱਛਾ ਦੇ ਵਿਰੁੱਧ ਨਹੀਂ ਜਾ ਸਕਦਾ।

ਫੈਕਟਰੀਆਂ ਵੱਲੋਂ ਪੈਦਾ ਕੀਤੇ ਫਾਲਤੂ ਜ਼ਹਿਰੀਲੇ ਪਦਾਰਥ ਬਿਨਾ ਟ੍ਰੀਟ ਕੀਤੇ (ਪਾਣੀ ਨੂੰ ਸਾਫ਼ ਕੀਤੇ) ਕੇਵਲ ਇਸ ਲਾਲਚ ਕਾਰਨ ਧਰਤੀ ਹੇਠ ਭੇਜੇ ਜਾ ਰਹੇ ਹਨ ਕਿ ਟਰੀਟਮੈਂਟ ਪਲਾਂਟ ਲਗਵਾਉਣ ਦਾ ਖਰਚਾ ਬਚਾਇਆ ਜਾ ਸਕੇ।

*# ਸੰਪਰਕ : 94176-32228*

# ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਸ੍ਰੀ ਰਾਮ ਗਊਸ਼ਾਲਾ ਦੁਗਾਲ ਦਾ ਦੌਰਾ

- ਅੱਗ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ 50 ਲੱਖ ਦੀ ਮਾਲੀ ਸਹਾਇਤਾ ਦਾ ਐਲਾਨ
- ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਵਿੱਤ ਮੰਤਰੀ ਦਾ ਧੰਨਵਾਦ



**ਪਾਤੜਾਂ/ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ/ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਨੇ ਹਲਕਾ ਵਿਧਾਇਕ ਸ੍ਰੀ ਕੁਲਵੰਤ ਸਿੰਘ ਬਾਜ਼ੀਗਰ ਦੇ ਨਾਲ ਪਿੰਡ ਦੁਗਾਲ ਵਿਖੇ ਸਥਿਤ ਸ੍ਰੀ ਰਾਮ ਗਊਸ਼ਾਲਾ ਦਾ ਦੌਰਾ ਕਰਕੇ ਬੀਤੇ ਦਿਨੀਂ ਤੂੜੀ ਦੇ ਗੋਦਾਮ ਵਿੱਚ ਲੱਗੀ ਭਿਆਨਕ ਅੱਗ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ।ਉਨ੍ਹਾਂ ਦੱਸਿਆ ਕਿ ਇਸ ਅੱਗ ਕਾਰਨ ਗੋਦਾਮ ਵਿੱਚ ਸਟੋਰ ਕੀਤੀ ਕਈ ਟਨ ਤੂੜੀ ਸੜ ਕੇ ਸੁਆਹ ਹੋ ਗਈ ਹੈ ਤੇ ਗੋਦਾਮ ਦੇ ਸ਼ੈੱਡ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ।ਇਸ ਨੁਕਸਾਨ ਦੀ ਭਰਪਾਈ ਲਈ ਵਿੱਤ ਮੰਤਰੀ ਨੇ ਗਊਸ਼ਾਲਾ ਨੂੰ 50 ਲੱਖ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਗਊਸ਼ਾਲਾ ਵਿੱਚ ਲਗਭਗ 4,000 ਗਊਵੰਸ਼ ਦੀ ਦੇਖਭਾਲ ਕੀਤੀ ਜਾਂਦੀ ਹੈ ਤੇ ਇੱਥੇ ਨੇੜਲੇ ਖੇਤਰਾਂ ਦੀਆਂ ਹੋਰ ਗਊਸ਼ਾਲਾਵਾਂ ਲਈ ਵੀ ਤੂੜੀ ਸਟੋਰ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਇੱਥੋਂ ਹੋਰ ਗਊਸ਼ਾਲਾਵਾਂ ਨੂੰ ਵੀ ਤੂੜੀ ਸਪਲਾਈ ਕੀਤੀ ਜਾਂਦੀ ਹੈ, ਜਿਸ ਕਾਰਨ ਇਸ ਅੱਗ ਨਾਲ ਹੋਇਆ ਨੁਕਸਾਨ ਕਾਫ਼ੀ ਵੱਡਾ ਹੈ।ਉਨ੍ਹਾਂ ਕਿਹਾ ਕਿ ਇਸ ਘਟਨਾ ਬਾਰੇ ਉਨ੍ਹਾਂ ਨੂੰ ਹਲਕਾ ਵਿਧਾਇਕ ਸ੍ਰੀ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਜਾਣਕਾਰੀ ਦਿੱਤੀ ਗਈ ਸੀ, ਜਿਸ ਉਪਰੰਤ ਉਹ ਤੁਰੰਤ ਮੌਕੇ 'ਤੇ ਪਹੁੰਚੇ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਨੁਕਸਾਨ ਦਾ ਵਿਸਥਾਰ ਨਾਲ ਨਿਰੀਖਣ ਕਰਨ ਦੇ ਹੁਕਮ ਵੀ ਜਾਰੀ ਕੀਤੇ ਹਨ ਤਾਂ ਜੋ ਹੋਰ ਲੋੜੀਂਦੀ ਸਹਾਇਤਾ ਵੀ ਮੁਹੱਈਆ ਕਰਵਾਈ ਜਾ ਸਕੇ।ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਗਊਵੰਸ਼ ਦੀ ਭਲਾਈ ਤੇ ਸੰਭਾਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਹਲਕਾ ਵਿਧਾਇਕ ਸ੍ਰੀ ਕੁਲਵੰਤ ਸਿੰਘ ਬਾਜ਼ੀਗਰ ਨੇ ਵਿੱਤ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਨੁਕਸਾਨ ਦੀ ਭਰਪਾਈ ਲਈ ਹਰ ਸੰਭਵ ਮਦਦ ਪ੍ਰਦਾਨ ਕਰੇਗੀ।ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਦੇ ਨਾਲ ਹੀ ਵਿੱਤ ਮੰਤਰੀ ਨੇ ਹੋਰ ਗਊਸ਼ਾਲਾਵਾਂ ਲਈ ਵੀ ਸਹਾਇਤਾ ਰਾਸ਼ੀ ਦਿੱਤੀ ਹੈ, ਜਿਸ ਤਹਿਤ ਪਾਤੜਾਂ ਗਊਸ਼ਾਲਾ 5 ਲੱਖ, ਘੱਗਾ ਗਊਸ਼ਾਲਾ 5 ਲੱਖ, ਹਰਿਆਉ ਕਲਾਂ ਗਊਸ਼ਾਲਾ 5 ਲੱਖ, ਬਰਾਸ ਗਊਸ਼ਾਲਾ 5 ਲੱਖ, ਕਲਬਾਣੂ ਗਊਸ਼ਾਲਾ 5 ਲੱਖ ਇਹ ਮਦਦ ਪ੍ਰਭਾਵਿਤ ਗਊਸ਼ਾਲਾਵਾਂ ਨੂੰ ਮੁੜ ਖੜ੍ਹਾ ਕਰਨ ਵਿੱਚ ਵੱਡੀ ਭੂਮਿਕਾ ਨਿਭਾਏਗੀ।ਇਸ ਦੌਰਾਨ ਗਊਸ਼ਾਲਾ ਦੇ ਪ੍ਰਬੰਧਕਾਂ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

## ਭਾਜਪਾ ਦੀ ਅਗਵਾਈ 'ਚ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੁਜਾ)**-ਭਾਜਪਾ ਵੱਲੋਂ ਐਤਵਾਰ ਨੂੰ ਬਾਗਵਾਲੀ ਗਲੀ ਵਿੱਚ ਆਪ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ।ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਦੀਆਂ ਹਦਾਇਤਾਂ 'ਤੇ ਕੀਤਾ ਗਿਆ ਇਹ ਪ੍ਰਦਰਸ਼ਨ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ ਤੇ ਮੰਡਲ ਚੜ੍ਹਦੀ ਕਲਾ ਦੇ ਸਾਬਕਾ ਪ੍ਰਧਾਨ ਰਾਜ ਕੁਮਾਰ ਭਟੇਜਾ ਮੇਲੂ ਦੀ ਸਾਂਝੀ ਅਗਵਾਈ ਹੇਠ ਹੋਇਆ, ਜਿਸ 'ਚ ਮੁਹੱਲਾ ਵਾਸੀ ਵੀ ਸ਼ਾਮਲ ਹੋਏ।ਇਹ ਪ੍ਰਦਰਸ਼ਨ ਪਿਛਲੇ ਲੰਬੇ ਸਮੇਂ ਤੋਂ ਵਾਰਡ ਨੰਬਰ 26 ਤੇ 30 ਦੇ ਵਿੱਚ ਪੈਂਦੀ ਬਾਗਵਾਲੀ ਗਲੀ, ਵੋਹਰਾ ਕਲੋਨੀ ਸਮੇਤ ਹੋਰ ਨੇੜਲੇ ਇਲਾਕਿਆਂ 'ਚ ਪੀਣ ਵਾਲੇ ਪਾਣੀ 'ਚ ਸੀਵਰੇਜ ਮਿਕਸ ਪਾਣੀ ਆਉਣ ਦੇ ਰੋਸ ਵਜੋਂ ਕੀਤਾ ਗਿਆ।

ਇਸ ਮੌਕੇ ਰਾਜੇਸ਼ ਗੋਰਾ ਪਠੇਲਾ, ਰਾਜ ਕੁਮਾਰ ਭਟੇਜਾ ਮੇਲੂ ਤੇ ਹੋਰ ਆਗੂਆਂ ਨੇ ਕਿਹਾ ਕਿ ਫਾਟਕੋਂ ਪਾਰ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ ਹੈ।ਇਹ ਏਰੀਆ ਤਾਂ ਸਲਮ ਏਰੀਏ ਵਾਂਗ ਹੋਇਆ ਪਿਆ ਹੈ।75 ਸਾਲ ਦੇਸ਼ ਅਜ਼ਾਦ ਹੋਏ ਨੂੰ ਹੋ ਗਏ, ਜੇ ਪਾਣੀ ਅੱਜ ਵੀ ਚੰਗਾ ਨਹੀਂ ਮਿਲ ਰਿਹਾ ਤਾਂ ਲਾਹਨਤ ਹੈ।ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮ੍ਰਿਤ ਯੋਜਨਾ 2 ਤਹਿਤ ਜੋ ਰੁਪਏ ਭੇਜੇ ਗਏ ਸਨ, ਮੌਜੂਦਾ ਸਰਕਾਰ ਉਹ ਰੁਪਏ ਨਹੀਂ ਲਗਾ ਰਹੀ।ਬਦਲਾਅ ਦੇ ਨਾਮ 'ਤੇ ਝੂਠੇ ਨਾਅਰੇ ਲਗਾ ਕੇ ਸੱਤਾ 'ਚ ਆਈ ਇਹ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਹੀ ਮੁਹੱਈਆ ਨਹੀਂ ਕਰਵਾ ਪਾ ਰਹੀ।ਗੋਰਾ ਪਠੇਲਾ ਨੇ ਦੱਸਿਆ ਕਿ ਇਸ ਗਲੀ 'ਚ ਪਹਿਲਾਂ ਸਰਕਾਰੀ ਆਰ ਓ ਲੱਗਿਆ ਹੁੰਦਾ ਸੀ, ਉਹ ਵੀ ਬੰਦ ਕਰ ਦਿੱਤਾ ਗਿਆ ਹੈ।ਗਰਮੀ ਦੇ ਇਸ ਸੀਜ਼ਨ 'ਚ ਜੇਕਰ ਲੋਕਾਂ ਨੂੰ ਸਾਫ ਪਾਣੀ ਹੀ ਨਹੀਂ ਮਿਲੇਗਾ ਤਾਂ ਲੋਕ ਕਿਵੇਂ ਜਿਉਣਗੇ।

ਪ੍ਰਦਰਸ਼ਨ ਮੌਕੇ ਭੰਵਰ ਲਾਲ, ਕੇਵਲ ਸਿੰਘ, ਅਖਿਲ ਭਾਰਤੀ, ਮਨੀਸ਼ ਧਮੀਜਾ, ਰਾਹੁਲ ਕਟਾਰੀਆ, ਨੀਟਾ ਤੰਵਰ, ਸ਼ਮਿੰਦਰ ਸੇਖੋਂ, ਲਾਡੀ ਕਟਾਰੀਆ, ਬਿੱਟਾ ਕਟਾਰੀਆ, ਨੀਟਾ ਤੰਵਰ, ਹਰੀਕ੍ਰਿਸ਼ਨ ਮੁਨਜ਼ਾਲ, ਹਰੀਸ਼ ਵਾਟਸ, ਰਵਿੰਦਰ ਕਟਾਰੀਆ, ਵਿੱਕੀ ਗਿਰਧਰ, ਰਾਹੁਲ ਬਜਾਜ, ਵਿਸ਼ੂ ਚੌਧਰੀ, ਮੋਹਿਤ, ਰਾਜੂ ਮਿੱਢਾ, ਅਮਿਤ ਲੂਣਾ, ਰਾਜਿੰਦਰ ਖੁਰਾਮਾ, ਗੁਰਦੀਪ ਭਾਟੀਆ, ਕਾਕਾ, ਯੋਗੇਸ਼, ਰਾਕੇਸ਼ ਕੁਮਾਰ, ਪੂਰਨ ਚੰਦ, ਨੀਲਮ ਕਟਾਰੀਆ, ਰੁਹਾਨੀ ਕਟਾਰੀਆ, ਰੀਟਾ ਕਟਾਰੀਆ, ਪੂਨਮ ਰਾਣੀ, ਜਾਹਨਵੀ ਸਮੇਤ ਹੋਰ ਮੁੱਹਲਾਵਾਸੀ ਹਾਜ਼ਰ ਸਨ।

# ਸਰਕਾਰ ਤੋਂ ਬੇਆਸ ਲੋਕ ਘੱਗਰ ਦੇ ਕਿਨਾਰੇ ਮਜ਼ਬੂਤ ਕਰਨ ਲੱਗੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪਿਛਲੇ ਸਾਲ ਘੱਗਰ ਦਰਿਆ ਵਿੱਚ ਆਏ ਭਿਆਨਕ ਹੜ੍ਹਾਂ ਤੋਂ ਡਰੇ ਕਿਸਾਨਾਂ ਨੇ ਬਰਸਾਤੀ ਮੌਸਮ ਤੋਂ ਪਹਿਲਾਂ ਹੀ ਆਪਣੇ ਤੌਰ ਉੱਤੇ ਘੱਗਰ ਦਰਿਆ ਦੇ ਬੰਨਿਆਂ ਨੂੰ ਮਜ਼ਬੂਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।ਹਲਕਾ ਸ਼ੁਤਰਾਣਾ ਦੇ ਕਿਸਾਨ ਹੜ੍ਹਾਂ ਦੇ ਸੰਭਾਵੀ ਖਤਰੇ ਨੂੰ ਵੇਖਦਿਆਂ ਸਰਕਾਰ ਦੇ ਵਾਅਦਿਆਂ ਤੇ ਭਰੋਸਾ ਛੱਡ ਖੁਦ ਮੈਦਾਨ ਵਿੱਚ ਡੱਟ ਗਏ ਹਨ।ਘੱਗਰ ਦਰਿਆ ਦੇ ਕਿਨਾਰੇ ਮਜ਼ਬੂਤ ਕੀਤੇ ਜਾਣ ਦੀ ਸ਼ੁਰੂਆਤ ਮੌਕੇ ਪ੍ਰਮਾਤਮਾ ਦਾ ਆਸਰਾ ਲੈਣ ਲਈ ਕੀਤੀ ਅਰਦਾਸ ਕਰਕੇ ਕੀਤੀ ਗਈ।ਜਾਣਕਾਰੀ ਅਨੁਸਾਰ ਘੱਗਰ ਪਾਰ ਦੇ ਪਿੰਡਾਂ ਨੂੰ ਹੜ੍ਹ ਤੋਂ ਬਚਾਉਣ ਲਈ ਡ੍ਰੇਨੇਜ ਵਿਭਾਗ ਵੱਲੋਂ ਬੰਨ੍ਹ ਬੰਨਿਆਂ ਹੋਇਆ ਹੈ, ਪਰ ਸ਼ੁਤਰਾਣਾ ਵਾਲੇ ਪਾਸੇ ਕੋਈ ਬੰਨ੍ਹ ਨਹੀਂ ਜਿਹੜਾ ਬੰਨ ਹੈ ਉਹ ਕਿਸਾਨਾਂ ਵੱਲੋਂ ਖੁਦ ਬੰਨਿਆਂ ਹੋਇਆ ਹੈ।ਬੰਨ੍ਹ ਘੱਟ ਚੌੜਾ ਤੇ ਛੋਟਾ ਹੋਣ ਕਾਰਨ ਰੁੜ੍ਹ ਜਾਂਦਾ ਹੈ।ਇਸ ਦੌਰਾਨ ਆਏ ਹੜ੍ਹ ਨਾਲ ਪਟਿਆਲਾ ਤੇ ਸੰਗਰੂਰ ਦੇ ਦਰਜਨਾਂ ਪਿੰਡਾਂ ਦੀ ਫ਼ਸਲ ਖਰਾਬ ਹੋ ਜਾਂਦੀ ਹੈ।ਦਰਿਆ ਦਾ ਬੰਨ੍ਹ ਮਜ਼ਬੂਤ ਕਰਨ ਵਿੱਚ ਲੱਗੇ ਕਿਸਾਨ ਫਤਿਹ ਸਿੰਘ ਜੋਗੇਵਾਲ ਨੇ ਦੱਸਿਆ ਕਿ ਭਾਵੇਂ ਪੰਜਾਬ ਸਰਕਾਰ ਹੜ੍ਹਾਂ ਦੇ ਸੰਭਾਵੀ ਖਤਰੇ ਰੋਕਣ ਦੇ ਲੱਖਾਂ ਦਾਅਵੇ ਕਰ ਰਹੀ ਹੈ, ਪਰ ਸਾਨੂੰ ਸਰਕਾਰ ਤੋਂ ਕੋਈ ਉਮੀਦ ਨਹੀਂ, ਕਿਉਂਕਿ ਪਿਛਲੇ ਚਾਰ ਸਾਲਾਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਤਰਾਣਾ ਵਾਲੇ ਪਾਸੇ ਘੱਗਰ ਦਰਿਆ ਦੇ ਕਿਨਾਰੇ ਇਕ ਵੀ ਥੈਲਾ ਮਿੱਟੀ ਭਰ ਕੇ ਨਹੀਂ ਲਗਾਈ।ਸਰਕਾਰ ਕੇਵਲ ਹੜ੍ਹ ਆਉਣ ਵਕਤ ਖ਼ਾਨਾਪੂਰਤੀ ਕਰਨ ਲਈ ਚਾਰ ਦਿਨ ਮਨਰੇਗਾ ਮਜ਼ਦੂਰਾਂ ਨੂੰ ਟੁੱਟੇ ਬੰਨ੍ਹ ਬੰਨਣ ਦਾ ਕੰਮ ਦਿੰਦੀ ਹੈ, ਜਦਕਿ ਇਸ ਤੋਂ ਪਹਿਲਾਂ ਘੱਗਰ ਦਰਿਆ ਦੀ ਸਾਫ ਸਫਾਈ ਜਾਂ ਮਾੜੇ ਬੰਨ੍ਹ ਮਜ਼ਬੂਤ ਕਰਨ ਲਈ ਕੋਈ ਉਪਰਾਲਾ ਨਹੀਂ ਕਰਦੀ ਹੈ।ਸਰਕਾਰ ਤੋਂ ਕੋਈ ਉਮੀਦ ਨਾ ਰੱਖਦੇ ਹੋਏ ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਆਪਣੇ ਖਰਚੇ 'ਤੇ ਖਨੌਰੀ ਤੋਂ ਰਸੌਲੀ ਤੱਕ ਬੰਨ੍ਹ ਮਜ਼ਬੂਤ ਕਰਨ ਲਈ ਕੰਮ ਚਾਲੂ ਕਰ ਦਿੱਤਾ ਹੈ।ਇਸ ਦੌਰਾਨ ਮਤੌਲੀ ਪੁਲ 'ਤੇ ਸੇਵਾ ਕਰਵਾ ਰਹੇ ਬਾਬਾ ਬੂਟਾ ਸਿੰਘ ਨੇ ਦੱਸਿਆ ਕਿ ਜਿੰਨੇ ਦਿਨ ਤੱਕ ਘੱਗਰ ਦਰਿਆ ਦੇ ਕਿਨਾਰੇ ਮਜ਼ਬੂਤ ਕਰਨ ਲਈ ਕੰਮ ਚਲਦਾ ਹੈ।ਘੱਗਰ ਚੋਂ ਮਿੱਟੀ ਕੱਢਣ ਲਈ ਜੇਸੀਬੀ ਮਸ਼ੀਨ ਚਾਹ ਤੇ ਲੰਗਰ ਦੀ ਸੇਵਾ ਜਾਰੀ ਰਹੇਗੀ।ਕੰਮ ਸ਼ੁਰੂ ਕੀਤੇ ਜਾਣ ਸਮੇਂ ਅਰਦਾਸ ਸਮਾਗਮ ਵਿੱਚ ਅਕਾਲੀ ਆਗੂ ਸਤਨਾਮ ਸਿੰਘ ਵੜੈਚ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਨਿਧਾਨ ਸਿੰਘ, ਸੀਨੀਅਰ ਅਕਾਲੀ ਆਗੂ ਅਜੈਬ ਸਿੰਘ ਮੱਲ੍ਹੀ, ਦਇਆ ਸਿੰਘ ਜੋਗੇਵਾਲ, ਇੰਦਰਜੀਤ ਧਾਲੀਵਾਲ, ਬੇਅੰਤ ਸਿੰਘ ਧਾਲੀਵਾਲ, ਸਾਹਬ ਸਿੰਘ, ਹੀਰਾ ਸਿੰਘ, ਸੁਖਪ੍ਰੀਤ ਸਿੰਘ, ਕਿਰਨਦੀਪ ਸਿੰਘ, ਕਾਬਲ ਸਿੰਘ, ਦਰਸ਼ਨ ਸਿੰਘ, ਜੱਸਾ ਸਿੰਘ, ਜੋਗਿੰਦਰ ਸਿੰਘ, ਸੂਰਤ ਸਿੰਘ, ਮਨਧੀਰ ਸਿੰਘ, ਟੋਨੀ, ਬਲਵਿੰਦਰ ਝੱਬਰ ਆਦਿ ਹਾਜ਼ਰ ਸਨ।



## ਕਾਤਰਾਂ

### ਮਿਉਂਸਪਲ ਮੁਲਾਜ਼ਮਾਂ ਵੱਲੋਂ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਬਠਿੰਡਾ (ਬਖਤੌਰ ਢਿੱਲੋਂ)**-ਮਿਉਂਸਪਲ ਮੁਲਾਜ਼ਮਾਂ ਨੇ ਸਥਾਨਕ ਰੋਜ਼ ਗਾਰਡਨ ਵਿੱਚ ਕੌਮੀ ਮਜ਼ਦੂਰ ਦਿਵਸ ਸਬੰਧੀ ਸਮਾਗਮ ਕੀਤਾ, ਜਿਸ ਵਿੱਚ ਸੇਵਾਮੁਕਤ, ਰੈਗੂਲਰ ਤੇ ਆਊਟ ਸੋਰਸਜ਼ ਕਰਮਚਾਰੀਆਂ ਨੇ ਹਿੱਸਾ ਲਿਆ। ਸਭ ਤੋਂ ਪਹਿਲਾਂ ਸਿਕਾਗੋ ਦੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਇਨਕਲਾਬ ਦਾ ਪ੍ਰਤੀਕ ਲਾਲ ਝੰਡਾ ਲਹਿਰਾਉਣ ਦੀ ਰਸਮ ਪੰਜਾਬ ਮਿਉਂਸਪਲ ਵਰਕਰਜ਼ ਯੂਨੀਅਨ ਦੇ ਪ੍ਰਧਾਨ ਸ੍ਰੀ ਰਵਿੰਦਰ ਸਿੰਘ ਚੀਮਾ ਤੇ ਸਾਬਕਾ ਪ੍ਰਧਾਨ ਅਸ਼ੋਕ ਕੁਮਾਰ ਨੇ ਅਦਾ ਕੀਤੀ। ਇਸ ਸਮਾਗਮ ਨੂੰ ਸਰਵ ਸ੍ਰੀ ਜਗਮੇਲ ਸਿੰਘ, ਸਾਬਕਾ ਪ੍ਰਧਾਨ ਭੋਲਾ ਸਿੰਘ, ਸਾਹਿਤਕਾਰ ਜਸਪਾਲ ਮਾਨਖੇੜਾ, ਸੁਰਜਨ ਰਾਮ, ਸਾਹਿਲ ਸਰਮਾਂ ਤੇ ਰਣਜੀਤ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਪਝੰਤਰ ਸਾਲ ਪੂਰੇ ਕਰ ਚੁੱਕੇ ਸੇਵਾਮੁਕਤ ਕਰਮਚਾਰੀਆਂ ਜਗੀਰ ਸਿੰਘ, ਕ੍ਰਿਸ਼ਨ ਕੁਮਾਰ ਤੇ ਕੀਮਤੀ ਲਾਲ ਨੂੰ ਸਨਮਾਨਤ ਕੀਤਾ ਗਿਆ।

### ਗੁਰਦੀਪ ਸਿੰਘ ਯੂਥ ਵਿੰਗ ਹਲਕਾ ਬੁਢਲਾਡਾ ਦੇ ਪ੍ਰਧਾਨ ਨਿਯੁਕਤ



**ਬਰੇਟਾ (ਰੀਤਵਾਲ)**-ਆਮ ਆਦਮੀ ਪਾਰਟੀ ਵੱਲੋਂ ਗੁਰਦੀਪ ਸਿੰਘ ਸਰਪੰਚ ਦਿਆਲਪੁਰਾ ਨੂੰ ਯੂਥ ਵਿੰਗ ਹਲਕਾ ਬੁਢਲਾਡਾ ਦਾ ਹਲਕਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਉਨ੍ਹਾਂ ਵੱਲੋਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਭਗਵੰਤ ਸਿੰਘ ਮਾਨ, ਮਨਜਿੰਦਰ ਸਿੰਘ ਲਾਲਪੁਰਾ, ਪ੍ਰਿੰਸੀਪਲ ਬੁੱਧ ਰਾਮ, ਪੰਜਾਬ ਯੂਥ ਵਿੰਗ ਦੇ ਪ੍ਰਧਾਨ ਪਰਵਿੰਦਰ ਸਿੰਘ ਗੋਲਡੀ, ਪੰਜਾਬ ਯੂਥ ਵਿੰਗ ਦੇ ਵਾਈਸ ਪ੍ਰਧਾਨ ਐਡਵੋਕੇਟ ਹਰਦੀਪ ਸਰਾਂ ਤੇ ਜ਼ਿਲ੍ਹਾ ਪ੍ਰਧਾਨ ਰਮਨ ਸਰਪੰਚ ਗੁੜੱਦੀ ਦੀ ਸਾਰੀ ਟੀਮ ਦਾ ਦਿਲੋਂ ਧੰਨਵਾਦ ਕੀਤਾ ਗਿਆ ਹੈ।ਗੁਰਦੀਪ ਸਿੰਘ ਨੇ ਕਿਹਾ ਕਿ ਜਿਨ੍ਹਾਂ ਨੇ ਮੇਰੇ 'ਤੇ ਭਰੋਸਾ ਕਰਕੇ ਮੈਨੂੰ ਇਹ ਵੱਡੀ ਜ਼ਿੰਮੇਵਾਰੀ ਦਿੱਤੀ ਹੈ।ਮੈਂ ਯਕੀਨ ਦਿਵਾਉਂਦਾ ਹਾਂ ਕਿ ਮੈਂ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਪਾਰਟੀ ਅਤੇ ਲੋਕਾਂ ਦੀ ਸੇਵਾ ਕਰਾਂਗਾ।ਤੁਹਾਡੇ ਭਰੋਸੇ 'ਤੇ ਖਰਾ ਉਤਰਣ ਦੀ ਪੂਰੀ ਕੋਸ਼ਿਸ਼ ਕਰਾਂਗਾ।

### ਧਾਰਮਿਕ ਸਮਾਗਮ ਭਲਕੇ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 303ਵੇਂ ਜਨਮ ਦਿਹਾੜੇ ਨੂੰ ਸਮਰਪਤ ਇੱਕ ਵਿਸ਼ਾਲ ਧਾਰਮਿਕ ਸਮਾਗਮ 5 ਮਈ ਨੂੰ ਧਰਮਸ਼ਾਲਾ ਰਾਮਗੜ੍ਹੀਆ ਸਭਾ ਸਮਾਣਾ (ਨੇੜੇ ਐੱਸ.ਬੀ. ਮਾਡਲ ਸਕੂਲ, ਸਾਹਮਣੇ ਗ੍ਰੀਨ ਟਾਊਨ) ਵਿਖੇ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਇਆ ਜਾ ਰਿਹਾ ਹੈ।ਰਾਮਗੜ੍ਹੀਆ ਸਭਾ ਦੇ ਪ੍ਰਧਾਨ ਠੇਕੇਦਾਰ ਅੰਗਰੇਜ਼ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪਾਠ ਸ੍ਰੀ ਸੁਖਮਨੀ ਸਾਹਿਬ ਸਵੇਰੇ 9:00 ਵਜੇ ਤੋਂ 10:00 ਵਜੇ ਤੱਕ ਹੋਵੇਗਾ, ਉਪਰੰਤ ਕੀਰਤਨ ਦਰਬਾਰ ਸਵੇਰੇ 10:00 ਵਜੇ ਤੋਂ ਦੁਪਹਿਰ 12:30 ਵਜੇ ਤੱਕ ਹੋਵੇਗਾ ਤੇ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਬਾਬਾ ਰਣਜੋਧ ਸਿੰਘ ਖ਼ਾਲਸਾ (ਫਤਿਹਪੁਰ ਵਾਲੇ) ਵਿਸ਼ੇਸ਼ ਤੌਰ 'ਤੇ ਸੰਗਤਾਂ ਨੂੰ ਕਥਾ-ਕੀਰਤਨ ਰਾਹੀਂ ਨਿਹਾਲ ਕਰਨਗੇ।ਇਸ ਸਮਾਗਮ ਵਿੱਚ ਪੰਜਾਬ ਸਰਕਾਰ ਦੇ ਸਾਬਕਾ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਉਨ੍ਹਾਂ ਤੋਂ ਇਲਾਵਾ ਸ. ਹਰਲੀਨਪਾਲ ਸਿੰਘ (ਸਿਵਲ ਜੱਜ) ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਭਰਨਗੇ।

# ਪਨਗ੍ਰੇਨ ਦੇ ਗੋਦਾਮ 'ਚ ਕਣਕ ਦੀ ਸੰਭਾਲ ਦੇ ਨਾਂਅ ਹੇਠ ਵੱਡੇ ਘੁਟਾਲੇ ਦੀ ਸ਼ੰਕਾ!

## ਸਰਕਾਰੀ ਬਾਰਦਾਨਿਆਂ 'ਚ ਭਰੀ ਜਾ ਰਹੀ ਹੈ ਦੂਜੇ ਰਾਜਾਂ ਤੋਂ ਸਸਤੇ ਭਾਅ 'ਤੇ ਖਰੀਦੀ ਘਟੀਆ ਕਣਕ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ-ਜਾਖਲ ਰੋਡ 'ਤੇ ਛਾਜਲੀ ਨਜ਼ਦੀਕ ਇੱਕ ਪਨਗ੍ਰੇਨ ਦੇ ਗੋਦਾਮ ਵਿੱਚ ਕਣਕ ਦੀ ਸੰਭਾਲ ਦੇ ਨਾਂ ਹੇਠ ਵੱਡੇ ਪੱਧਰ 'ਤੇ ਘੁਟਾਲੇ ਦੇ ਅਸ਼ੰਕੇ ਜਤਾਏ ਜਾ ਰਹੇ ਹਨ। ਸੂਤਰਾਂ ਅਨੁਸਾਰ ਛਾਜਲੀ ਨਜ਼ਦੀਕ ਇਕ ਠੇਕੇ 'ਤੇ ਲਏ ਸਰਕਾਰੀ ਗੋਦਾਮ ਵਿੱਚ ਦੂਜੇ ਰਾਜਾਂ ਤੋਂ ਸਸਤੇ ਭਾਅ 'ਤੇ ਖਰੀਦੀ ਘਟੀਆ ਕੁਆਲਿਟੀ ਦੀ ਕਣਕ ਲਿਆ ਕੇ ਸਰਕਾਰੀ ਬਾਰਦਾਨਿਆਂ ਵਿੱਚ ਭਰੀ ਜਾ ਰਹੀ ਹੈ ਅਤੇ ਉਸ ਨੂੰ ਸਥਾਨਕ ਖਰੀਦ ਵਜੋਂ ਦਰਸਾਇਆ ਜਾ ਰਿਹਾ ਹੈ।ਦੋਸ਼ ਹਨ ਕਿ ਕਣਕ ਦੀ ਨਾ ਢੰਗ ਨਾਲ ਸਫ਼ਾਈ ਕੀਤੀ ਜਾ ਰਹੀ ਹੈ ਤੇ ਨਾ ਹੀ ਕਿਸੇ ਤਰ੍ਹਾਂ ਦੀ ਗੁਣਵੱਤਾ ਜਾਂਚ ਹੋ ਰਹੀ ਹੈ।ਬਿਨਾਂ ਛਾਂਟੇ ਹੀ ਕਣਕ ਨੂੰ ਬੋਰੀਆਂ ਵਿੱਚ ਭਰ ਕੇ ਸਟਾਕ ਕੀਤਾ ਜਾ ਰਿਹਾ ਹੈ, ਜੋ ਰਾਸ਼ਨ ਪ੍ਰਣਾਲੀ ਰਾਹੀਂ ਵੰਡ ਹੋਣ ਦੀ ਸੂਰਤ 'ਚ ਪੰਜਾਬ ਦੇ ਲੋਕਾਂ ਦੀ ਸਿਹਤ ਲਈ ਖਤਰਾ ਬਣ ਸਕਦਾ ਹੈ।ਸਥਾਨਕ ਲੋਕਾਂ ਮੁਤਾਬਕ ਇਹ ਸਾਰਾ ਕੰਮ ਜ਼ਿਆਦਾਤਰ ਰਾਤ ਦੇ ਹਨੇਰੇ ਵਿੱਚ ਕੀਤਾ ਜਾਂਦਾ ਹੈ, ਜਿਸ ਨਾਲ ਸ਼ੱਕ ਹੋਰ ਵੀ ਵਧ ਜਾਂਦਾ ਹੈ।ਇਹ ਗੱਲ ਵੀ ਚਰਚਾ ਵਿੱਚ ਹੈ ਕਿ ਇਸ ਮਾਮਲੇ ਵਿੱਚ ਫਰਜ਼ੀ ਜੇ-ਫਾਰਮਾਂ ਰਾਹੀਂ ਰਿਕਾਰਡਾਂ ਵਿੱਚ ਹੇਰਾਫੇਰੀ ਕੀਤੀ ਜਾ ਰਹੀ ਹੈ।ਸੂਤਰਾਂ ਅਨੁਸਾਰ ਮਾਰਕੀਟ ਕਮੇਟੀ ਵੱਲੋਂ ਪਹਿਲਾਂ ਵੀ ਜੁਰਮਾਨਾ ਕੀਤਾ ਚੁੱਕਾ ਹੈ, ਪਰ ਇਸ ਦੇ ਬਾਵਜੂਦ ਇਹ ਗੋਰਖਧੰਦਾ ਜਾਰੀ ਹੈ।ਉੱਧਰ ਪੱਤਰਕਾਰਾਂ ਵੱਲੋਂ ਸੰਪਰਕ ਕਰਨ 'ਤੇ ਸੰਬੰਧਤ ਅਧਿਕਾਰੀਆਂ ਵੱਲੋਂ ਕਾਰਵਾਈ ਕਰਨ ਦੀ ਬਜਾਏ ਟਾਲਮਟੋਲ ਕੀਤੀ ਜਾ ਰਹੀ ਹੈ, ਜਿਸ ਨਾਲ ਪਾਰਦਰਸ਼ਤਾ 'ਤੇ ਸਵਾਲ ਖੜ੍ਹੇ ਹੋ ਰਹੇ ਹਨ।

ਦੂਜੇ ਪਾਸੇ ਕਿਸਾਨ ਪ੍ਰੇਸ਼ਾਨ ਹਨ, ਕਿਉਂਕਿ ਖਰੀਦ ਕੇਂਦਰਾਂ 'ਚ ਲਿਫਟਿੰਗ ਦਾ ਕੰਮ ਠੱਪ ਹੋ ਰਿਹਾ ਹੈ, ਇਹੀ ਕਾਰਨ ਦੱਸੇ ਜਾ ਰਹੇ ਹਨ ਕਿ ਇਲਾਕੇ ਦੇ ਖਰੀਦ ਕੇਂਦਰਾਂ ਵਿੱਚ ਕਣਕ ਦੀ ਲਿਫਟਿੰਗ ਗਤੀ ਧੀਮੀ ਹੈ, ਜਿਸ ਕਾਰਨ ਕਿਸਾਨ ਪ੍ਰੇਸ਼ਾਨ ਹਨ।ਇਹੀ ਕਾਰਨ ਹੈ ਕਿ ਖੁੱਲ੍ਹੇ ਮੈਦਨਾਂ ਕਿਸਾਨਾਂ ਦੀ ਮਿਹਨਤ ਰੁਲ ਰਹੀ ਹੈ।ਇਸ ਸਬੰਧੀ ਜਦੋਂ ਮਾਰਕੀਟ ਕਮੇਟੀ ਦੇ ਸਕੱਤਰ ਨਰਿੰਦਰਪਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਿਸ ਕਮਿਸ਼ਨ ਏਜੰਟ ਦਾ ਇਹ ਗੁਦਾਮ ਹੈ, ਉਸ ਤੋਂ ਰਿਕਾਰਡ ਮੰਗਵਾ ਕਿ ਚੈੱਕ ਕੀਤਾ ਜਾਵੇਗਾ ਜਾਂ ਜੇਕਰ ਗੜਬੜ ਪਾਈ ਗਈ ਤਾਂ ਬਨਦੀ ਕਾਰਵਾਈ ਕੀਤੀ ਜਾਵੇਗੀ, ਜੋ ਗੁਦਾਮ ਵਿੱਚ ਬਿਨਾਂ ਮਨਜ਼ੂਰੀ ਦੇ ਫੜ ਬਣਾ ਕੇ ਕਣਕ ਛਟਵਾਈ ਗਈ ਹੈ, ਉਸ ਸਬੰਧੀ ਵੀ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਸਬੰਧੀ ਜਦੋਂ ਖਰੀਦ ਅਧਿਕਾਰੀ ਮੋਹਿਤ ਅਗਰਵਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਚੈਕਿੰਗ ਕੀਤੀ ਗਈ ਹੈ ਤੇ ਮੌਕੇ 'ਤੇ ਮਿਲਿਆ ਮਾਲ ਲੋਕਲ ਦੱਸਿਆ ਗਿਆ ਹੈ।ਉਨ੍ਹਾਂ ਕਿਹਾ ਕਿ ਜਿੱਥੇ ਗੋਦਾਮਾਂ ਵਿੱਚ ਲੋਡਿੰਗ ਹੋ ਰਹੀ ਹੈ, ਉਹ ਪ੍ਰਕਿਰਿਆ ਨਿਯਮਾਂ ਅਨੁਸਾਰ ਕੀਤੀ ਜਾ ਰਹੀ ਹੈ ਤੇ ਕਿਸੇ ਵੀ ਤਰ੍ਹਾਂ ਦੀ ਗੜਬੜ ਸਾਬਿਤ ਨਹੀਂ ਹੋਈ।ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਜੇ ਕਿਸੇ ਪੱਖ ਵੱਲੋਂ ਇਤਰਾਜ਼ ਹੈ ਤਾਂ ਉਹ ਆਪਣੇ ਦੋਸ਼ਾਂ ਸੰਬੰਧੀ ਲਿਖਤੀ ਰੂਪ ਵਿੱਚ ਜਾਣਕਾਰੀ ਦੇਣ, ਤਾਂ ਜੋ ਉਸ ਦੀ ਜਾਂਚ ਕੀਤੀ ਜਾ ਸਕੇ।ਉਨ੍ਹਾਂ ਦੱਸਿਆ ਕਿ ਮੰਡੀ ਵਿੱਚ ਇਸ ਵੇਲੇ ਸਥਾਨਕ ਤੌਰ 'ਤੇ ਕਣਕ ਦੀ ਆਵਕ ਘੱਟ ਹੈ ਤੇ ਬਾਹਰੋਂ ਆ ਰਹੀ ਕਣਕ ਬਾਰੇ ਲੱਗ ਰਹੇ ਦੋਸ਼ ਸਬੰਧਤ ਪੱਖ ਦੇ ਬਿਆਨ ਹਨ, ਜਿਨ੍ਹਾਂ ਦੀ ਪੁਸ਼ਟੀ ਜਾਂਚ ਤੋਂ ਬਾਅਦ ਹੀ ਹੋ ਸਕਦੀ ਹੈ।

ਇਸ ਸਬੰਧੀ ਜਦੋਂ ਮੌਜੂਦਾ ਖੁਰਾਕ ਸਪਲਾਈ ਵਿਭਾਗ ਦੇ ਸਬੰਧਤ ਇੰਸਪੈਕਟਰ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਫੋਨ ਉਠਾਉਣਾ ਵੀ ਮੁਨਾਸਿਬ ਨਹੀਂ ਸਮਝਿਆ ਗਿਆ।

ਉਧਰ, ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਜ਼ਿਲ੍ਹਾ ਪ੍ਰਧਾਨ ਸੰਤ ਰਾਮ ਸਿੰਘ ਛਾਜਲੀ ਨੇ ਸਰਕਾਰ 'ਤੇ ਗੰਭੀਰ ਦੋਸ਼ ਲਗਾਉਂਦੇ ਕਿਹਾ ਕਿ ਬਾਹਰਲੇ ਰਾਜਾਂ ਤੋਂ ਘੱਟ ਰੇਟ 'ਤੇ ਕਣਕ ਖਰੀਦ ਕੇ ਪੰਜਾਬ ਵਿੱਚ ਸਰਕਾਰੀ ਰੇਟ 'ਤੇ ਵੇਚੀ ਜਾ ਰਹੀ ਹੈ, ਜਿਸ ਨਾਲ ਸਥਾਨਕ ਕਿਸਾਨਾਂ ਨੂੰ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਵੱਡੀ ਗਿਣਤੀ ਵਿੱਚ ਬਾਹਰਲੇ ਸੂਬਿਆਂ ਦੀ ਕਣਕ ਪੰਜਾਬ ਵਿੱਚ ਆ ਰਹੀ ਹੈ ਤੇ ਗੋਦਾਮਾਂ ਵਿੱਚ ਸਟੋਰ ਕੀਤੀ ਜਾ ਰਹੀ ਹੈ।ਸੰਤ ਰਾਮ ਨੇ ਵਪਾਰੀਆਂ ਤੇ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਦਾ ਦੋਸ਼ ਲਗਾਉਂਦੇ ਹੋਏ ਮਾਮਲੇ ਦੀ ਤੁਰੰਤ ਜਾਂਚ ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦੀ ਕਦਮ ਨਾ ਚੁੱਕਿਆ ਤਾਂ ਕਿਸਾਨ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮਾਮਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਜਥੇਬੰਦਕ ਸਕੱਤਰ ਅਤੇ ਸੀਨੀਅਰ ਆਗੂ ਮਾਸਟਰ ਰਣਜੀਤ ਸਿੰਘ ਛਾਜਲਾ ਅਤੇ ਜਥੇਬੰਦਕ ਸਕੱਤਰ ਮਾਸਟਰ ਦਰਬਾਰਾ ਸਿੰਘ ਨੇ ਕਿਹਾ ਕਿ ਬਾਹਰੀ ਰਾਜਾਂ ਤੋਂ ਕਣਕ ਲਿਆ ਕੇ ਸਰਕਾਰੀ ਗੁਦਾਮਾਂ ਵਿੱਚ ਸਟੋਰ ਕਰਨਾ ਬਿਲਕੁਲ ਗਲਤ ਪ੍ਰਕਿਰਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਨਾਲ ਸਥਾਨਕ ਕਿਸਾਨਾਂ ਦੇ ਹੱਕਾਂ 'ਤੇ ਸਿੱਧਾ ਅਸਰ ਪੈ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਇਹ ਵੱਡਾ ਨੁਕਸਾਨ ਸਾਬਿਤ ਹੋ ਸਕਦਾ ਹੈ।

# ਸੀ ਐੱਸ ਆਰ ਦੇ ਰੇਟ ਘਟਣ ਕਾਰਨ ਠੇਕੇਦਾਰਾਂ 'ਚ ਹਾਹਾਕਾਰ

- ਚੀਫ ਇੰਜੀਨੀਅਰ ਤੇ ਐੱਚ ਓ ਡੀ ਪੰਜਾਬ ਨਾਲ ਰੇਟਾਂ ਸੰਬੰਧੀ ਮੁਲਾਕਾਤ ਅੱਜ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਕੰਟਰੈਕਟ ਯੂਨੀਅਨ ਵਾਟਰ ਸਪਲਾਈ ਸੈਨੀਟੇਸ਼ਨ ਦੇ ਠੇਕੇਦਾਰਾਂ ਨੇ ਸਰਕਾਰ ਖਿਲਾਫ ਮੋਰਚਾ ਖੋਲ੍ਹਦੇ ਹੋਏ ਸਰਕਾਰੀ ਟੈਂਡਰ ਨਾ ਪਾਉਣ ਦਾ ਫੈਸਲਾ ਲਿਆ ਹੈ, ਕਿਉਂਕਿ ਟੈਂਡਰਾਂ ਵਿੱਚ ਨਵੇ ਸੀ ਐੱਸ ਆਰ ਦੇ ਰੇਟ ਘੱਟ ਹੋਣ ਕਾਰਨ ਸਮੁੱਚੇ ਠੇਕੇਦਾਰਾਂ ਵਿੱਚ ਹਾਹਾਕਾਰ ਮਚੀ ਹੋਈ ਹੈ, ਜਿਸ ਨੂੰ ਲੈ ਕੇ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਦੇ ਸਮੁੱਚੇ ਠੇਕੇਦਾਰਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ। ਇਸ ਸਬੰਧੀ ਅੱਜ ਹੋਈ ਇਹ ਮੀਟਿੰਗ ਵਿੱਚ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਕੂਕਾ, ਜਸਵੀਰ ਸਿੰਘ ਰੁਪਾਣਾ, ਗੁਰਸ਼ਰਨ ਸਿੰਘ ਧਾਲੀਵਾਲ, ਪ੍ਰੇਮ ਕੁਮਾਰ, ਜੱਸੀ ਖਾਨ ਸੰਗਰੂਰ, ਜਤਿੰਦਰ ਸਿੰਘ ਗੁਰਾਇਆ, ਗੁਰਜੰਟ ਸਿੰਘ, ਰਾਕੇਸ਼ ਕੁਮਾਰ ਧੂਰੀ, ਬਲਜੀਤ ਕੁਮਾਰ ਧੂਰੀ, ਪੰਕਜ ਸੁਨਾਮ, ਵਿਜੇ ਕੁਮਾਰ ਸਮਾਣਾ, ਪੁਸ਼ਵਿੰਦਰ ਸਿੰਘ ਸੈਨੀ ਨੇ ਕਿਹਾ ਕਿ ਟੈਂਡਰਾਂ ਦੇ ਰੇਟ ਘੱਟ ਪਾਉਣ ਕਾਰਨ ਠੇਕੇਦਾਰਾਂ ਦੇ ਪੱਲੇ ਸਹੀ ਕੰਮ ਕਰਨ ਦੇ ਬਾਵਜੂਦ ਕੁਝ ਵੀ ਪੱਲੇ ਨਹੀਂ ਪੈ ਰਿਹਾ, ਜਿਸ ਕਰਕੇ ਠੇਕੇਦਾਰਾਂ ਨੂੰ ਕੰਮ ਕਰਨ ਦੇ ਬਾਵਜੂਦ ਘਾਟਾ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸੀ ਆਈ ਫਿਟਿੰਗ ਐਕਸੈਸਰੀ, ਸਬਮਰਸੀਬਲ ਕੇਵਲ, ਮਸ਼ੀਨਰੀ ਪੈਪ, ਡਰਿਲਿੰਗ ਰੇਟ ਆਦਿ ਹੋਰ ਸਾਮਾਨ ਵਿੱਚ ਵੀ ਮਾਰਕੀਟ ਰੇਟ ਤੇਜ਼ ਹੋਣ ਕਾਰਨ ਤੇ ਟੈਂਡਰਾਂ ਵਿੱਚ ਰੇਟ ਘੱਟ ਕਾਰਨ ਕੰਮ ਕਰਨ ਵਿੱਚ ਪੂਰਤੀ ਨਹੀਂ ਪੈਂਦੀ, ਜਿਸ ਕਾਰਨ ਸਮੁੱਚੇ ਠੇਕੇਦਾਰਾਂ ਨੇ ਟੈਂਡਰਾਂ ਦੇ ਰੇਟ ਸਹੀ ਨਾ ਹੋਣ ਤੱਕ ਟੈਂਡਰ ਨਾ ਪਾਉਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਠੇਕੇਦਾਰ ਯੂਨੀਅਨ ਦੇ ਆਗੂ 4 ਮਈ ਨੂੰ ਚੰਡੀਗੜ੍ਹ ਵਿਖੇ ਚੀਫ ਇੰਜੀਨੀਅਰ ਤੇ ਐੱਚ ਓ ਡੀ ਪੰਜਾਬ ਨਾਲ ਮੁਲਾਕਾਤ ਕਰਕੇ ਟੈਂਡਰਾਂ ਦੇ ਰੇਟਾਂ ਵਿੱਚ ਸੋਧ ਕਰਨ ਦਾ ਮੁੱਦਾ ਚੁੱਕਣਗੇ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦਾ ਇਹ ਚੋਣ ਵਰ੍ਹਾ ਹੈ, ਜਿਸ ਵਿੱਚ ਸਰਕਾਰ ਵੱਲੋਂ ਵੱਖ ਵੱਖ ਵਿਭਾਗਾਂ ਦੇ ਟੈਂਡਰ ਘੱਟ ਰੇਟਾਂ ਵਿੱਚ ਹੀ ਲਗਾਉਣ ਦੀ ਦੌੜ ਚੱਲ ਰਹੀ ਹੈ, ਪਰ ਠੇਕੇਦਾਰ ਨੂੰ ਇਨ੍ਹਾਂ ਟੈਂਡਰਾਂ ਵਿੱਚੋਂ ਕੋਈ ਵੀ ਪੈਸਾ ਨਾ ਬਚਣ ਕਾਰਨ ਨੁਕਸਾਨ ਝੱਲਣ ਲਈ ਮਜਬੂਰ ਹੋਣਾ ਪੈ ਰਿਹਾ, ਜਿਸ ਦਾ ਸਮੁੱਚੇ ਠੇਕੇਦਾਰਾਂ ਵੱਲੋਂ ਸੂਬੇ ਭਰ ਵਿੱਚ ਬਾਈਕਾਟ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਸ ਦਾ ਖਾਮਿਆਜ਼ਾ ਪੰਜਾਬ ਸਰਕਾਰ ਨੂੰ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਠੇਕੇਦਾਰ ਪਹਿਲਾਂ ਕੰਮ ਕਰ ਚੁੱਕੇ ਹਨ, ਉਨ੍ਹਾਂ ਨੂੰ ਵੀ ਕਰੋੜਾਂ ਰੁਪਏ ਦਾ ਘਾਟਾ ਚੱਲਣ ਲਈ ਮਜਬੂਰ ਹੋਣਾ ਪੈ ਰਿਹਾ, ਜਿਸ ਤੋਂ ਸਾਫ ਦਿਖਦਾ ਹੈ ਕਿ ਇੰਨੇ ਘੱਟ ਰੇਟਾਂ ਤੇ ਕੰਮ ਕਰਨਾ ਕਿਸੇ ਲਈ ਵੀ ਸੰਭਵ ਨਹੀਂ ਹੈ। ਜੇਕਰ ਪੰਜਾਬ ਸਰਕਾਰ ਨੇ ਜਲ ਸਪਲਾਈ ਸਕੀਮਾਂ ਦਾ ਕੰਮ ਕਰਵਾਉਣਾ ਹੈ ਤਾਂ ਉਹ ਟੈਂਡਰ ਲਗਾਉਣ ਦੀ ਵਿਧੀ ਵਿੱਚ ਰੇਟਾਂ ਨੂੰ ਸਹੀ ਕਰਵਾਏ, ਤਾਂ ਜੋ ਠੇਕੇਦਾਰ ਟੈਂਡਰ ਪਾ ਕੇ ਕੰਮ ਕਰ ਸਕਣ। ਜੇਕਰ ਸਰਕਾਰ ਨੇ ਇਨ੍ਹਾਂ ਵਿੱਚ ਸੋਧ ਨਾ ਕੀਤੀ ਤਾਂ ਇਸ ਦਾ ਖਮਿਆਜ਼ਾ ਪੰਜਾਬ ਸਰਕਾਰ ਐ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਨੂੰ ਝੱਲਣਾ ਪਵੇਗਾ।

# ਨੌਜਵਾਨ ਦੇ ਕਤਲ ਮਾਮਲੇ 'ਚ 21 ਲੋਕਾਂ ਖਿਲਾਫ਼ ਮਾਮਲਾ ਦਰਜ

- ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ : ਐੱਸ ਪੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੰਘੀ ਸ਼ਾਮ ਰਤੀਪੁਰ ਰੋਡ 'ਤੇ ਇਕ ਕਾਲੋਨੀ 'ਚ ਨੌਜਵਾਨਾਂ ਦੇ ਦੋ ਧੜਿਆਂ ਵਿਚਕਾਰ ਹੋਈ ਖੂਨੀ ਜੰਗ ਦੌਰਾਨ ਗਗਨਦੀਪ ਸਿੰਘ ਉਰਫ਼ ਬਿੱਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਿਸ ਸਬੰਧੀ ਪੁਲਸ ਵੱਲੋਂ 11 ਵਿਅਕਤੀਆਂ, ਜਿਸ 'ਚ ਕਾਬਲ ਸਿੰਘ ਉਰਫ਼ ਪੰਨੂ ਵਾਸੀ ਮੁਗਲੇਵਾਲ, ਸ਼ੰਮੀ, ਪਰਮ ਗਰੇਵਾਲ ਵਾਸੀ ਈਸਾਪੁਰ, ਹਰਸ਼ ਚੀਮਾ ਵਾਸੀ ਟੰਡੀ ਮੰਡ, ਗੁਰਵਿੰਦਰ ਸਿੰਘ, ਜੱਸਾ, ਹਰਮਨ ਵਾਸੀ ਰਤੀਪੁਰ, ਜ਼ੈਲਾ ਵਾਸੀ ਬੈਰਸਾਲ, ਅੰਮ੍ਰਿਤ ਵਾਸੀ ਮਾਛੀਵਾੜਾ, ਖੁਸ਼ੂ ਵਾਸੀ ਸਮਰਾਲਾ, ਭੋਲਾ ਜੁਨੇਦ ਵਾਸੀ ਮਾਛੀਵਾੜਾ ਅਤੇ 10 ਹੋਰ ਅਣਪਛਾਤੇ ਵਿਅਕਤੀ ਸ਼ਾਮਲ ਹਨ, ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ। ਪ੍ਰੈੱਸ ਕਾਨਫਰੰਸ ਦੌਰਾਨ ਐੱਸ. ਪੀ. ਹਰਪਿੰਦਰ ਕੌਰ ਨੇ ਦੱਸਿਆ ਕਿ ਦੋਵਾਂ ਧਿਰਾਂ ਵਿੱਚ ਜੋ ਝਗੜੇ ਦਾ ਕਾਰਨ ਹੈ, ਉਸ ਵਿੱਚ ਗਗਨਦੀਪ ਸਿੰਘ ਨੇ ਪਿੰਡ ਬੈਰਸਾਲਾਂ ਦੇ ਵਾਸੀ ਜੈਲੇ ਨੂੰ ਕਿਸੇ ਗੱਲ ਨੂੰ ਲੈ ਕੇ ਥੱਪੜ ਮਾਰੇ ਸਨ, ਜਿਸ ਤੋਂ ਬਾਅਦ ਦੋਵਾਂ ਧਿਰਾਂ ਵਿੱਚ ਰੰਜਿਸ਼ ਵਧ ਗਈ ਤੇ ਇਨ੍ਹਾਂ ਨੇ ਟਾਈਮ ਬੰਨ੍ਹ ਕੇ ਇੱਕ-ਦੂਜੇ ਨਾਲ ਲੜਨਾ ਤੈਅ ਕਰ ਲਿਆ। ਉਨ੍ਹਾਂ ਕਿਹਾ ਕਿ ਰਤੀਪੁਰ ਰੋਡ 'ਤੇ ਹੋਈ ਲੜਾਈ ਦੌਰਾਨ ਇੱਕ ਧਿਰ ਵੱਲੋਂ ਦੂਜੀ ਧਿਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ, ਜਿਸ ਵਿੱਚ ਗਗਨਦੀਪ ਸਿੰਘ ਬਿੱਲਾ ਵਾਸੀ ਹੇਡੋਂ ਤੇ ਮਨਪ੍ਰੀਤ ਸਿੰਘ ਉਰਫ਼ ਮਨੀ ਵਾਸੀ ਲੱਖੋਵਾਲ ਗੰਭੀਰ ਜ਼ਖ਼ਮੀ ਹੋ ਗਿਆ। ਉਨ੍ਹਾਂ ਦੱਸਿਆ ਕਿ ਐੱਸ.ਐੱਸ.ਪੀ. ਖੰਨਾ ਦਰਪਣ ਆਹਲੂਵਾਲੀਆ ਦੇ ਨਿਰਦੇਸ਼ਾਂ ਤਹਿਤ ਪੁਲਸ ਟੀਮਾਂ ਵੱਲੋਂ ਰਾਤ ਨੂੰ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਤੇ ਹਮਲਾਵਾਰਾਂ ਦੀਆਂ 2 ਕਾਰਾਂ ਤੇ 3 ਦੋ-ਪਹੀਆ ਵਾਹਨ ਬਰਾਮਦ ਕਰ ਲਏ ਗਏ। ਉਨ੍ਹਾਂ ਦੱਸਿਆ ਕਿ ਲੜਾਈ ਦੌਰਾਨ ਜੋ ਤੇਜ਼ਧਾਰ ਹਥਿਆਰਾਂ ਦੀ ਵਰਤੋਂ ਹੋਈ, ਉਹ ਵੀ ਮੌਕੇ ਤੋਂ ਬਰਾਮਦ ਕਰ ਲਏ ਹਨ। ਐੱਸ.ਪੀ. ਹਰਪਿੰਦਰ ਕੌਰ ਨੇ ਦੱਸਿਆ ਕਿ ਪਰਵਾਰ ਵੱਲੋਂ ਜੋ ਦੋਸ਼ ਲਗਾਏ ਗਏ ਹਨ ਕਿ ਮ੍ਰਿਤਕ ਨੌਜਵਾਨ ਗਗਨਦੀਪ ਸਿੰਘ ਪਿੰਡ ਵਿੱਚ ਨਸ਼ਾ ਵੇਚਣ ਵਾਲਿਆਂ ਨੂੰ ਰੋਕਦਾ ਸੀ, ਜਿਸ ਕਾਰਨ ਉਸ ਦਾ ਕਤਲ ਹੋਇਆ।

ਉਸ ਸਬੰਧੀ ਐੱਸ.ਪੀ. ਨੇ ਕਿਹਾ ਕਿ ਅਜਿਹੀ ਕੋਈ ਗੱਲ ਸਾਹਮਣੇ ਨਹੀਂ ਆਈ, ਪਰ ਫਿਰ ਵੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਜਾਰੀ ਹੈ। ਅਧਿਕਾਰੀ ਨੇ ਕਿਹਾ ਕਿ ਕੁਝ ਵਿਅਕਤੀ ਸ਼ੱਕ ਦੇ ਅਧਾਰ 'ਤੇ ਕਾਬੂ ਕਰ ਲਏ ਹਨ ਤੇ ਜਲਦ ਸਾਰੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ। ਗਗਨਦੀਪ ਸਿੰਘ ਦੀ ਮੌਤ ਤੋਂ ਬਾਅਦ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਮਾਛੀਵਾੜਾ ਥਾਣਾ ਪੁੱਜੇ, ਜਿਨ੍ਹਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਕਾਤਲਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਇਸ ਮੌਕੇ ਮ੍ਰਿਤਕ ਦੇ ਪਿਤਾ ਸੁਰਿੰਦਰ ਸਿੰਘ, ਭਰਾ ਜਗਦੀਪ ਸਿੰਘ, ਰਾਜਾ ਕਾਹਲੋਂ ਤੇ ਹੋਰ ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

## ਅਮਨਦੀਪ ਹਸਪਤਾਲ ਵਿਖੇ ਮਾਤਾਵਾਂ ਲਈ ਮੁਫ਼ਤ ਹੈਲਥ ਡਰਾਈਵ ਸ਼ੁਰੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਮਨਦੀਪ ਹਸਪਤਾਲ ਫਿਰੋਜ਼ਪੁਰ ਨੇ ਉਜਾਲਾ ਸਿਗਨਸ ਦੇ ਨਾਲ ਸਾਂਝੇਦਾਰੀ ਵਿੱਚ ਮਾਤਾ ਦਿਵਸ ਮੌਕੇ ਮਾਤਾਵਾਂ ਦੀ ਸਿਹਤ ਨੂੰ ਸਮਰਪਤ ਇੱਕ ਖਾਸ ਹੈਲਥ ਡਰਾਈਵ ਦੀ ਸ਼ੁਰੂਆਤ ਕੀਤੀ ਹੈ। ਇਹ ਮੁਹਿੰਮ 15 ਮਈ ਤੱਕ ਚੱਲੇਗੀ, ਜਿਸ ਵਿੱਚ ਮਹਿਲਾਵਾਂ ਦੀ ਸਿਹਤ ਤੇ ਵੈੱਲ-ਬੀਇੰਗ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਪਹਿਲ ਦੇ ਤਹਿਤ ਮਹਿਲਾਵਾਂ ਲਈ ਮੁਫ਼ਤ ਓਪੀਡੀ ਕਨਸਲਟੇਸ਼ਨ ਦੀ ਸਹੂਲਤ ਦਿੱਤੀ ਜਾ ਰਹੀ ਹੈ, ਤਾਂ ਜੋ ਜੋੜਾਂ ਨਾਲ ਸੰਬੰਧਤ ਸਮੱਸਿਆਵਾਂ ਸਮੇਤ ਹੋਰ ਬਿਮਾਰੀਆਂ ਦਾ ਸਮੇਂ ਸਿਰ ਪਤਾ ਲੱਗ ਸਕੇ ਤੇ ਇਲਾਜ ਹੋ ਸਕੇ। ਇਸ ਕੈਂਪੇਨ ਵਿੱਚ ਇੱਕ ਸੋਸ਼ਲ ਮੀਡੀਆ ਐਕਟਿਵਿਟੀ ਵੀ ਸ਼ਾਮਲ ਹੈ, ਜਿਸ ਵਿੱਚ ਭਾਗੀਦਾਰ ਆਪਣੀਆਂ ਮਾਵਾਂ ਨਾਲ ਫੋਟੋ ਸਾਂਝੀ ਕਰ ਸਕਦੇ ਹਨ ਤੇ ਆਪਣੇ ਅਨੁਭਵ ਬਾਰੇ ਇੱਕ ਛੋਟਾ ਨੋਟ ਲਿਖ ਸਕਦੇ ਹਨ। ਚੁਣੀਆਂ ਗਈਆਂ ਐਂਟਰੀਆਂ ਨੂੰ ਗਿਫ਼ਟ ਹੈਂਪਰ ਦੇ ਕੇ ਸਨਮਾਨਤ ਕੀਤਾ ਜਾਵੇਗਾ। ਅਮਨਦੀਪ ਹਸਪਤਾਲ ਦੀ ਡਾਇਰੈਕਟਰ ਤੇ ਫਾਊਂਡਰ ਡਾ. ਅਮਨਦੀਪ ਕੌਰ ਨੇ ਕਿਹਾ ਕਿ ਮਾਵਾਂ ਅਕਸਰ ਆਪਣੀ ਸਿਹਤ ਨੂੰ ਨਜ਼ਰਅੰਦਾਜ਼ ਕਰ ਦਿੰਦੀਆਂ ਹਨ। ਇਸ ਪਹਿਲ ਦਾ ਮਕਸਦ ਉਨ੍ਹਾਂ ਨੂੰ ਸਮੇਂ ਸਿਰ ਚੈੱਕਅੱਪ ਤੇ ਇਲਾਜ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਉਹ ਸਿਹਤਮੰਦ ਤੇ ਸਰਗਰਮ ਜੀਵਨ ਜੀ ਸਕਣ। ਅਮਨਦੀਪ ਗਰੁੱਪ ਅੱਜ 750 ਤੋਂ ਵੱਧ ਬੈੱਡ ਤੇ 170 ਤੋਂ ਜ਼ਿਆਦਾ ਮਾਹਰ ਡਾਕਟਰਾਂ ਨਾਲ ਇੱਕ ਮਜ਼ਬੂਤ ਹੈਲਥਕੇਅਰ ਨੈੱਟਵਰਕ ਬਣ ਚੁੱਕਾ ਹੈ। ਇਹ ਗਰੁੱਪ ਅੰਮ੍ਰਿਤਸਰ, ਪਠਾਨਕੋਟ, ਫਿਰੋਜ਼ਪੁਰ, ਸ੍ਰੀਨਗਰ ਤੇ ਤਰਨਤਾਰਨ ਸਮੇਤ ਛੇ ਥਾਵਾਂ 'ਤੇ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿੱਚ ਗਰੁੱਪ ਨੇ 25 ਲੱਖ ਤੋਂ ਵੱਧ ਮਰੀਜ਼ਾਂ ਦੀ ਜ਼ਿੰਦਗੀ 'ਤੇ ਸਕਾਰਾਤਮਕ ਅਸਰ ਪਾਇਆ ਹੈ ਤੇ ਵਧੀਆ ਸਿਹਤ ਸੇਵਾਵਾਂ ਵਿੱਚ ਨਵੇਂ ਮਾਪਦੰਡ ਸਥਾਪਤ ਕੀਤੇ ਹਨ।

# ਝਾੜ ਸਾਹਿਬ ਕਾਲਜ 'ਚ ਕਰਵਾਇਆ ਫੈਸ਼ਨ ਸ਼ੋਅ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਵਿਖੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ ਤੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁੱਖੀ ਅਸਿ. ਪ੍ਰੋ. ਹਰਪ੍ਰੀਤ ਕੌਰ ਤੇ ਅਸਿ. ਪ੍ਰੋ. ਸੁਖਨਪ੍ਰੀਤ ਕੌਰ ਦੀ ਅਗਵਾਈ ਹੇਠ ਫੈਸ਼ਨ ਸ਼ੋਅ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਬੀ.ਐੱਸ.ਸੀ. ਫੈਸ਼ਨ ਡਿਜ਼ਾਈਨਿੰਗ ਦੀਆਂ ਵਿਦਿਆਰਥਣਾਂ ਵੱਲੋਂ ਹੱਥੀਂ ਤਿਆਰ ਕੀਤੀਆਂ ਡਰੈੱਸਾਂ ਨੂੰ ਪ੍ਰਸਤੁਤ ਕੀਤਾ ਗਿਆ।ਇਸ ਵਿੱਚ ਵੈਸਟਰਨ, ਇੰਡੋ ਵੈਸਟਰਨ ਤੇ ਵਿਰਾਸਤੀ ਵਿਸ਼ੇ ਨਾਲ ਸੰਬੰਧਤ ਡਰੈੱਸਾਂ ਡਿਜ਼ਾਈਨ ਕੀਤੀਆਂ ਗਈਆਂ।ਇਸ ਮੌਕੇ ਗੁਰਲੀਨ ਕੌਰ ਤੇ ਪਰਮਪਾਲ ਸਿੰਘ ਰਿਵਾਜ਼ ਬੂਟੀਕ, ਸਮਰਾਲਾ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ, ਜਿੱਥੇ ਉਨ੍ਹਾਂ ਵਿਦਿਆਰਥਣਾਂ ਵੱਲੋਂ ਬੈਸਟ ਡਰੈੱਸਾਂ ਵਜੋਂ ਚਾਰ ਇਨਾਮ ਦਿੱਤੇ ਗਏ।ਵਿਦਿਆਰਥਣਾਂ ਵੱਲੋਂ ਬਣਾਈਆਂ ਗਈਆਂ ਡਰੈੱਸਾਂ ਤੇ ਉਨ੍ਹਾਂ ਹੱਥੀ ਕਢਾਈ, ਸਿਲਾਈ ਤੇ ਬਿਨ੍ਹਾਂ ਕਿਸੇ ਸਿਲਾਈ ਤੋਂ ਡਿਜ਼ਾਇਨ ਡਰੈੱਸਾਂ ਕਾਰਨ ਇਹ ਵਿਲੱਖਣ ਲੱਗ ਰਹੀਆਂ ਸਨ, ਉੱਥੇ ਇਨ੍ਹਾਂ ਦੀ ਪ੍ਰਸਤੁਤੀ ਹੋਰ ਵੀ ਸੋਹਣੇ ਢੰਗ ਨਾਲ ਹੋਣ ਕਾਰਨ ਇਹ ਆਕਰਸ਼ਕ ਨਜ਼ਰੀਂ ਆਈਆਂ।ਵਿਦਿਆਰਥਣ ਗੁਰਲੀਨ ਕੌਰ ਨੂੰ ਵਿਰਾਸਤੀ, ਪੁਨੀਤ ਕੌਰ ਨੂੰ ਇੰਡੋ-ਵੈਸਟਰਨ, ਗੁਰਲੀਨ ਕੌਰ ਨੂੰ ਵੈਸਟਰਨ, ਖੁਸ਼ਪ੍ਰੀਤ ਕੌਰ ਨੂੰ ਬੈਸਟ ਡਿਜ਼ਾਇਨਰ ਤੇ ਜਸਪ੍ਰੀਤ ਕੌਰ ਨੂੰ ਬੈਸਟ ਪ੍ਰਸਤੁਤੀ ਦੇ ਖਿਤਾਬ ਨਾਲ ਨਿਵਾਜਿਆ ਗਿਆ।ਕਾਲਜ ਪ੍ਰਿੰਸੀਪਲ ਨੇ ਇਸ ਫੈਸ਼ਨ ਸ਼ੋਅ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਅਜੋਕੇ ਯੁੱਗ ਵਿੱਚ ਲੜਕੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਅਜਿਹੇ ਕੋਰਸ ਬਹੁਤ ਸਹਾਈ ਸਿੱਧ ਹੋ ਰਹੇ ਹਨ ਤੇ ਹਰ ਲੜਕੀ ਦਾ ਆਤਮ-ਨਿਰਭਰ ਹੋਣਾ ਜ਼ਰੂਰੀ ਹੈ, ਇਹ ਸਕਿੱਲ ਕੋਰਸ ਆਰਥਿਕ ਤੌਰ 'ਤੇ ਮਜ਼ਬੂਤ ਹੋਣ ਲਈ ਮਦਦਗਾਰ ਹਨ।ਇਸ ਲਈ ਕਾਲਜ ਦੇ ਹਰ ਵਿਭਾਗ ਵੱਲੋਂ ਚਲਾਈ ਜਾ ਰਹੀ 'ਅਰਨ ਬਾਏ ਲਰਨ' ਪਾਲਸੀ ਵਿਦਿਆਰਥਣਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਨ ਲਈ ਮਦਦਗਾਰ ਸਿੱਧ ਹੋ ਰਹੀ ਹੈ।

# ਜ਼ਿਲ੍ਹਾ ਪ੍ਰੈੱਸ ਕਲੱਬ ਵੱਲੋਂ ਵਿਸ਼ਵ ਪ੍ਰੈੱਸ ਸੁਤੰਤਰਤਾ ਦਿਵਸ ਮੌਕੇ ਸਮਾਗਮ

- ਸੁਤੰਤਰ ਪ੍ਰੈੱਸ ਹੀ ਆਮ ਲੋਕਾਂ ਦੀ ਸਹੀ ਆਵਾਜ਼ ਬਣ ਸਕਦੀ ਹੈ : ਥਿੰਦ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਵਿਸ਼ਵ ਪ੍ਰੈੱਸ ਸੁਤੰਤਰਤਾ ਦਿਵਸ ਹਰ ਸਾਲ 3 ਮਈ ਨੂੰ ਪੂਰੀ ਦੁਨੀਆ ਵਿੱਚ ਪੱਤਰਕਾਰਾਂ ਦੀ ਆਜ਼ਾਦੀ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਤੇ ਲੋਕਤੰਤਰ ਵਿੱਚ ਮੀਡੀਆ ਦੀ ਭੂਮਿਕਾ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ।ਇਸ ਦਿਵਸ ਨੂੰ ਮੁੱਖ ਰੱਖਦਿਆਂ ਮਮਦੋਟ ਵਿਖੇ ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ ਦੇ ਪ੍ਰਧਾਨ ਜਸਵੰਤ ਸਿੰਘ ਥਿੰਦ, ਪ੍ਰੈੱਸ ਕਲੱਬ ਮਮਦੋਟ ਦੇ ਪ੍ਰਧਾਨ ਤਜਿੰਦਰ ਢੀਂਗੜਾ ਤੇ ਚੇਅਰਮੈਨ ਜਸਬੀਰ ਸਿੰਘ ਕੰਬੋਜ ਨੇ ਸਾਂਝੇ ਤੌਰ 'ਤੇ ਕੀਤੀ।

ਸਮਾਗਮ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਹਰ ਸਾਲ 3 ਮਈ ਨੂੰ ਮਨਾਇਆ ਜਾਣ ਵਾਲਾ ਇਹ ਦਿਨ ਪੱਤਰਕਾਰਾਂ ਦੀ ਆਜ਼ਾਦੀ ਦੇ ਮਹੱਤਵ ਨੂੰ ਦਰਸਾਉਂਦਾ ਹੈ।ਲੋਕਤੰਤਰ ਦੇ ਚੌਥੇ ਥੰਮ ਵਜੋਂ ਮੀਡੀਆ ਸਮਾਜਿਕ ਬੁਰਾਈਆਂ ਤੇ ਜਨਤਕ ਮਸਲਿਆਂ ਨੂੰ ਸਰਕਾਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਥਿੰਦ ਨੇ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਜ ਤੇ ਕੇਂਦਰ ਸਰਕਾਰਾਂ ਅਕਸਰ ਪ੍ਰੈੱਸ ਦੀ ਆਜ਼ਾਦੀ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਪਰ ਪੱਤਰਕਾਰਾਂ ਦੀ ਇੱਕਜੁੱਟਤਾ ਹਮੇਸ਼ਾ ਇਨ੍ਹਾਂ ਕੋਸ਼ਿਸ਼ਾਂ ਨੂੰ ਅਸਫਲ ਕਰਦੀ ਆਈ ਹੈ। ਅੱਜ ਸਭ ਤੋਂ ਵੱਡੀ ਚਿੰਤਾ ਪੱਤਰਕਾਰਾਂ ਦੀ ਸੁਰੱਖਿਆ ਨੂੰ ਲੈ ਕੇ ਹੈ।ਪੱਤਰਕਾਰਾਂ 'ਤੇ ਹੋ ਰਹੇ ਰੋਜ਼ਾਨਾ ਹਮਲੇ ਬੇਹੱਦ ਚਿੰਤਾਜਨਕ ਹਨ, ਜਿਸ ਵੱਲ ਸਰਕਾਰਾਂ ਕੋਈ ਧਿਆਨ ਨਹੀਂ ਦੇ ਰਹੀਆਂ।

ਪੱਤਰਕਾਰੀ ਕਰਨ ਦੌਰਾਨ ਕਿਸੇ ਅਣਸੁਖਾਵੀਂ ਘਟਨਾ ਜਾਂ ਮੌਤ ਹੋਣ ਦੀ ਸੂਰਤ ਵਿੱਚ ਪੱਤਰਕਾਰ ਦੇ ਪਰਿਵਾਰ ਨੂੰ ਨਾ ਤਾਂ ਕੋਈ ਸਰਕਾਰੀ ਸਹੂਲਤ ਮਿਲਦੀ ਹੈ ਤੇ ਨਾ ਹੀ ਕੋਈ ਢੁੱਕਵਾਂ ਮੁਆਵਜ਼ਾ ਮਿਲਦਾ ਹੈ।ਇਸ ਮੌਕੇ ਆਧਰਾਂ ਪ੍ਰਦੇਸ਼ ਦੇ ਪੱਤਰ ਜਗਮੋਹਨ ਰੈਡੀ 'ਤੇ ਚਾਕੂਆਂ ਨਾਲ ਕੀਤੇ ਗਏ ਹਮਲੇ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ, ਇਸ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਆਗੂਆਂ ਨੇ ਜ਼ੋਰ ਦਿੱਤਾ ਕਿ ਇੱਕ ਸੁਤੰਤਰ ਪ੍ਰੈੱਸ ਹੀ ਆਮ ਲੋਕਾਂ ਦੀ ਸਹੀ ਆਵਾਜ਼ ਬਣ ਸਕਦੀ ਹੈ। ਪੱਤਰਕਾਰਾਂ ਨੇ ਪ੍ਰਣ ਲਿਆ ਕਿ ਉਹ ਹਰ ਮੁਸ਼ਕਲ ਦੇ ਬਾਵਜੂਦ ਆਪਣਾ ਫ਼ਰਜ਼ ਨਿਭਾਉਂਦੇ ਰਹਿਣਗੇ ਤੇ ਜਨਤਾ ਦੇ ਮਸਲਿਆਂ ਨੂੰ ਨਿਰਭੈ ਹੋ ਕੇ ਉਠਾਉਂਦੇ ਰਹਿਣਗੇ।ਇਸ ਮੌਕੇ ਸੀਨੀਅਰ ਪੱਤਰਕਾਰ ਰਾਜਿੰਦਰ ਹਾਂਡਾ, ਪੱਤਰਕਾਰ ਸੰਦੀਪ ਕੁਮਾਰ ਸੋਨੀ, ਪੱਤਰਕਾਰ ਨਿਸ਼ਾਨ ਸਿੰਘ ਖਾਲਸਾ, ਪੱਤਰਕਾਰ ਬਲਜੀਤ ਸਿੰਘ ਕਚੂਰਾ, ਪੱਤਰਕਾਰ ਹਰਪ੍ਰੀਤ ਸਿੰਘ ਹੈਪੀ ਤੋਂ ਇਲਾਵਾ ਰਵਿੰਦਰ ਸਿੰਘ ਕਾਲਾ ਸਟੇਟ ਕਮੇਟੀ ਮੈਂਬਰ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਆਦਿ ਹਾਜ਼ਰ ਸਨ।

# ਰੂਪਨਗਰ ਦੀਆਂ ਲੜਕੀਆਂ ਨੇ ਓਵਰਆਲ ਚੈਂਪੀਅਨਸ਼ਿਪ ਜਿੱਤੀ

## ਗੱਤਕਾ ਸਵੈ-ਰੱਖਿਆ, ਅਧਿਆਤਮਿਕਤਾ ਤੇ ਉੱਚ ਨੈਤਿਕ ਕਦਰਾਂ-ਕੀਮਤਾਂ ਨੂੰ ਕਰਦਾ ਹੈ ਮਜ਼ਬੂਤ : ਸਪੀਕਰ ਸੰਧਵਾਂ



**ਕੋਟਕਪੂਰਾ (ਰਛਪਾਲ ਭੁੱਲਰ)**

ਬਾਬਾ ਫ਼ਰੀਦ ਗੁਰੂਕੁਲ ਗਰੁੱਪ ਆਫ਼ ਕਾਲਜਿਜ਼ ਕੋਟਕਪੂਰਾ ਵਿਖੇ 12ਵੀਂ ਪੰਜਾਬ ਰਾਜ ਗੱਤਕਾ ਚੈਂਪੀਅਨਸ਼ਿਪ (ਲੜਕੀਆਂ) ਦਾ ਸਮਾਪਤੀ ਸਮਾਗਮ ਉਤਸ਼ਾਹਪੂਰਨ ਮਾਹੌਲ ਵਿੱਚ ਹੋਇਆ, ਜਿਸ ਵਿੱਚ ਰੂਪਨਗਰ ਦੀ ਟੀਮ ਨੇ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਦਿਆਂ ਓਵਰਆਲ ਚੈਂਪੀਅਨਸ਼ਿਪ ਜਿੱਤ ਲਈ।ਫਾਜ਼ਿਲਕਾ ਨੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਗੁਰਦਾਸਪੁਰ ਤੇ ਫਤਿਹਗੜ੍ਹ ਸਾਹਿਬ ਦੀਆਂ ਟੀਮਾਂ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਇਨ੍ਹਾਂ ਮੁਕਾਬਲਿਆਂ ਦੌਰਾਨ ਖਿਡਾਰਨਾਂ ਨੇ ਆਪਣੀ ਕਲਾ, ਅਨੁਸ਼ਾਸਨ ਤੇ ਆਤਮਵਿਸ਼ਵਾਸ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ।ਸਮਾਪਨ ਸਮਾਰੋਹ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਉਨ੍ਹਾਂ ਫਾਈਨਲ ਮੁਕਾਬਲੇ ਦੀ ਸ਼ੁਰੂਆਤ ਕਰਵਾਈ।ਆਪਣੇ ਸੰਬੋਧਨ ਦੌਰਾਨ ਉਨ੍ਹਾਂ ਗੱਤਕਾ ਨੂੰ ਇੱਕ ਬਿਹਤਰ ਰਵਾਇਤੀ ਸਿੱਖ ਜੰਗਜੂ ਕਲਾ ਕਰਾਰ ਦਿੱਤਾ, ਜੋ ਸਵੈ-ਰੱਖਿਆ ਦੇ ਨਾਲ-ਨਾਲ ਆਧਿਆਤਮਿਕਤਾ, ਅਨੁਸ਼ਾਸਨ ਤੇ ਉੱਚ ਨੈਤਿਕ ਕਦਰਾਂ ਕੀਮਤਾਂ ਨੂੰ ਮਜ਼ਬੂਤ ਕਰਦੀ ਹੈ।ਉਨ੍ਹਾਂ ਕਿਹਾ ਕਿ ਗੱਤਕਾ ਖੇਡਣ ਵਾਲੇ ਖਿਡਾਰੀ ਨਸ਼ਿਆਂ ਤੋਂ ਹਮੇਸ਼ਾ ਦੂਰ ਰਹਿੰਦੇ ਹਨ ਤੇ ਜੀਵਨ ਵਿੱਚ ਉੱਚ ਆਦਰਸ਼ਾਂ ਨੂੰ ਅਪਣਾਉਂਦੇ ਹਨ।ਉਨ੍ਹਾਂ ਖਿਡਾਰਨਾਂ ਨੂੰ ਆਪਣੇ ਧਰਮ ਤੇ ਚੰਗੀਆਂ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਉਪਰਾਲਿਆਂ ਦੀ ਵੀ ਭਰਪੂਰ ਪ੍ਰਸੰਸਾ ਕੀਤੀ, ਜਿਸ ਨੇ ਨੈਸ਼ਨਲ ਪੱਧਰ 'ਤੇ ਇਸ ਖੇਡ ਨੂੰ ਪ੍ਰਫੁੱਲਿਤ ਕਰਨ ਤੇ ਖਿਡਾਰੀਆਂ ਨੂੰ ਮੁਕਾਬਲੇ ਦਾ ਮੰਚ ਪ੍ਰਦਾਨ ਕਰਨ ਲਈ ਯਤਨ ਕੀਤੇ ਹਨ।

ਇਸ ਮੌਕੇ ਖਿਡਾਰੀਆਂ ਨੂੰ ਪ੍ਰਦਾਨ ਕੀਤੇ ਵਿਅਕਤੀਗਤ ਸਨਮਾਨਾਂ ਵਿੱਚ ਗੁਰਦਾਸਪੁਰ ਦੀ ਜਪਨੀਤ ਕੌਰ ਨੂੰ 'ਬਿਹਤਰੀਨ ਉਭਰਦੀ ਖਿਡਾਰਨ' ਤੇ ਫਾਜ਼ਿਲਕਾ ਦੀ ਗੁਰਸਿਮਰਨ ਕੌਰ ਨੂੰ 'ਬਿਹਤਰ ਜੂਨੀਅਰ ਗੱਤਕਾਬਾਜ਼' ਦਾ ਸਨਮਾਨ ਮਿਲਿਆ, ਜਦਕਿ ਲੁਧਿਆਣਾ ਦੀ ਅਨੁਕੀਰਤ ਕੌਰ ਨੂੰ 'ਬਿਹਤਰੀਨ ਫੱਰੀ ਸੋਟੀ ਖਿਡਾਰਨ' ਦਾ ਖਿਤਾਬ ਦਿੱਤਾ ਗਿਆ।ਰੂਪਨਗਰ ਦੀ ਪਵਨੀਤ ਕੌਰ ਨੂੰ 'ਸਰਵੋਤਮ ਖਿਡਾਰਨ' ਤੇ ਇਸ਼ਪ੍ਰੀਤ ਕੌਰ ਨੂੰ 'ਬਿਹਤਰੀਨ ਗੱਤਕਾ ਸੋਟੀ ਖਿਡਾਰਨ' ਦਾ ਸਨਮਾਨ ਦਿੱਤਾ ਗਿਆ।ਫਤਿਹਗੜ੍ਹ ਸਾਹਿਬ ਦੀ ਸਹਿਜ ਕੌਰ ਨੂੰ 'ਬਿਹਤਰੀਨ ਸਬ-ਜੂਨੀਅਰ ਸਟਾਰ' ਐਵਾਰਡ ਨਾਲ ਨਿਵਾਜਿਆ ਗਿਆ।

ਇਸ ਮੌਕੇ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਪ੍ਰਧਾਨ ਵਿਸ਼ਵ ਗੱਤਕਾ ਫੈਡਰੇਸ਼ਨ ਤੇ ਪ੍ਰਧਾਨ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਨੇ ਗੱਤਕਾ ਖੇਡ ਵਿੱਚ ਹੋ ਰਹੀ ਤਰੱਕੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਹੋਰ ਵਧਾਉਣ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ।ਗੱਤਕਾ ਐਸੋਸੀਏਸ਼ਨ ਆਫ ਪੰਜਾਬ ਦੇ ਪ੍ਰਧਾਨ ਹਰਬੀਰ ਸਿੰਘ ਦੁੱਗਲ ਤੇ ਸੀਨੀਅਰ ਵਾਈਸ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਚੈਂਪੀਅਨਸ਼ਿਪ ਦਾ ਸੰਚਾਲਨ ਮੁੱਖ ਰੈਫਰੀ ਤਲਵਿੰਦਰ ਸਿੰਘ, ਚੈਂਪੀਅਨਸ਼ਿਪ ਦੇ ਕੋਆਰਡੀਨੇਟਰ ਨਰਿੰਦਰ ਪਾਲ ਸਿੰਘ ਪਾਰਸ, ਸੀਨੀਅਰ ਰੈਫਰੀ ਹਰਸਿਮਰਨ ਸਿੰਘ, ਸ਼ੈਰੀ ਸਿੰਘ, ਪ੍ਰਦੀਪ ਸਿੰਘ ਤੇ ਬਲਜੀਤ ਕੌਰ ਦੀ ਦੇਖ-ਰੇਖ ਹੇਠ ਸਫਲਤਾਪੂਰਵਕ ਕੀਤਾ ਗਿਆ।

ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੋ ਦਿਨ ਸਟੇਜ ਦਾ ਸੰਚਾਲਨ ਬਾਖੂਬੀ ਨਿਭਾਇਆ ਤੇ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਜੇਤੂ ਟੀਮਾਂ ਤੇ ਪ੍ਰਬੰਧਕਾਂ ਸਮੇਤ ਹੋਰ ਸਹਿਯੋਗੀਆਂ ਦਾ ਸਨਮਾਨ ਕੀਤਾ ਗਿਆ।

# ਪ੍ਰਭ ਆਸਰਾ ਵੈੱਲਫੇਅਰ ਕਲੱਬ ਨੇ ਪੰਛੀਆਂ ਦੇ ਪਾਣੀ ਲਈ ਵੰਡੇ ਮਿੱਟੀ ਦੇ ਭਾਂਡੇ

## ਮਨੁੱਖਤਾ ਦੀ ਸੇਵਾ ਹੈ ਕਲੱਬ ਦਾ ਮੁੱਖ ਉਦੇਸ਼ : ਬਾਂਸਲ/ਜੱਸੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਪਣੀਆਂ ਸਮਾਜ ਸੇਵੀ ਪਹਿਲ ਕਦਮੀਆਂ ਦੇ ਹਿੱਸੇ ਵਜੋਂ ਪ੍ਰਭ ਆਸਰਾ ਵੈੱਲਫੇਅਰ ਕਲੱਬ ਨੇ ਗਰਮੀਆਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰਦੁਆਰਾ ਬੀਬੀ ਕਾਹਨ ਕੌਰ ਨੇੜੇ ਰਾਹਗੀਰਾਂ ਨੂੰ ਪੰਛੀਆਂ ਦੇ ਪੀਣ ਵਾਲੇ ਪਾਣੀ ਲਈ ਮਿੱਟੀ ਦੇ ਭਾਂਡੇ ਵੰਡੇ।ਇਹ ਭਾਂਡਿਆਂ ਦੀ ਵੰਡ ਸੂਬਾ ਪ੍ਰਧਾਨ ਭਾਵਨਾ ਬਾਂਸਲ ਤੇ ਜ਼ਿਲ੍ਹਾ ਪ੍ਰਧਾਨ ਜਸਵੀਰ ਕੌਰ ਜੱਸੀ ਦੀ ਅਗਵਾਈ ਹੇਠ ਕੀਤੀ ਗਈ।ਇਸ ਮੌਕੇ ਮਨਜੀਤ ਕੌਰ ਵੜਿੰਗ, ਰਮਨ ਸਿੰਗਲਾ, ਸੰਗੀਤਾ ਸ਼ਰਮਾ, ਗੀਤਾ, ਮਮਤਾ ਸ਼ਰਮਾ, ਰੀਮਾ ਰਾਣੀ, ਜਸ਼ਨ, ਇੰਦੂ ਬਾਲਾ, ਛਿੰਦਰਪਾਲ ਕੌਰ ਤੇ ਕੁਲਦੀਪ ਕੌਰ ਮੌਜੂਦ ਸਨ।ਇਸ ਮੌਕੇ ਸੂਬਾ ਪ੍ਰਧਾਨ ਭਾਵਨਾ ਬਾਂਸਲ ਤੇ ਜ਼ਿਲ੍ਹਾ ਪ੍ਰਧਾਨ ਜਸਵੀਰ ਕੌਰ ਜੱਸੀ ਨੇ ਕਿਹਾ ਕਿ ਤਪ ਦੀ ਗਰਮੀ ਵਿੱਚ ਪੰਛੀਆਂ ਦੇ ਪਾਣੀ ਦੀ ਪੂਰਤੀ ਲਈ ਜਗ੍ਹਾ ਜਗ੍ਹਾ ਮਿੱਟੀ ਦੇ ਭਾਂਡੇ ਰੱਖਣ ਦੇ ਮੰਤਵ ਤਹਿਤ ਅੱਜ ਇਹ ਉਪਰਾਲਾ ਕੀਤਾ ਗਿਆ ਤੇ ਰਾਹਗੀਰਾਂ ਨੂੰ ਮਿੱਟੀ ਦੇ ਭਾਂਡੇ ਤਕਸੀਮ ਕੀਤੇ ਗਏ, ਜਿਸ ਤਰ੍ਹਾਂ ਮਨੁੱਖੀ ਸਰੀਰ ਨੂੰ ਗਰਮੀ ਦੌਰਾਨ ਪਾਣੀ ਦੀ ਵੱਧ ਮਾਤਰਾ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ ਹੀ ਪਸ਼ੂ ਪੰਛੀਆਂ ਨੂੰ ਵੀ ਵਧੇਰੇ ਪਿਆਸ ਲੱਗਦੀ ਹੈ। ਉਨ੍ਹਾਂ ਸਮੁੱਚੇ ਪਿੰਡਾਂ, ਸ਼ਹਿਰਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਦੀਆਂ ਛੱਤਾਂ 'ਤੇ ਜਾਂ ਘਰ ਦੇ ਬਾਹਰਲੇ ਗੇਟ 'ਤੇ ਮਿੱਟੀ ਦੇ ਭਾਂਡਿਆਂ ਵਿੱਚ ਪਾਣੀ ਜ਼ਰੂਰ ਰੱਖਣ ਤਾਂ ਜੋ ਬੇਜ਼ੁਬਾਨ ਪਸ਼ੂ ਪੰਛਸ਼ੀਆਂ ਦੀ ਪਾਣੀ ਦੀ ਪੂਰਤੀ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਪ੍ਰਭ ਆਸਰਾ ਵੈੱਲਫੇਅਰ ਕਲੱਬ ਦੇ ਗਠਨ ਮੁੱਖ ਉਦੇਸ਼ ਮਨੁੱਖਤਾ ਦੀ ਭਲਾਈ ਲਈ ਵੱਧ ਤੋਂ ਵੱਧ ਉਪਰਾਲੇ ਕਰਨਾ ਹੈ, ਜਿਸ ਨੂੰ ਕਲੱਬ ਨਿਰੰਤਰ ਜਾਰੀ ਰੱਖੇਗੀ।

## ਦੇਵ ਸਮਾਜ ਕਾਲਜ ਵੱਲੋਂ ਰੀਡਿੰਗ ਸੈਸ਼ਨ ਤੇ ਪੁਸਤਕ ਦਾਨ ਅਭਿਆਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫਾਰ ਵੂਮੈਨ ਵੱਲੋਂ 'ਵਿਸ਼ਵ ਪੁਸਤਕ ਤੇ ਕਾਪੀਰਾਈਟ ਦਿਵਸ' ਮੌਕੇ ਆਰਟਸ ਲਾਇਬ੍ਰੇਰੀ ਵਿੱਚ 'ਬੁੱਕ ਰੀਡਿੰਗ ਸੈਸ਼ਨ' ਤੇ 'ਬੁੱਕ ਡੋਨੇਸ਼ਨ ਡਰਾਈਵ' ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਕਾਲਜ ਮੈਨੇਜਿੰਗ ਕਮੇਟੀ ਦੇ ਮੈਂਬਰ ਐਡਵੋਕੇਟ ਅਜੈ ਬੱਤਾ, ਸੁਨੀਤਾ ਰੰਗਬੁੱਲਾ, ਪ੍ਰਿਤਪਾਲ ਕੌਰ, ਕਾਲਜ ਦੀ ਪ੍ਰਿੰਸੀਪਲ ਡਾ. ਸੰਗੀਤਾ ਤੇ ਕਾਲਜ ਦੇ ਅਧਿਆਪਕਾਂ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥਣਾਂ ਵਿਚ ਪੜ੍ਹਨ ਦੀ ਰੁਚੀ ਨੂੰ ਉਤਸ਼ਾਹਤ ਕਰਨਾ ਤੇ ਬੌਧਿਕ ਸੰਪਦਾ ਅਧਿਕਾਰਾਂ ਬਾਰੇ ਜਾਗਰੂਕਤਾ ਫੈਲਾਉਣਾ ਸੀ। ਇਸ ਦੌਰਾਨ ਵਿਦਿਆਰਥਣਾਂ ਨੂੰ ਯੂਨੈਸਕੋ ਵੱਲੋਂ ਇਸ ਦਿਵਸ ਦੀ ਸ਼ੁਰੂਆਤ ਤੇ ਵਿਲੀਅਮ ਸ਼ੇਕਸਪੀਅਰ ਵਰਗੇ ਮਹਾਨ ਸਾਹਿਤਕਾਰਾਂ ਨਾਲ ਇਸ ਦੇ ਸਬੰਧ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥਣਾਂ ਨੇ ਆਪਣੀਆਂ ਮਨਪਸੰਦ ਪੁਸਤਕਾਂ ਦੇ ਅੰਸ਼ ਸਾਂਝੇ ਕੀਤੇ ਤੇ ਸਟਾਫ ਦੇ ਨਾਲ ਮਿਲ ਕੇ ਲਾਇਬ੍ਰੇਰੀ ਲਈ ਪੁਸਤਕਾਂ ਦਾਨ ਕੀਤੀਆਂ। ਅੰਤ ਵਿੱਚ ਪ੍ਰਿੰਸੀਪਲ ਡਾ. ਸੰਗੀਤਾ ਨੇ ਪੁਸਤਕਾਂ ਨੂੰ ਗਿਆਨ ਤੇ ਕਲਪਨਾ ਦਾ ਸਰਵੋਤਮ ਸਰੋਤ ਦੱਸਦੇ ਹੋਏ ਵਿਦਿਆਰਥਣਾਂ ਨੂੰ ਪੜ੍ਹਨ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਉਪਰੰਤ ਉਨ੍ਹਾਂ ਲਾਇਬ੍ਰੇਰੀ ਇੰਚਾਰਜ ਅਲਕਾ ਲਾਂਬਾ ਤੇ ਲਾਇਬ੍ਰੇਰੀ ਸਟਾਫ ਨੂੰ ਵਧਾਈ ਦਿੱਤੀ।

## ਐੱਸ ਓ ਆਈ ਦੇ ਸ਼ਹਿਰੀ ਪ੍ਰਧਾਨ ਸੰਧੂ ਭਾਜਪਾ 'ਚ ਸ਼ਾਮਲ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦੋਂ ਸੂਬੇ ਵਿੱਚ ਹੋਣ ਜਾ ਰਹੀਆਂ ਨਗਰ ਕੌਂਸਲ ਚੋਣਾਂ ਦੇ ਚਲਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਐੱਸਓਆਈ ਦੇ ਸ਼ਹਿਰੀ ਪ੍ਰਧਾਨ ਜਗਦੇਵ ਸਿੰਘ ਸੰਧੂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਭਾਜਪਾ ਵਿੱਚ ਸ਼ਾਮਲ ਹੋਏ ਨੌਜਵਾਨ ਆਗੂ ਜਗਦੇਵ ਸਿੰਘ ਸੰਧੂ ਦਾ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਸਵਾਗਤ ਕਰਦਿਆਂ ਪਾਰਟੀ ਵਿੱਚ ਮਾਨ ਸਨਮਾਨ ਦਾ ਭਰੋਸਾ ਦਿੱਤਾ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੇਸ਼ ਵਿੱਚ ਲਗਾਤਾਰ ਵਿਕਾਸ ਦੇ ਰਾਹ ਤੁਰੀ ਹੋਈ ਹੈ, ਜਿਸ ਕਰਕੇ ਲੋਕ ਭਾਜਪਾ ਦੀਆਂ ਨੀਤੀਆਂ ਨੂੰ ਪਿਆਰ ਕਰਦੇ ਹੋਏ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜਗਦੇਵ ਸਿੰਘ ਸੰਧੂ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਆਉਣ ਵਾਲੇ ਸਮੇਂ ਵਿੱਚ ਹੋਣ ਜਾ ਰਹੀਆਂ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਵੱਡਾ ਹੁਲਾਰਾ ਮਿਲੇਗਾ।ਇਸ ਮੌਕੇ ਬਾਬੂ ਕੀਮਤ ਸਿੰਗਲਾ, ਜ਼ਿਲ੍ਹਾ ਜਨਰਲ ਜਨਰਲ ਸਕੱਤਰ ਲਾਲ ਚੰਦ ਲਾਲੀ, ਸਰਕਲ ਪ੍ਰਧਾਨ ਸਤੀਸ਼ ਗਰਗ, ਬਗੀਚਾ ਸਿੰਘ ਦੁਤਾਲ ਜ਼ਿਲ੍ਹਾ ਵਾਇਸ ਪ੍ਰਧਾਨ, ਪ੍ਰਸ਼ੋਤਮ ਸਿੰਗਲਾ ਸਟੇਟ ਵਾਇਸ ਕਨਵੀਨਰ ਟਰਾਂਸਪੋਰਟ ਸੈੱਲ, ਨਰਿੰਦਰ ਸਿੰਘ ਬੇਂਕਸਰ ਭਾਜਪਾ ਆਗੂ ਤੇ ਹੋਰ ਕਈ ਭਾਜਪਾ ਮੈਂਬਰ ਮੌਜੂਦ ਸਨ।

## ਜ਼ਿਲੇ 'ਚੋਂ ਅੱਵਲ ਰਹੀ ਵਿਦਿਆਰਥਣ ਗੁਰਲੀਨ ਕੌਰ ਨੂੰ ਕੀਤਾ ਸਨਮਾਨਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੀ ਰਹਿਣ ਵਾਲੀ ਵਿਦਿਆਰਥਣ ਗੁਰਲੀਨ ਕੌਰ ਬਾਠ ਨੇ ਆਈ.ਸੀ.ਐੱਸ.ਈ. ਬੋਰਡ ਦੀ ਦਸਵੀਂ ਪ੍ਰੀਖਿਆ ਦੇ ਐਲਾਨੇ ਗਏ ਨਤੀਜਿਆਂ 'ਚ ਜ਼ਿਲ੍ਹਾ ਲੁਧਿਆਣਾ 'ਚੋਂ ਪਹਿਲਾ ਸਥਾਨ ਪ੍ਰਾਪਤ ਕਰ ਇਲਾਕੇ ਦਾ ਨਾਮ ਰੌਸ਼ਨ ਕੀਤਾ।ਅੱਜ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਇਸ ਹੋਣਹਾਰ ਧੀ ਦਾ ਸਨਮਾਨ ਕਰਨ ਲਈ ਪੁੱਜੇ। ਪਰਮਜੀਤ ਢਿੱਲੋਂ ਨੇ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਗੁਰਲੀਨ ਕੌਰ ਬਾਠ ਦਾ ਮੂੰਹ ਮਿੱਠਾ ਕਰਵਾਉਂਦਿਆਂ ਕਿਹਾ ਕਿ ਅਜਿਹੀਆਂ ਹੋਣਹਾਰ ਧੀਆਂ ਸਾਡੇ ਇਤਿਹਾਸਕ ਸ਼ਹਿਰ ਦਾ ਨਾਮ ਦੁਨੀਆਂ ਵਿੱਚ ਰੌਸ਼ਨ ਕਰਦੀਆਂ ਹਨ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਟਹਿਲ ਸਿੰਘ ਔਜਲਾ, ਅਰਵਿੰਦਰਪਾਲ ਸਿੰਘ ਵਿੱਕੀ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਹਰਵਿੰਦਰ ਸਿੰਘ ਸ਼ੇਰੀਆਂ, ਰਾਜਵਿੰਦਰ ਸਿੰਘ ਸੈਣੀ ਆਦਿ ਮੌਜੂਦ ਸਨ।

## 'ਆਪ' ਦੇ ਵਿਲੱਖਣ ਬਦਲਾਅ ਨੇ ਪੰਜਾਬ ਦਾ ਮੋਹ ਭੰਗ ਕੀਤਾ : ਹਰਪਾਲਪੁਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਪ ਪਾਰਟੀ ਦੇ ਆਗੂਆਂ ਵੱਲੋਂ ਪਿਛਲੀਆਂ ਚੋਣਾਂ ਦੌਰਾਨ ਪੰਜਾਬ 'ਚ ਬਦਲਾਅ ਆਵੇਗਾ ਦਾ ਧੂੰਆਂ ਧਾਰ ਪ੍ਰਚਾਰ ਕੀਤਾ ਗਿਆ। ਪੰਜਾਬ ਦੇ ਭੋਲੇ ਲੋਕਾਂ ਨੇ ਝੂਠੇ ਪ੍ਰਚਾਰ ਉੱਤੇ ਭਰੋਸਾ ਕਰਕੇ ਆਪਣੀ ਜੱਦੀ ਪੁਸ਼ਤੀ ਪਾਰਟੀ ਨੂੰ ਤਿਲਾਂਜਲੀ ਦੇ ਕੇ ਝਾੜੂ ਪਾਰਟੀ 'ਚ ਸ਼ਾਮਲ ਹੋ ਕੇ ਅੰਧਾਧੁੰਦ ਵੋਟਾਂ ਪਾਈਆਂ, ਪਰ ਸਰਕਾਰ ਬਣਨ ਬਾਅਦ ਵਿਲੱਖਣ ਕਿੱਸੇ ਨਿਕਲ ਰਹੇ ਹਨ, ਜਿਸ ਨੇ ਪੰਜਾਬੀਆਂ ਦਾ ਝਾੜੂ ਤੋਂ ਮੋਹ ਭੰਗ ਕਰ ਦਿੱਤਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ ਪੰਜਾਬ ਦੇ ਸਾਬਕਾ ਚੇਅਰਮੈਨ ਤੇ ਹਲਕਾ ਘਨੌਰ ਤੋਂ ਭਾਜਪਾ ਆਗੂ ਹਰਵਿੰਦਰ ਸਿੰਘ ਹਰਪਾਲ ਪੁਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਹਰਪਾਲਪੁਰ ਨੇ ਕਿਹਾ ਕਿ ਆਪ ਪਾਰਟੀ ਦੀ ਬੁਨਿਆਦ ਹੀ ਝੂਠ ਤੁਫ਼ਾਨ ਦੇ ਲਾਰਿਆਂ ਉੱਤੇ ਟਿਕੀ ਹੈ, ਜਿਨ੍ਹਾਂ ਲੋਕਾਂ ਨੇ ਅੰਨ੍ਹਾ ਵਿਸ਼ਵਾਸ ਕਰਕੇ ਆਪਣੇ ਪੁਰਾਣੇ ਸੰਬੰਧ ਆਪਣੀਆਂ ਪਾਰਟੀਆਂ ਨਾਲੋਂ ਤੋੜ ਕੇ ਨਵੇਂ ਬਦਲਾਅ ਨੂੰ ਸਜਦਾ ਕੀਤਾ ਸੀ, ਅੱਜ ਉਹ ਸਾਰੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ।ਉਨ੍ਹਾ ਕਿਹਾ ਕਿ ਜਿੰਨਾ ਕਰਜ਼ਾ ਸੂਬੇ ਉੱਤੇ ਚਾੜ੍ਹ ਦਿੱਤਾ ਹੈ, ਉਹ ਸੌਖਿਆਂ ਉੱਤਰ ਹੀ ਨਹੀਂ ਸਕਦਾ।ਪੰਜਾਬ ਦੀ ਕਾਨੂੰਨ ਵਿਵਸਥਾ ਬਹੁਤ ਹੀ ਚਿੰਤਾਜਨਕ ਹੈ ਤੇ ਪੰਜਾਬ ਵਿੱਚ ਨਸ਼ਿਆਂ ਦੇ ਦਰਿਆ ਨੂੰ ਕੋਈ ਠੱਲ੍ਹ ਨਹੀਂ ਪਈ।ਸੂਬੇ ਦਾ ਕਿਸਾਨ ਪਹਿਲੀ ਬਾਰ ਕਣਕ ਦੇ ਸੀਜ਼ਨ ਦੌਰਾਨ ਦਸ ਦਸ ਦਿਨ ਮੰਡੀਆਂ ਵਿੱਚ ਰੁਲਦਾ ਰਿਹਾ, ਕਿਸੇ ਨੇ ਵੀ ਕਿਸਾਨਾਂ ਦੀ ਸਾਰ ਨਹੀਂ ਲਈ।ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਆਪ ਪਾਰਟੀ ਦੇ ਵਿਲੱਖਣ ਬਦਲਾਅ ਤੋਂ ਮੋਹ ਭੰਗ ਹੋ ਗਿਆ ਹੈ, ਜਿਸ ਦਾ ਖ਼ਮਿਆਜ਼ਾ ਚੋਣਾਂ ਦੌਰਾਨ ਲੋਕਾਂ ਦੇ ਵਿਹੜਿਆਂ 'ਚ ਆ ਕੇ ਭੁਗਤਣਾ ਪਵੇਗਾ।

## ਦਾਸ ਐਂਡ ਬ੍ਰਾਊਨ ਵਰਲਡ ਸਕੂਲ 'ਚ ਖੁੱਲ੍ਹੀ 'ਈਮਾਨਦਾਰੀ ਦੀ ਦੁਕਾਨ'



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਜੋਕੇ ਦੌਰ ਵਿੱਚ ਜਿੱਥੇ ਨੈਤਿਕ ਕਦਰਾਂ-ਕੀਮਤਾਂ ਸਿਰਫ਼ ਗੱਲਾਂ ਤੱਕ ਸੀਮਤ ਰਹਿ ਗਈਆਂ ਹਨ, ਉੱਥੇ ਫਿਰੋਜ਼ਪੁਰ ਦੇ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਨੇ ਇਕ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਦਿਆਂ 'ਓਨੈਸਟੀ ਸ਼ਾਪ' (ਈਮਾਨਦਾਰੀ ਦੀ ਦੁਕਾਨ) ਦੀ ਸ਼ੁਰੂਆਤ ਕੀਤੀ ਹੈ।'ਈਮਾਨਦਾਰੀ ਦਿਵਸ' ਮੌਕੇ ਸ਼ੁਰੂ ਕੀਤੀ ਗਈ ਇਹ ਦੁਕਾਨ ਬੱਚਿਆਂ ਨੂੰ ਕਿਤਾਬੀ ਗਿਆਨ ਤੋਂ ਉੱਪਰ ਉੱਠ ਕੇ ਜੀਵਨ ਦਾ ਸੱਚਾ ਪਾਠ ਪੜ੍ਹਾ ਰਹੀ ਹੈ। ਸਕੂਲ ਦੀ ਪ੍ਰਿੰਸੀਪਲ ਡਾ. ਰੁਚੀ ਪਾਂਡੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੁਕਾਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਕੋਈ ਸੇਲਜ਼ਮੈਨ ਜਾਂ ਦੁਕਾਨਦਾਰ ਮੌਜੂਦ ਨਹੀਂ ਹੈ। ਦੁਕਾਨ ਵਿੱਚ ਸਟੇਸ਼ਨਰੀ ਦਾ ਜ਼ਰੂਰੀ ਸਾਮਾਨ ਰੱਖਿਆ ਗਿਆ ਹੈ ਤੇ ਵਿਦਿਆਰਥੀ ਆਪਣੀ ਲੋੜ ਅਨੁਸਾਰ ਚੀਜ਼ਾਂ ਚੁੱਕ ਕੇ ਉਸ ਦੀ ਨਿਰਧਾਰਤ ਕੀਮਤ ਖ਼ੁਦ ਹੀ ਈਮਾਨਦਾਰੀ ਦੇ ਡੱਬੇ ਵਿੱਚ ਪਾ ਦਿੰਦੇ ਹਨ। ਖ਼ਾਸ ਗੱਲ ਇਹ ਹੈ ਕਿ ਇੱਥੇ ਨਾ ਤਾਂ ਕੋਈ ਸੀਸੀਟੀਵੀ ਕੈਮਰਾ ਨਿਗਰਾਨੀ ਕਰ ਰਿਹਾ ਹੈ ਤੇ ਨਾ ਹੀ ਕਿਸੇ ਅਧਿਆਪਕ ਦਾ ਦਬਾਅ ਹੈ। ਸਭ ਕੁਝ ਵਿਦਿਆਰਥੀਆਂ ਦੇ ਆਪਣੇ ਅੰਤਰਮਨ ਦੀ ਆਵਾਜ਼ ਤੇ ਫ਼ੈਸਲੇ 'ਤੇ ਨਿਰਭਰ ਕਰਦਾ ਹੈ। ਡਾ. ਪਾਂਡੇ ਨੇ ਕਿਹਾ ਕਿ ਇਹ ਪਹਿਲ ਬੱਚਿਆਂ ਨੂੰ ਨਾ ਸਿਰਫ਼ ਈਮਾਨਦਾਰੀ ਦਾ ਮਹੱਤਵ ਸਮਝਾ ਰਹੀ ਹੈ, ਸਗੋਂ ਉਨ੍ਹਾਂ ਵਿੱਚ ਆਤਮ-ਅਨੁਸ਼ਾਸਨ, ਜ਼ਿੰਮੇਵਾਰੀ ਤੇ ਭਰੋਸੇਯੋਗਤਾ ਵਰਗੇ ਗੁਣ ਵੀ ਪੈਦਾ ਕਰ ਰਹੀ ਹੈ। ਜਦੋਂ ਵੀ ਕੋਈ ਵਿਦਿਆਰਥੀ ਸਹੀ ਕੀਮਤ ਡੱਬੇ ਵਿੱਚ ਪਾਉਂਦਾ ਹੈ, ਤਾਂ ਉਹ ਸਿਰਫ਼ ਇਕ ਪੈੱਨ ਜਾਂ ਕਾਪੀ ਨਹੀਂ ਖ਼ਰੀਦਦਾ, ਸਗੋਂ ਆਪਣੇ ਕਿਰਦਾਰ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ। ਪ੍ਰਿੰਸੀਪਲ ਨੇ ਦੱਸਿਆ ਕਿ ਅਸਲ ਸਿੱਖਿਆ ਉਹੀ ਹੈ, ਜੋ ਇਨਸਾਨ ਦੀ ਸ਼ਖ਼ਸੀਅਤ ਨੂੰ ਨਿਖਾਰੇ। ਇਹ 'ਓਨੈਸਟੀ ਸ਼ਾਪ' ਇਸੇ ਸੋਚ ਦਾ ਪ੍ਰਤੱਖ ਪ੍ਰਮਾਣ ਹੈ, ਜਿੱਥੇ ਈਮਾਨਦਾਰੀ ਸਿਰਫ਼ ਪੜ੍ਹਾਈ ਨਹੀਂ ਜਾਂਦੀ, ਸਗੋਂ ਅਮਲੀ ਰੂਪ ਵਿੱਚ ਜੀਵੀ ਜਾਂਦੀ ਹੈ।

# ਮਜ਼ਦੂਰ ਦਿਵਸ ਮੌਕੇ ਹੱਕੀ ਮੰਗਾਂ ਲਈ ਸੰਘਰਸ਼ ਤਿੱਖਾ ਕਰਨ ਦਾ ਅਹਿਦ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਭਾਈ ਲਾਲੋ ਪੰਜਾਬੀ ਮੰਚ, ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ, ਲਾਲ ਝੰਡਾ ਮਨਰੇਗਾ ਯੂਨੀਅਨ ਤੇ ਹੋਰ ਜਨਤਕ ਜਥੇਬੰਦੀਆਂ ਵੱਲੋਂ ਮਹਿਲ ਕਲਾਂ ਵਿਖੇ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਦੀ ਯਾਦ 'ਚ ਵਿਸ਼ਾਲ ਸਮਾਗਮ ਜੋਸ਼ੋ ਖਰੋਸ਼ ਨਾਲ ਕਰਵਾਇਆ ਗਿਆ।ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਐੱਸ.ਕੇ.ਐੱਮ. ਦੇ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਇਹ ਦਿਨ ਮਜ਼ਦੂਰ ਹੱਕਾਂ ਦੀ ਰਾਖੀ ਲਈ ਪ੍ਰੇਰਨਾ ਦਾ ਸਰੋਤ ਹੈ।ਉਨ੍ਹਾਂ ਮੌਜੂਦਾ ਆਰਥਿਕ ਹਾਲਾਤਾਂ ਉੱਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ, ਜਦ ਕਿ ਮਜ਼ਦੂਰ ਵਰਗ ਨੂੰ ਬੁਨਿਆਦੀ ਸਹੂਲਤਾਂ ਤੱਕ ਵੀ ਨਹੀਂ ਮਿਲ ਰਹੀਆਂ।ਮਹਿੰਗੇ ਇਲਾਜ ਕਾਰਨ ਬੇਸ਼ੁਮਾਰ ਮਜ਼ਦੂਰ ਆਪਣਾ ਇਲਾਜ ਨਾ ਕਰਵਾ ਸਕਣ ਕਰਕੇ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਨੌਕਰੀ ਨਾ ਮਿਲਣ ਕਾਰਨ ਮਜ਼ਦੂਰਾਂ ਦੇ ਬੱਚੇ ਪੜ੍ਹ-ਲਿਖ ਕੇ ਵੀ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ, ਜੋ ਚਿੰਤਾਜਨਕ ਹੈ।ਉਨ੍ਹਾਂ ਸਮੂਹ ਕਿਰਤੀ ਲੋਕਾਂ ਨੂੰ ਆਪਣੀਆਂ ਭਖਦੀਆਂ ਮੰਗਾਂ ਦੀ ਪ੍ਰਾਪਤੀ ਲਈ ਲਾਮਬੰਦ ਹੋਣ ਦੀ ਅਪੀਲ ਕੀਤੀ।ਮਜ਼ਦੂਰ ਆਗੂਆਂ ਹਰਜੀਤ ਸਿੰਘ ਖਿਆਲੀ, ਕਾਮਰੇਡ ਪਰਮਜੀਤ ਕੌਰ ਗੁੰਮਟੀ, ਸਰਪੰਚ ਜਗਰਾਜ ਸਿੰਘ ਟੱਲੇਵਾਲ ਨੇ ਸ਼ਿਕਾਗੋ ਦੇ ਮਹਾਨ ਸੂਰਬੀਰ ਜੋਧਿਆਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਖਿਡੌਣਿਆਂ ਤੋਂ ਲੈ ਕੇ ਜਹਾਜ਼ ਤੱਕ ਹਰ ਚੀਜ਼ ਮਜ਼ਦੂਰਾਂ ਦੇ ਹੱਥਾਂ ਨਾਲ ਬਣਦੀ ਹੈ, ਪਰ ਅਫਸੋਸ ਇਹ ਹੈ ਕਿ ਮਜ਼ਦੂਰ ਹੀ ਸਭ ਤੋਂ ਵੱਧ ਗਰੀਬੀ ਤੇ ਅਸੁਰੱਖਿਆ ਵਿੱਚ ਜੀਵਨ ਬਿਤਾਉਣ ਲਈ ਮਜਬੂਰ ਹਨ।ਕਈ ਥਾਵਾਂ 'ਤੇ ਮਜ਼ਦੂਰ ਪਰਿਵਾਰ ਤੰਗ ਤੇ ਅਣ-ਸੁਖਾਲੇ ਘਰਾਂ ਵਿੱਚ ਰਹਿਣ ਲਈ ਮਜਬੂਰ ਹਨ।ਉਨ੍ਹਾਂ ਸਰਕਾਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਕੇਵਲ ਇਸ਼ਤਿਹਾਰਬਾਜ਼ੀ ਨਾਲ ਹੀ ਲੋਕਾਂ ਦੀ ਜ਼ਿੰਦਗੀ ਨਹੀਂ ਬਦਲ ਸਕਦੀ ਅਸਲ ਨੀਤੀਆਂ ਤੇ ਜ਼ਮੀਨੀ ਕਦਮ ਚੁੱਕਣ ਦੀ ਲੋੜ ਹੈ।ਇਸ ਮੌਕੇ ਮਜ਼ਦੂਰ ਜਥੇਬੰਦੀਆਂ ਨੇ ਆਪਣੀਆਂ ਮੁੱਖ ਮੰਗਾਂ ਰੱਖਦਿਆਂ ਕਿਹਾ ਕਿ ਹਰ ਮਜ਼ਦੂਰ ਨੂੰ ਲੋੜ ਅਨੁਸਾਰ ਮਿਹਨਤਨਾਮਾ ਮਿਲੇ, ਕੰਮ ਵਾਲੀਆਂ ਥਾਵਾਂ 'ਤੇ ਸੁਰੱਖਿਆ ਤੇ ਸਿਹਤ ਸਹੂਲਤਾਂ ਯਕੀਨੀ ਬਣਾਈਆਂ ਜਾਣ ਤੇ ਲੇਬਰ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਕੇ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਿਆ ਜਾਵੇ।ਅਸੰਗਠਿਤ ਖੇਤਰ ਦੇ ਮਜ਼ਦੂਰਾਂ ਲਈ ਵਿਸ਼ੇਸ਼ ਨੀਤੀਆਂ ਬਣਾਉਣ ਦੀ ਵੀ ਮੰਗ ਕੀਤੀ ਗਈ।

ਸਮਾਗਮ ਦੌਰਾਨ ਮਜ਼ਦੂਰ ਏਕਤਾ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਮਜ਼ਦੂਰ ਹੱਕਾਂ ਦੀ ਲੜਾਈ ਨੂੰ ਹੋਰ ਮਜ਼ਬੂਤ ਕਰਨ ਦਾ ਅਹਿਦ ਲਿਆ।ਇਸ ਮੌਕੇ ਅਮਰਜੀਤ ਸਿੰਘ ਮਹਿਲ ਖੁਰਦ, ਜਗਸੀਰ ਸਿੰਘ ਛੀਨੀਵਾਲ, ਗੁਰਦੀਪ ਸਿੰਘ ਐੱਫ.ਸੀ.ਆਈ, ਬਲਦੇਵ ਸਿੰਘ ਸਹਿਜੜਾ, ਭਾਕਿਯੂ ਸਿੱਧੂਪੁਰ ਦੇ ਬਲਵਿੰਦਰ ਸਿੰਘ ਬਿੰਦੂ, ਮੁਖਤਿਆਰ ਸਿੰਘ ਧਨੇਰ, ਰਾਜਦੀਪ ਕੌਰ, ਵੀਰਪਾਲ ਕੌਰ, ਸਰਬਜੀਤ ਕੌਰ, ਹਰਪਾਲ ਕੌਰ, ਸਾਧੂ ਸਿੰਘ ਛੀਨੀਵਾਲ ਤੇ ਅਮਨਦੀਪ ਕੌਰ ਆਦਿ ਆਗੂਆਂ ਨੇ ਮਜ਼ਦੂਰ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਤ ਕੀਤੀ।

## ਪੈਰਾਡਾਈਜ਼ ਸਕੂਲ ਵੱਲੋਂ ਵਿਦਿਆਰਥੀ ਕੌਂਸਲ ਦੀ ਤਾਜਪੋਸ਼ੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵਿਖੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਦੀ ਰਹਿਨੁਮਾਈ ਹੇਠ ਸਕੂਲ ਦੀ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ, ਜਿਸ ਵਿੱਚ ਬਾਰਵੀਂ ਕਲਾਸ ਦੀ ਵਿਦਿਆਰਥਣ ਦੀਆ ਨੂੰ ਵਿਦਿਆਰਥੀ ਕੌਂਸਲ ਦੀ ਪ੍ਰੈਜ਼ੀਡੈਂਟ, ਅਵਨੀ ਮਿੱਤਲ ਨੂੰ ਸਕੂਲ ਦੀ ਹੈੱਡ ਗਰਲ ਤੇ ਅਰਮਾਨ ਨੂੰ ਹੈੱਡ ਬੁਆਏ ਨਿਯੁਕਤ ਕੀਤਾ ਗਿਆ। ਸ੍ਰਿਸ਼ਟੀ, ਮਾਨਵਜੋਤ ਕੌਰ ਤੇ ਦਿਲਸ਼ਾਨ ਸਿੰਘ ਸਕੂਲ ਕਪਤਾਨ ਚੁਣੇ ਗਏ।ਇਹ ਉਪਰਾਲਾ 'ਮਾਣ ਨਾਲ ਸੇਵਾ ਕਰੋ, ਭਰੋਸੇ ਨਾਲ ਅੱਗੇ ਵਧੋ' ਦੇ ਆਦਰਸ਼ ਨਾਲ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਕੀਤਾ ਗਿਆ।ਸਕੂਲ ਨਾਲ ਸਬੰਧਤ ਚਾਰ ਹਾਊਸਾਂ ਰਾਵੀ, ਜੇਹਲਮ, ਸਤਲੁਜ ਤੇ ਬਿਆਸ ਦੇ ਕਪਤਾਨ ਤੇ ਉੱਪ ਕਪਤਾਨਾਂ ਦੀ ਚੋਣ ਵਿਦਿਆਰਥੀਆਂ ਵੱਲੋਂ ਨਿਰਪੱਖ ਤਰੀਕੇ ਨਾਲ ਕੀਤੀ ਗਈ।ਬਿਆਸ ਹਾਊਸ ਲਈ ਖੁਸ਼ੀ ਤੇ ਤਰਨਜੀਤ ਕੌਰ, ਜੇਹਲਮ ਹਾਊਸ ਲਈ ਹਰਮਨ ਸ਼ਰਮਾ ਤੇ ਸ਼ੁਭਪ੍ਰੀਤ ਕੌਰ, ਰਾਵੀ ਹਾਊਸ ਲਈ ਅਰਸ਼ਪ੍ਰੀਤ ਕੌਰ ਤੇ ਸਮਰੀਤ ਕੌਰ ਤੇ ਸਤਲੁਜ ਹਾਊਸ ਲਈ ਅੰਬਰਪ੍ਰੀਤ ਕੌਰ ਤੇ ਸੁਖਦੀਪ ਕੌਰ ਨੂੰ ਕ੍ਰਮਵਾਰ ਹਾਊਸ ਕਪਤਾਨ ਤੇ ਉਪ ਕਪਤਾਨ ਚੁਣਿਆ ਗਿਆ।ਇਸ ਉਪਰੰਤ ਸਾਰੇ ਅਹੁਦੇਦਾਰਾਂ ਨੂੰ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਸੈਸ਼ੇ ਤੇ ਬੈਚ ਲਗਾ ਕੇ ਸਨਮਾਨਤ ਕੀਤਾ।ਸਕੂਲ ਪ੍ਰੈਜ਼ੀਡੈਂਟ ਤੇ ਸਾਰੇ ਮੈਂਬਰਾਂ ਨੇ ਇਮਾਨਦਾਰੀ, ਨਿਸ਼ਠਾ ਤੇ ਸਮਰਪਣ ਨਾਲ ਜ਼ਿੰਮੇਵਾਰੀ ਨਿਭਾਉਣ ਲਈ ਸਹੁੰ ਚੁੱਕੀ।ਇਸ ਗਤੀਵਿਧੀ ਤਹਿਤ ਸਕੂਲ ਦੇ ਈਕੋ ਕਲੱਬ, ਲਿਟਰੇਰੀ ਕਲੱਬ, ਹੈਲਥ ਐਂਡ ਵੈੱਲਨੈੱਸ ਕਲੱਬ ਤੇ ਆਰਟ ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਵੀ ਚੋਣ ਕੀਤੀ ਗਈ।ਹਰ ਕਲੱਬ ਦੇ ਵਾਈਸ ਪ੍ਰੈਜ਼ੀਡੈਂਟ ਨੇ ਆਪਣੇ ਕਲੱਬ ਦੀ ਵਿਜ਼ਨ, ਉਦੇਸ਼ ਤੇ ਹੋਰ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦੇਣ ਦੇ ਨਾਲ ਹੀ ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੇ ਕਲੱਬਾਂ ਦੀ ਮਹੱਤਤਾ ਬਾਰੇ ਦੱਸਿਆ।

## ਕੁੱਟਮਾਰ ਦੇ ਦੋਸ਼ 'ਚ 3 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਦੇ ਅਧੀਨ ਆਉਂਦੇ ਪਿੰਡ ਹਸਮਤ ਵਾਲਾ ਵਿਖੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਇਕ ਵਿਅਕਤੀ ਦੇ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ 3 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕੁਲਦੀਪ ਸਿੰਘ ਸਾਬਕਾ ਸਰਪੰਚ ਪੁੱਤਰ ਧਿਆਨ ਸਿੰਘ ਵਾਸੀ ਰੰਗਾ ਸਿੰਘ ਵਾਲਾ ਹਸਮਤ ਵਾਲਾ ਨੇ ਦੱਸਿਆ ਕਿ 27 ਅਪ੍ਰੈਲ 2026 ਨੂੰ ਤੂੜੀ ਬਣਾਉਣ ਵਾਲਾ ਰੀਪਰ ਮਿਸਤਰੀ ਕੁਲਵਿੰਦਰ ਸਿੰਘ ਕੋਲ ਸਵੇਰੇ 8.30 ਵਜੇ ਲੈ ਕੇ ਗਿਆ ਸੀ ਤੇ ਵੈਲਡਿੰਗ ਕਰਵਾ ਰਿਹਾ ਸੀ ਤਾਂ ਦੋਸ਼ੀਆਨ ਸਰਵਣ ਸਿੰਘ ਪੁੱਤਰ ਬਾਜ ਸਿੰਘ ਤੇ ਗੁਰਜੀਤ ਸਿੰਘ ਪੁੱਤਰ ਸਵਰਨ ਸਿੰਘ ਵਾਸੀਅਨ ਹਸਮਤ ਵਾਲਾ ਤੇ ਅੰਮ੍ਰਿਤਪਾਲ ਸਿੰਘ ਪੁੱਤਰ ਲਖਬੀਰ ਸਿੰਘ ਵਾਸੀਅਨ ਬਸਤੀ ਚਿਰਾਗ ਵਾਲੀ ਹਾਮਦ ਵਾਲਾ ਉਥੇ ਆ ਕੇ ਉਸ ਦੇ ਗਲ ਪਏ ਤੇ ਉਸ ਦੇ ਸੱਟਾਂ ਮਾਰੀਆਂ। ਰੌਲਾ ਪੈਣ 'ਤੇ ਉਕਤ ਦੋਸ਼ੀਆਨ ਉਥੋਂ ਭੱਜ ਗਏ। ਕੁਲਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਅਮਨਦੀਪ ਸਪੈਸਲਿਟੀ ਹਸਪਤਾਲ ਆਰਿਫ ਕੇ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## 27 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੂੰਮਕਲਾਂ ਪੁਲਸ ਨੇ 27 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਗੁਰਮੀਤ ਸਿੰਘ ਉਰਫ਼ ਮੰਗੀ ਵਾਸੀ ਚੌਂਤਾ ਵਜੋਂ ਹੋਈ ਹੈ।

ਥਾਣਾ ਕੂੰਮਕਲਾਂ ਦੇ ਮੁਖੀ ਪਰਮਜੀਤ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਗਸ਼ਤ ਕੀਤੀ ਜਾ ਰਹੀ ਸੀ ਤਾਂ ਕਿਸੇ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਗੁਰਮੀਤ ਸਿੰਘ ਮੰਗੀ ਜੋ ਕਿ ਬਾਹਰਲੇ ਪ੍ਰਦੇਸ਼ ਤੋਂ ਸਸਤੀ ਸ਼ਰਾਬ ਲਿਆ ਕੇ ਇੱਥੇ ਮਹਿੰਗੇ ਭਾਅ 'ਤੇ ਵੇਚਣ ਦਾ ਕੰਮ ਕਰਦਾ ਹੈ ਅਤੇ ਅੱਜ ਵੀ ਉਸ ਦੇ ਘਰ ਨਜਾਇਜ਼ ਸ਼ਰਾਬ ਪਈ ਹੈ। ਪੁਲਸ ਵੱਲੋਂ ਤੁਰੰਤ ਛਾਪੇਮਾਰੀ ਕਰ ਗੁਰਮੀਤ ਸਿੰਘ ਮੰਗੀ ਦੇ ਘਰੋਂ ਨਜਾਇਜ਼ ਸ਼ਰਾਬ 27 ਬੋਤਲਾਂ ਬਰਾਮਦ ਕਰ ਲਈਆਂ ਤੇ ਉਸ ਖਿਲਾਫ਼ ਐਕਸਾਇਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਡੀ ਸੀ ਐੱਮ ਦੇ ਵਿਦਿਆਰਥੀਆਂ ਨੇ ਟੈਲੀਸਕੋਪ ਰਾਹੀਂ ਵੇਖਿਆ 'ਪਿੰਕ ਮੂਨ'



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡੀਸੀਐੱਮ ਇੰਟਰਨੈਸ਼ਨਲ ਸਕੂਲ ਦੀ 'ਸਟਾਰ ਗੇਜ਼ਰਜ਼ ਸਕਾਈ ਆਬਜ਼ਰਵੇਟਰੀ' ਵਿਖੇ ਵਿਦਿਆਰਥੀਆਂ ਨੂੰ ਪੂਰਨਮਾਸ਼ੀ ਦਾ 'ਪਿੰਕ ਮੂਨ' ਦਿਖਾਉਣ ਲਈ ਇਕ ਵਿਸ਼ੇਸ਼ 'ਕੋਲਡ ਮੂਨ ਗੇਜ਼ਿੰਗ ਸੈਸ਼ਨ' ਦਾ ਆਯੋਜਨ ਕੀਤਾ ਗਿਆ। ਇਸ ਦਿਲਚਸਪ ਪ੍ਰੋਗਰਾਮ ਵਿੱਚ ਡੀ ਸੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਡੀਸੀਐੱਮ ਇੰਟਰਨੈਸ਼ਨਲ ਸਕੂਲ ਤੇ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦਾ ਆਗਾਜ਼ ਪ੍ਰਿੰਸੀਪਲ ਅਨੁਰਾਧਾ ਚੰਦੇਲ ਨੇ ਕੀਤਾ। ਉਨ੍ਹਾਂ ਕਿਹਾ ਕਿ ਸਿੱਖਿਆ ਸਿਰਫ਼ ਕਿਤਾਬਾਂ ਤੱਕ ਸੀਮਤ ਨਹੀਂ ਹੈ, ਸਗੋਂ ਬ੍ਰਹਿਮੰਡ ਦੇ ਅਣਗਿਣਤ ਰਹੱਸਾਂ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਅਪਣਾਉਣ ਤੇ ਨਵੀਆਂ ਖੋਜਾਂ ਲਈ ਪ੍ਰੇਰਿਤ ਕੀਤਾ। ਸਮਾਗਮ ਦਾ ਮੁੱਖ ਆਕਰਸ਼ਨ ਟੈਲੀਸਕੋਪ ਰਾਹੀਂ 'ਪਿੰਕ ਮੂਨ' ਦੇਖਣਾ ਰਿਹਾ। ਚੰਦਰਮਾ ਦੀ ਖ਼ੂਬਸੂਰਤੀ ਦੇਖ ਕੇ ਵਿਦਿਆਰਥੀ ਖ਼ੁਸ਼ ਹੋਏ। ਇਸ ਮੌਕੇ ਅਧਿਆਪਕਾਂ ਵੱਲੋਂ ਤਾਰਾਮੰਡਲ, ਗ੍ਰਹਿਆਂ ਤੇ ਨਕਸ਼ਤਰਾਂ ਬਾਰੇ ਜਾਣਕਾਰੀ ਭਰਪੂਰ ਪੇਸ਼ਕਾਰੀ ਦਿੱਤੀ ਗਈ ਅਤੇ 'ਸਟਾਰ ਗੇਜ਼ਿੰਗ' ਵਿਸ਼ੇ 'ਤੇ ਇੱਕ ਕੁਇੱਜ਼ ਮੁਕਾਬਲਾ ਵੀ ਕਰਵਾਇਆ ਗਿਆ। ਅਧਿਆਪਕ ਗੌਰਵ ਕਾਲੀਆ ਨੇ ਦੱਸਿਆ ਕਿ ਸਕੂਲ ਵਿੱਚ ਸਥਾਪਤ ਟੈਲੀਸਕੋਪ 40 ਟ੍ਰਿਲੀਅਨ ਕਿਲੋਮੀਟਰ ਦੀ ਰੇਂਜ ਤੱਕ ਬ੍ਰਹਿਮੰਡ 'ਤੇ ਨਜ਼ਰ ਰੱਖ ਸਕਦਾ ਹੈ। ਇਸ ਦੀ ਫੋਕਲ ਲੈਂਥ 1250 ਐੱਮ ਐੱਮ ਤੇ ਅਪਰਚਰ 254 ਐੱਮ ਐੱਮ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਵਿਚ ਅਜਿਹੀ ਆਬਜ਼ਰਵੇਟਰੀ ਸਥਾਪਤ ਕਰਨਾ ਡੀਸੀਐੱਮ ਗਰੁੱਪ ਦਾ ਇੱਕ ਵੱਡਾ ਕਦਮ ਹੈ। ਵਿਦਿਆਰਥੀਆਂ ਨੂੰ ਗਲੈਕਸੀ ਬਾਰੇ ਨਿਰੰਤਰ ਜਾਣਕਾਰੀ ਦੇਣ ਲਈ ਇਕ ਹਫ਼ਤਾਵਾਰੀ ਪਾਠਕ੍ਰਮ ਵੀ ਤਿਆਰ ਕੀਤਾ ਗਿਆ ਹੈ, ਤਾਂ ਜੋ ਉਨ੍ਹਾਂ ਨੂੰ ਭਵਿੱਖ ਦੇ ਮਹਾਨ ਵਿਗਿਆਨੀ ਬਣਾਇਆ ਜਾ ਸਕੇ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਸੂਰਜੀ ਮੰਡਲ ਵਿੱਚ ਜੁਪੀਟਰ (ਬ੍ਰਹਸਪਤੀ) ਸਭ ਤੋਂ ਵੱਡਾ ਗ੍ਰਹਿ ਹੈ।

## ਪੰਜਾਬ ਦੇ ਭਖਦੇ ਮੁੱਦਿਆਂ 'ਤੇ ਕੇ ਕੇ ਯੂ ਮੋਗਾ ਦੀ ਮੀਟਿੰਗ

### 15 ਨੂੰ ਗਵਰਨਰ ਹਾਊਸ ਚੰਡੀਗੜ੍ਹ ਵੱਲ ਕੀਤਾ ਜਾਵੇਗਾ ਮਾਰਚ : ਢੁੱਡੀਕੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਕਮੇਟੀ ਮੋਗਾ ਦੀ ਮੀਟਿੰਗ ਕੀਤੀ ਗਈ।ਇਹ ਮੀਟਿੰਗ ਜ਼ਿਲ੍ਹਾ ਮੀਤ ਪ੍ਰਧਾਨ ਜਸਪਾਲ ਸਿੰਘ ਪੁਰਾਣੇਵਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੌਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਝੰਡਾ ਚੜ੍ਹਾਇਆ ਗਿਆ। ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਨੇ ਵਿਸ਼ੇਸ਼ ਸ਼ਿਰਕਤ ਕੀਤੀ ਤੇ ਉਨ੍ਹਾਂ ਨੇ ਦੱਸਿਆ ਕਿ 15 ਮਈ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਗਵਰਨਰ ਹਾਊਸ ਚੰਡੀਗੜ੍ਹ ਵੱਲ ਇੱਕ ਮਾਰਚ ਕਰਕੇ ਪੰਜਾਬ ਦੇ ਹੱਕਾਂ ਨੂੰ ਬਚਾਉਣ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਹਿੱਸੇਦਾਰੀ ਖਤਮ ਕਰਨ ਖਿਲਾਫ ਇੱਕ ਲਹਿਰ ਖੜ੍ਹੀ ਕੀਤੀ ਜਾਏਗੀ, ਜਿਸ ਵਿੱਚ ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਉੱਪਰ ਪੂਰਨ ਤੌਰ 'ਤੇ ਪੰਜਾਬ ਦਾ ਹੱਕ ਹੋਵੇਗਾ।ਇਸ ਦੇ ਨਾਲ-ਨਾਲ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਉੱਪਰ ਪੰਜਾਬ ਦਾ ਹੱਕ ਹੈ, ਉਹ ਪਾਣੀ ਪੰਜਾਬ ਲਈ ਨਵੇਂ ਨਹਿਰੀ ਸਿਸਟਮ ਨੂੰ ਅੱਪਗਰੇਡ ਕਰਕੇ ਪੂਰੇ ਰਾਜ ਵਿੱਚ ਹਰ ਖੇਤ ਤੱਕ ਨਹਿਰੀ ਪਾਣੀ ਲਈ ਮੋਘੇ ਵੱਡੇ ਕੀਤੇ ਜਾਣ ਅਤੇ ਹਰ ਘਰ ਲਈ ਭਾਖੜਾ ਦਾ ਨੀਲੀ ਭਾਅ ਮਾਰਦਾ ਪੀਣ-ਯੋਗ ਪਾਣੀ ਦੇਣ ਲਈ ਨਵਾਂ ਸਿਸਟਮ ਬਹਾਲ ਕੀਤਾ ਜਾਵੇ ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਯੂਥ ਵਿੰਗ ਦੇ ਆਗੂ ਤੀਰਥਵਿੰਦਰ ਸਿੰਘ ਘੱਲ ਕਲਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਸਹਿਕਾਰੀ ਸਭਾ ਦੇ ਹੱਦ ਕਰਜ਼ੇ ਨੂੰ 25440 ਤੋਂ ਵਧਾ ਕੇ 39000 ਪ੍ਰਤੀ ਏਕੜ ਕੀਤਾ ਜਾ ਰਿਹਾ ਹੈ, ਜੋ ਕਿ ਕਿਸਾਨਾਂ ਲਈ ਕਾਫੀ ਮਦਦਗਾਰ ਹੋਵੇਗਾ, ਕਿਉਂਕਿ ਪਿਛਲੇ ਪੂਰੇ ਇੱਕ ਸਾਲ ਤੋਂ ਕਿਸਾਨ ਨੂੰ ਮੌਸਮ ਤੇ ਮੰਦੀ ਦੀ ਮਾਰ ਕਰਕੇ ਸਾਰੀਆ ਫਸਲਾਂ ਵਿੱਚ ਘਾਟਾ ਪਿਆ ਹੈ, ਜਿਸ ਕਰਕੇ ਉਹ ਅੱਗੇ ਇਸ ਕਰਜ਼ੇ ਨਾਲ ਆਪਣੀ ਨਵੀਂ ਫਸਲ ਦੇ ਖਰਚੇ ਚਲਾ ਸਕੇਗਾ, ਪਰ ਇਸ ਮੌਕੇ ਕਾਰਪੋਰੇਟਿਵ ਬੈਂਕ ਮੁਲਾਜ਼ਮਾਂ ਨੇ ਇਸ ਹੱਦ ਕਰਜ਼ੇ ਦੇ ਉਲਟ ਹੜਤਾਲ ਦੀ ਕਾਲ ਦਿੱਤੀ ਹੈ, ਜੋ ਕਿ ਅਤੀ ਨਿੰਦਣਯੋਗ ਹੈ।

ਇਸ ਮੌਕੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 30 ਮਈ ਨੂੰ ਪਿੰਡ ਘੱਲ ਕਲਾਂ ਵਿਖੇ ਜ਼ਿਲ੍ਹੇ ਦਾ ਡੈਲੀਗੇਟ ਇਜਲਾਸ ਵੀ ਕੀਤਾ ਜਾਵੇਗਾ। ਇਸ ਮੌਕੇ ਮੁਖਤਿਆਰ ਸਿੰਘ ਕਾਹਨ ਸਿੰਘ ਵਾਲਾ, ਮੋਹਨ ਸਿੰਘ ਡਾਲਾ, ਛਿੰਦਰਪਾਲ ਕੌਰ ਰੋਡੇ, ਬੇਅੰਤ ਸਿੰਘ ਮੱਲੇਆਣਾ, ਕੁਲਜੀਤ ਸਿੰਘ ਭੋਲਾ, ਬਲਕਰਨ ਸਿੰਘ ਵੈਰੋਕੇ, ਅਜਮੇਰ ਸਿੰਘ ਛੋਟਾਘਰ, ਤਾਰ ਸਿੰਘ ਡਾਲਾ ਹਾਜ਼ਰ ਸਨ।

## 'ਸਮਾਧਾਨ ਸਮਾਰੋਹ-2026' ਦੀ ਸ਼ੁਰੂਆਤ, ਅਗਸਤ 'ਚ ਵਿਸ਼ੇਸ਼ ਲੋਕ ਅਦਾਲਤ

**ਭਵਾਨੀਗੜ੍ਹ (ਰਾਜ ਖੁਰਮੀ)**-'ਭਾਗੀਦਾਰੀ ਨਿਆਂ' ਤੇ 'ਨਿਆਂ ਦੀ ਦਰਵਾਜ਼ੇ ਤੇ ਪਹੁੰਚ' ਦੇ ਮਕਸਦ ਨਾਲ ਸੁਪਰੀਮ ਕੋਰਟ ਵੱਲੋਂ ਸ਼ੁਰੂਆਤ 21 ਅਪ੍ਰੈਲ ਤੋਂ ਕਰ ਦਿੱਤੀ ਗਈ ਹੈ।ਇਹ ਅਭਿਆਨ 21, 22 ਤੇ 23 ਅਗਸਤ ਨੂੰ ਲੱਗਣ ਵਾਲੀ ਵਿਸ਼ੇਸ਼ ਲੋਕ ਅਦਾਲਤ ਨਾਲ ਸਮਾਪਤ ਹੋਵੇਗਾ।ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਦੇ ਸਕੱਤਰ ਸ੍ਰੀ ਅਸ਼ੀਸ਼ ਠਠਈ (ਸਿਵਲ ਜੱਜ ਸੀਨੀਅਰ ਡਵੀਜ਼ਨ/ਸੀ.ਜੇ.ਐੱਮ.) ਨੇ ਦੱਸਿਆ ਕਿ ਇਸ ਪਹਿਲਕਦਮੀ ਦਾ ਉਦੇਸ਼ ਸੁਪਰੀਮ ਕੋਰਟ ਵਿੱਚ ਲੰਬਿਤ ਮਾਮਲਿਆਂ ਦਾ ਸਹਿਮਤੀ ਅਧਾਰਤ ਅਤੇ ਸੁਖਾਵਾਂ ਨਿਪਟਾਰਾ ਕਰਾਉਣਾ ਹੈ।ਤਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਲੋਕ ਅਦਾਲਤ ਰਾਹੀਂ ਪੱਖਕਾਰ ਆਪਸੀ ਰਜ਼ਾਮੰਦੀ ਨਾਲ ਆਪਣੇ ਵਿਵਾਦਾਂ ਦਾ ਹੱਲ ਕਰ ਸਕਣਗੇ, ਜਿਸ ਨਾਲ ਸਮਾਂ ਤੇ ਖਰਚ ਦੋਵਾਂ ਦੀ ਬੱਚਤ ਹੋਵੇਗੀ।ਉਨ੍ਹਾਂ ਹੋਰ ਦੱਸਿਆ ਕਿ ਪੱਖਕਾਰ ਤੇ ਉਨ੍ਹਾਂ ਦੇ ਵਕੀਲ ਕੇਸਾਂ ਦੇ ਨਿਪਟਾਰੇ ਲਈ ਫ਼ਿਜ਼ੀਕਲ ਤੌਰ 'ਤੇ ਜਾਂ ਆਨਲਾਈਨ ਪਲੇਟਫਾਰਮ ਰਾਹੀਂ ਵੀ ਹਾਜ਼ਰੀ ਲਵਾ ਸਕਦੇ ਹਨ।ਇਸ ਵਿਸ਼ੇਸ਼ ਲੋਕ ਅਦਾਲਤ ਵਿੱਚ ਕੇਸ ਲਗਾਉਣ ਲਈ ਗੂਗਲ ਫਾਰਮ ਦੇ ਲਿੰਕ 'ਤੇ ਜਾ ਕੇ ਸੁਪਰੀਮ ਕੋਰਟ ਵਿੱਚ ਲੰਬਿਤ ਕੇਸਾਂ ਦੀ ਜਾਣਕਾਰੀ ਭਰ ਕੇ ਬੇਨਤੀ ਜਮ੍ਹਾਂ ਕਰਵਾਈ ਜਾ ਸਕਦੀ ਹੈ।ਸਕੱਤਰ ਨੇ ਸਾਰੇ ਵਕੀਲਾਂ ਅਤੇ ਪੱਖਕਾਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਹੱਤਵਪੂਰਨ ਪਹਿਲ ਵਿੱਚ ਭਾਗ ਲੈਣ ਤੇ ਵਿਵਾਦਾਂ ਦੇ ਤੇਜ਼ ਤੇ ਪ੍ਰਭਾਵਸ਼ਾਲੀ ਨਿਪਟਾਰੇ ਲਈ ਆਪਣਾ ਯੋਗਦਾਨ ਪਾਉਣ।

## ਭੱਠਾ ਹੜੱਪਣ ਦੇ ਮਾਮਲੇ 'ਚ 7 ਖਿਲਾਫ ਕੇਸ ਦਰਜ

**ਫਿਰੋਜ਼ਪੁਰ (ਗੁਰਬਚਨ ਸਿੰਘ)**-ਥਾਣਾ ਮੱਲਾਂਵਾਲਾ ਦੀ ਪੁਲਸ ਨੇ ਇਕ ਸਾਂਝੇ ਭੱਠੇ ਦੀ ਜਾਇਦਾਦ ਤੇ ਮੁਨਾਫ਼ਾ ਹੜੱਪਣ ਦੀ ਨੀਅਤ ਨਾਲ ਜਾਲ੍ਹੀ ਦਸਤਾਵੇਜ਼ ਤਿਆਰ ਕਰਨ ਦੇ ਦੋਸ਼ ਹੇਠ 7 ਲੋਕਾਂ ਖਿਲਾਫ 420, 465, 468, 471, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਰਛਪਾਲ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਇਲਮੇਵਾਲਾ ਨੇ ਦੱਸਿਆ ਕਿ ਉਸ ਦਾ ਪਿੰਡ ਵਿਚ ਹੀ 'ਮੈਸਰਜ਼ ਸਤਿਕਰਤਾਰ ਗ੍ਰਾਮ ਉਦਯੋਗ ਸੰਮਤੀ' ਨਾਮ ਦਾ ਇਕ ਸਾਂਝਾ ਭੱਠਾ ਹੈ।ਉਸ ਨੇ ਦੋਸ਼ ਲਾਇਆ ਕਿ ਜਦੋਂ ਉਹ ਗੈਰ-ਹਾਜ਼ਰ ਸੀ, ਤਾਂ ਦੋਸ਼ੀਆਨ ਸਤਨਾਮ ਸਿੰਘ, ਗੁਰਨਾਮ ਸਿੰਘ ਪੁੱਤਰਾਨ ਜਗਤਾਰ ਸਿੰਘ, ਮਨਜੀਤ ਕੌਰ ਪਤਨੀ ਸਤਨਾਮ ਸਿੰਘ, ਗੁਰਪ੍ਰਤਾਪ ਸਿੰਘ ਪੁੱਤਰ ਸਤਨਾਮ ਸਿੰਘ ਵਾਸੀਅਨ ਇਲਮੇਵਾਲਾ, ਪ੍ਰੀਤਮ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਕਾਮਲ ਵਾਲਾ ਖੁਰਦ, ਕੁਲਦੀਪ ਕੌਰ ਪਤਨੀ ਕਾਮਲਾ ਵਾਲਾ ਖੁਰਦ ਤੇ ਅਨੂਪ ਸਿੰਘ ਪੁੱਤਰ ਮੋਹਨ ਸਿੰਘ ਵਾਸੀਅਨ ਰੁਕਨੇ ਵਾਲਾ ਨੇ ਆਪਸ ਵਿੱਚ ਮਿਲੀਭੁਗਤ ਕਰਕੇ ਫਰਮ ਦਾ ਗਲਤ ਰਿਕਾਰਡ ਤਿਆਰ ਕੀਤਾ।ਇਸ ਸਾਜ਼ਿਸ਼ ਤਹਿਤ ਉਨ੍ਹਾਂ ਨੇ ਉਸ ਨੂੰ ਧੋਖਾ ਦੇ ਕੇ ਉਸ ਦੀ ਹਿੱਸੇਦਾਰੀ ਖਤਮ ਕਰ ਦਿੱਤੀ ਤਾਂ ਜੋ ਭੱਠੇ ਦੀ ਜਾਇਦਾਦ ਤੇ ਕਮਾਈ ਨੂੰ ਖੁਦ ਹੜੱਪ ਸਕਣ।ਦੋਸ਼ੀਆਨ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਮਾਨ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲਾ : ਜੌੜਾਮਾਜਰਾ

### ਆਈ ਐੱਲ ਪੀ ਵੱਲੋਂ ਅਜਿਹੇ ਖੇਡ ਪ੍ਰੋਗਰਾਮ ਅੱਗੇ ਵੀ ਕਰਵਾਏ ਜਾਣਗੇ : ਯੋਗੇਸ਼ ਸ਼ਰਮਾ

**ਸਮਾਣਾ (ਗੁਰਪਿਆਰ ਸਿੰਘ ਬੱਲ)**

ਯੁੱਧ ਨਸ਼ਿਆਂ ਵਿਰੁੱਧ ਮਹਿਮ ਤਹਿਤ ਸਮਾਣਾ ਵਿਖੇ ਆਈ.ਪੀ.ਐੱਲ. ਵੱਲੋਂ ਇੱਕ ਸ਼ਾਨਦਾਰ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ, ਜਿਸ ਦੇ ਮੁੱਖ ਆਯੋਜਕ ਯੋਗੇਸ਼ ਸ਼ਰਮਾ ਸ਼ੈਲੀ ਸਨ।ਯੋਗੇਸ਼ ਸ਼ੈਲੀ ਆਈ ਐਲਪੀ ਦੇ ਐੱਮ ਡੀ ਡਾਇਰੈਕਟਰ ਪੈਰਾ ਅਥਲੀਟ ਡਿਪਾਰਟਮੈਂਟ-ਪੈਰਾ ਪਾਵਰ ਲਿਫਟਿੰਗ ਇੰਡੀਆ-ਪੈਰਾ ਓਲੰਪਿਕ ਆਫ ਇੰਡੀਆ ਕਮੇਟੀ ਨਾਲ ਜੁੜੇ ਹੋਏ ਹਨ ਤੇ ਆਮ ਆਦਮੀ ਪਾਰਟੀ ਪੰਜਾਬ ਯੂਥ ਵਿੰਗ ਦੇ ਜਾਇੰਟ ਸੈਕਟਰੀ ਵਜੋਂ ਵੀ ਸੇਵਾ ਨਿਭਾਅ ਰਹੇ ਹਨ।ਇਸ ਮੌਕੇ ਗੱਲਬਾਤ ਕਰਦਿਆਂ ਮੁੱਖ ਮਹਿਮਾਨ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਖੇਡਾਂ ਨਾਲ ਜੋੜਨ ਲਈ ਨੌਜਵਾਨਾਂ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੋੜਨ ਲਈ ਮਾਨ ਸਰਕਾਰ ਖੇਡਾਂ ਵੱਲ ਪ੍ਰੇਰਿਤ ਕਰ ਰਹੀ ਹੈ, ਜੋ ਕਿ ਹੁਣ ਤੱਕ ਤਿੰਨ ਹਜ਼ਾਰ ਦੇ ਕਰੀਬ ਗਰਾਊਂਡ ਤਿਆਰ ਕਰ ਚੁੱਕੀ ਹੈ। ਨੌਜਵਾਨ ਖੇਡਾਂ ਪ੍ਰਤੀ ਮੱਲਾਂ ਮਾਰ ਕੇ ਪੰਜਾਬ ਦਾ ਨਾਂਅ ਰੌਸ਼ਨ ਕਰਨਗੇ।ਇਸ ਮੌਕੇ ਗੱਲਬਾਤ ਕਰਦਿਆਂ ਯੋਗੇਸ਼ ਸ਼ਰਮਾ ਸ਼ੈਲੀ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਮਹਿਮਾ ਤਹਿਤ ਇਹ ਟੂਰਨਾਮੈਂਟ ਕਰਵਾਏ ਜਾਂਦੇ ਹਨ। ਇਸ ਟੂਰਨਾਮੈਂਟ ਵਿੱਚ ਲਗਭਗ 400 ਖਿਡਾਰੀਆਂ ਨੇ ਭਾਗ ਲਿਆ। ਟੂਰਨਾਮੈਂਟ ਦਾ ਮੁੱਖ ਮਕਸਦ ਯੁੱਧ ਨਸ਼ਿਆਂ ਵਿਰੁੱਧ ਸੀ, ਤਾਂ ਜੋ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਸਿਹਤਮੰਦ ਤੇ ਨਸ਼ਾ-ਮੁਕਤ ਪੰਜਾਬ ਦੀ ਸੋਚ ਨੂੰ ਮਜ਼ਬੂਤ ਕੀਤਾ ਜਾ ਸਕੇ।ਯੋਗੇਸ਼ ਸ਼ੈਲੀ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਸਹੀ ਦਿਸ਼ਾ ਦਿੰਦੀਆਂ ਹਨ ਤੇ ਨਸ਼ਿਆਂ ਤੋਂ ਦੂਰ ਰੱਖਣ ਦਾ ਸਭ ਤੋਂ ਵਧੀਆ ਸਾਧਨ ਹਨ। ਉਨ੍ਹਾਂ ਸਾਰੇ ਮਹਿਮਾਨਾਂ, ਖਿਡਾਰੀਆਂ ਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਈ ਐੱਲ ਪੀ ਵੱਲੋਂ ਅਜਿਹੇ ਖੇਡ ਪ੍ਰੋਗਰਾਮ ਅੱਗੇ ਵੀ ਕਰਵਾਏ ਜਾਂਦੇ ਰਹਿਣਗੇ।ਟੂਰਨਾਮੈਂਟ ਵਿੱਚ ਜੇਤੂ ਟੀਮਾਂ ਲਈ ਪਹਿਲਾ ਇਨਾਮ 21000, ਦੂਜਾ ਇਨਾਮ 15000, ਤੀਜਾ ਇਨਾਮ 8100 ਤੇ ਚੌਥਾ ਇਨਾਮ 5100 ਰੱਖਿਆ ਗਿਆ।ਇਸ ਟੂਰਨਾਮੈਂਟ ਦਾ ਫਾਈਨਲ ਮੈਚ ਗੁਰਮੀਤ ਬਰਾੜ ਕਲੱਬ ਪਟਿਆਲਾ ਤੇ ਕਿਚਨ ਕਿੰਗ ਕਲੱਬ ਠੁੱਲੀਵਾਲ ਵਿਚਕਾਰ ਖੇਡਿਆ ਗਿਆ, ਜਿਸ 'ਚ ਕਿਚਨ ਕਿੰਗ ਕਲੱਬ ਠੁੱਲੀਵਾਲ ਪਹਿਲੇ ਤੇ ਗੁਰਮੀਤ ਬਰਾੜ ਕਲੱਬ ਪਟਿਆਲਾ ਦੀ ਟੀਮ ਦੂਸਰੇ ਨੰਬਰ 'ਤੇ ਰਹੀ। ਤੀਜਾ ਤੇ ਚੌਥਾ ਇਨਾਮ ਵੈਦ ਸ਼ਿਵ ਕਲੱਬ ਸੰਗਰੂਰ ਤੇ ਭਲੌਟ ਹਰਿਆਣਾ ਦੀ ਟੀਮ ਨੇ ਜਿੱਤਿਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਵਿਧਾਇਕ ਚੇਤਨ ਸਿੰਘ ਜੌੜਮਾਜਰਾ, ਪਰਮਿੰਦਰ ਗੋਲਡੀ ਵਰਕਿੰਗ ਪ੍ਰੈਜ਼ੀਡੈਂਟ ਪੰਜਾਬ ਯੂਥ ਵਿੰਗ, ਨਵਲਦੀਪ ਜਰਨਲ ਸੈਕਟਰੀ ਪੰਜਾਬ ਯੂਥ ਵਿੰਗ, ਆਈਪੀਐਸ ਵੈਭਵ ਚੌਧਰੀ ਐੱਸਪੀ (ਐੱਚ) ਪਟਿਆਲਾ, ਪੁਨੀਤ ਸਿੰਘ ਚਾਹਲ ਡੀਐੱਸਪੀ ਟ੍ਰੈਫਿਕ ਪਟਿਆਲਾ, ਫਤਿਹ ਸਿੰਘ ਬਰਾੜ ਡੀਐੱਸਪੀ ਸਮਾਣਾ, ਪ੍ਰਸਿੱਧ ਸਮਾਜ ਸੇਵੀ ਤੇ ਕਾਰੋਬਾਰੀ ਗਿਆਨ ਚੰਦ ਕਟਾਰੀਆ ਤੇ ਰਣਜੀ ਖਿਡਾਰੀ ਤੇ ਅੰਡਰ-23 ਕੈਪਟਨ ਇਮਨਜੋਤ ਸਿੰਘ ਚਾਹਲ ਤੇ ਡਾਕਟਰ ਮੁਕੇਸ਼ ਕੁਮਾਰ ਸ਼ਰਮਾ ਬਲਾਕ ਪ੍ਰਧਾਨ ਘੱਗਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

## ਸਿਹਤ ਮੰਤਰੀ ਵੱਲੋਂ ਆਲ ਇੰਡੀਆ ਅੰਬੇਡਕਰ ਮਹਾਂ ਸਭਾ ਦੇ ਦਫ਼ਤਰ ਦਾ ਉਦਘਾਟਨ

### ਬਾਬਾ ਸਾਹਿਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਮਾਨਤਾ ਲਾਜ਼ਮੀ : ਡਾ. ਬਲਬੀਰ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਰਣਜੀਤ ਨਗਰ ਵਿੱਚ ਆਲ ਇੰਡੀਆ ਅੰਬੇਡਕਰ ਮਹਾਸਭਾ (ਰਜਿ.) ਦੇ ਕੇਂਦਰੀ ਦਫ਼ਤਰ ਦਾ ਰਸਮੀ ਉਦਘਾਟਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕੀਤਾ।ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸਮਾਜ ਸੇਵਕਾਂ, ਅਧਿਕਾਰੀਆਂ ਤੇ ਸਥਾਨਕ ਨਿਵਾਸੀਆਂ ਨੇ ਸ਼ਿਰਕਤ ਕੀਤੀ।ਮੁੱਖ ਮਹਿਮਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਾ. ਬੀ. ਆਰ. ਅੰਬੇਡਕਰ ਦੇ ਸੁਪਨਿਆਂ ਵਾਲਾ ਸਮਾਜ ਤਦ ਹੀ ਬਣ ਸਕਦਾ ਹੈ, ਜਦੋਂ ਹਰ ਵਰਗ ਨੂੰ ਬਰਾਬਰੀ ਦੇ ਮੌਕੇ ਮਿਲਣ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ, ਸਿਹਤ ਤੇ ਰੋਜ਼ਗਾਰ ਦੇ ਖੇਤਰ ਵਿੱਚ ਲਗਾਤਾਰ ਕਦਮ ਚੁੱਕ ਰਹੀ ਹੈ ਤਾਂ ਜੋ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਆ ਸਕੇ।ਸਿਹਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਬੀਮਾ ਦੇ ਕੇ ਸਰਕਾਰ ਨੇ ਗਰੀਬ ਤੇ ਮੱਧ ਵਰਗ ਦੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ।ਉਨ੍ਹਾ ਕਿਹਾ ਕਿ ਮੁਹੱਲਾ ਕਲੀਨਿਕਾਂ ਰਾਹੀਂ ਲੋਕਾਂ ਨੂੰ ਘਰ ਦੇ ਨੇੜੇ ਹੀ ਮੁਫ਼ਤ ਤੇ ਵਧੀਆ ਸਿਹਤ ਸੇਵਾਵਾਂ ਮਿਲ ਰਹੀਆਂ ਹਨ, ਜਿਸ ਨਾਲ ਲੋਕਾਂ ਦਾ ਖਰਚਾ ਘਟਿਆ ਹੈ।ਡਾ. ਬਲਬੀਰ ਸਿੰਘ ਨੇ ਕਿਹਾ ਕਿ ਨੌਜਵਾਨਾਂ ਲਈ ਨਵੀਆਂ ਨੌਕਰੀਆਂ ਪੈਦਾ ਕਰਨ, ਮਜ਼ਦੂਰਾਂ ਦੀ ਭਲਾਈ ਲਈ ਖ਼ਾਸ ਯੋਜਨਾਵਾਂ ਲਿਆਉਣ ਤੇ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਸਰਕਾਰ ਵਚਨਬੱਧ ਹੈ।ਇਸ ਮੌਕੇ ਮਹਾਸਭਾ ਦੇ ਕੌਮੀ ਪ੍ਰਧਾਨ ਰਾਕੇਸ਼ ਬਹਾਦਰ, ਕੌਮੀ ਖਜ਼ਾਨਚੀ ਰੀਨਾ ਗਾਵਸਕਰ ਵਾਲਮੀਕਿ, ਪੰਜਾਬ ਪ੍ਰਦੇਸ਼ ਪ੍ਰਧਾਨ ਨਿਰਮਲਜੀਤ, ਰੋਹਿਤ ਹੰਸ, ਸੁਖ ਰਾਮ ਅਤੇ ਉਪ ਪ੍ਰਧਾਨ ਪਲਵਿੰਦਰ ਸਿੰਘ ਦੋਸਾਂਝ ਨੇ ਵੀ ਸੰਬੋਧਨ ਕੀਤਾ।

## ਦੇਵ ਮਾਨ ਦੀ ਅਗਵਾਈ 'ਚ ਮੱਲਕੋ ਦਾ ਸਰਪੰਚ ਤੇ ਮੈਂਬਰ 'ਆਪ' 'ਚ ਸ਼ਾਮਲ



**ਨਾਭਾ (ਵਰਿੰਦਰ ਵਰਮਾ)**-ਆਦਮੀ ਪਾਰਟੀ ਦਾ ਹਲਕਾ ਨਾਭਾ 'ਚ ਕਾਫ਼ਲਾ ਵੱਧਦਾ ਹੀ ਜਾ ਰਿਹਾ ਹੈ, ਜਿਸ ਤਹਿਤ ਹਲਕਾ ਵਿਧਾਨ ਸਭਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ ਨੇੜਲੇ ਪਿੰਡ ਮੱਲਕੋ ਦੇ ਸਰਪੰਚ ਸੁਖਚੈਨ ਸਿੰਘ, ਪੰਚਾਇਤ ਮੈਂਬਰ ਸਤਨਾਮ ਸਿੰਘ ਪੰਚਾਇਤ ਮੈਂਬਰ ਹਰਪ੍ਰੀਤ ਕੌਰ ਪੰਚਾਇਤ ਮੈਂਬਰ ਦੇਸਾ ਸਿੰਘ, ਸੁਰਿੰਦਰ ਪਾਲ ਸਿੰਘ ਤੋਂ ਇਲਾਵਾ ਸੁਖਵਿੰਦਰ ਕੌਰ, ਇੰਦਰਜੀਤ ਕੌਰ, ਨਾਜਰ ਸਿੰਘ, ਬਚਨ ਸਿੰਘ, ਭੀਮ ਸਿੰਘ, ਅਮਰੀਕ ਸਿੰਘ, ਰਾਜ ਸਿੰਘ, ਰਣਜੀਤ ਕੌਰ, ਕਰਮਜੀਤ ਕੌਰ, ਲਕਸ਼ਮੀ, ਕਮਲਜੀਤ ਕੌਰ ਆਦਿ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਸਰਪੰਚ, ਪੰਚਾਇਤ ਮੈਂਬਰ ਤੇ ਹੋਰ ਪਿੰਡ ਵਾਸੀਆਂ ਨੂੰ ਸਿਰੋਪਾ ਪਾ ਕੇ ਆਪ ਪਾਰਟੀ ਵਿੱਚ ਸ਼ਾਮਲ ਕਰਵਾਇਆ।ਸ਼ਾਮਲ ਹੋਣ ਉਪਰੰਤ ਸਰਪੰਚ ਸੁਖਚੈਨ ਸਿੰਘ, ਪੰਚਾਇਤ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਤੇ ਪਿਛਲੇ ਸਾਲਾਂ ਵਿੱਚ ਹੋਏ ਵਿਕਾਸ ਕਾਰਜਾਂ ਨੂੰ ਵੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਪਾਰਟੀ ਛੱਡੀ ਹੈ।ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਦੇਵ ਮਾਨ ਵੱਲੋਂ ਪਿੰਡਾਂ ਵਿੱਚ ਵੱਡੇ ਪੱਧਰ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸ ਨਾਲ ਹਲਕੇ ਦੇ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ, ਜਿਸ ਨੂੰ ਵੇਖਦੇ ਹੋਏ ਸਾਡੇ ਪਿੰਡ ਦੇ ਲੋਕ ਆਪ ਵਿੱਚ ਸ਼ਾਮਿਲ ਹੋਏ ਹਨ। ਉਹਨਾਂ ਹਲਕਾ ਵਿਧਾਇਕ ਦੇਵ ਮਾਨ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾਵੇਗਾ ਤੇ ਆਉਣ ਵਾਲੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਮਿਹਨਤ ਕੀਤੀ ਜਾਵੇਗੀ ਤਾਂ ਕਿ ਆਪ ਜੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਮੁੜ ਤੋਂ ਵਿਧਾਇਕ ਬਣਾ ਕੇ ਵਿਧਾਨ ਸਭਾ ਵਿੱਚ ਭੇਜਿਆ ਜਾ ਸਕੇ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ 'ਆਪ' ਵਿੱਚ ਸ਼ਾਮਲ ਹੋਣ 'ਤੇ ਇਨ੍ਹਾਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵੱਲੋਂ ਮੁਹੱਲਾ ਕਲੀਨਿਕ, ਆਧੁਨਿਕ ਸੁਵਿਧਾ ਨਾਲ ਲੈਸ ਸਕੂਲ ਤੇ ਸ਼ਹਿਰਾਂ ਦੀ ਤਰਜ਼ 'ਤੇ ਪਿੰਡਾਂ ਦਾ ਵੀ ਸਰਬਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ, ਜਿਸ ਕਾਰਨ ਹੀ ਵੱਡੀ ਗਿਣਤੀ ਚ ਆਮ ਆਦਮੀ ਪਾਰਟੀ ਦੇ ਨਾਲ ਲੋਕ ਜੁੜ ਰਹੇ ਹਨ।ਇਸ ਮੌਕੇ ਗ਼ੁਲਾਬ ਮਾਨ, ਉੱਧਮ ਦੀਪ ਸਿੰਘ, ਤੇਜਿੰਦਰ ਖਹਿਰਾ, ਕਪਿਲ ਮਾਨ, ਕਸ਼ਮੀਰ ਸਿੰਘ ਲਾਲਕਾ, ਸੁਖਦੇਵ ਸਿੰਘ ਮਾਨ, ਸਿਮਰਨ ਅੜਕ ਚੌਹਾਨ, ਆਦਿ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਮੀਟਿੰਗ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਸਾਹਿਬ, ਲੌਂਗੋਵਾਲ ਵਿਖੇ ਸੁਨਾਮ ਹਲਕੇ ਦੇ ਆਗੂ ਸਾਹਿਬਾਨਾਂ ਤੇ ਯੂਥ ਵਿੰਗ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ ਰਾਮਪੁਰਾ, ਪੀਏਸੀ ਮੈਂਬਰ ਬਹਾਦਰ ਸਿੰਘ ਭਸੌੜ ਤੇ ਜ਼ਿਲ੍ਹਾ ਯੂਥ ਪ੍ਰਧਾਨ ਸਤਿਨਾਮ ਸਿੰਘ ਰੱਤੋਕੇ ਨੇ ਸ਼ਮੂਲੀਅਤ ਕੀਤੀ।ਮੀਟਿੰਗ ਦੌਰਾਨ ਆਉਣ ਵਾਲੀਆਂ ਚੋਣਾਂ ਲਈ ਪਾਰਟੀ ਦੀ ਰਣਨੀਤੀ, ਸੰਗਠਨ ਨੂੰ ਮਜ਼ਬੂਤ ਕਰਨ ਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਜੋੜਨ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਡੀਆ ਨਾਲ ਗੱਲਬਾਤ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ ਰਾਮਪੁਰਾ ਨੇ 15 ਮਈ ਨੂੰ ਲੋਕ ਸਭਾ ਹਲਕਾ ਸੰਗਰੂਰ ਅਧੀਨ ਗੁਰਦੁਆਰਾ ਨਾਨਕਿਆਣਾ ਸਾਹਿਬ, ਸੰਗਰੂਰ ਵਿਖੇ ਹੋਣ ਵਾਲੀ ਭਰਵੀਂ ਮੀਟਿੰਗ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਵੱਡੀ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਵਰਕਰ ਤੇ ਆਗੂ ਸ਼ਮੂਲੀਅਤ ਕਰਨਗੇ ਤੇ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇਗਾ।ਇਸ ਮੌਕੇ ਗੁਰਬਖਸ਼ ਸਿੰਘ ਸੁਨਾਮ ਨੂੰ ਹਲਕਾ ਸਨਾਮ ਦਾ ਮੁਲਾਜ਼ਮ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।

## ਪੰਜਾਬੀ ਸਾਹਿਤ ਕਲਾ ਮੰਚ ਵੱਲੋਂ ਸੱਤਵਾਂ ਕਵੀ ਸੰਮੇਲਨ

### ਕਵਿਤਾ ਵੱਲ ਮੁੜ ਰਹੀ ਹੈ ਨੌਜਵਾਨ ਪੀੜ੍ਹੀ : ਰਜਿੰਦਰ ਵਰਮਾ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਪੰਜਾਬੀ ਸਾਹਿਤ ਕਲਾ ਮੰਚ ਮਾਨਸਾ ਵੱਲੋਂ ਸੱਤਵਾਂ ਕਵੀ ਸੰਮੇਲਨ ਹਿਮਾਂਸ਼ੂ ਆਈਲਟਸ ਸੈਂਟਰ ਬੁਢਲਾਡਾ ਵਿਖੇ ਕਰਵਾਇਆ ਗਿਆ।ਮੰਚ ਸੰਚਾਲਨ ਕਰਦਿਆਂ ਰਜਿੰਦਰ ਵਰਮਾ ਨੇ ਦੱਸਿਆ ਕਿ ਅੱਜ ਦੇ ਸਮੇਂ 'ਚ ਕਵਿਤਾ ਨਾਲ ਜੁੜਨਾ ਬਹੁਤ ਲਾਜ਼ਮੀ ਹੈ।ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਇਸ ਕਵੀ ਸੰਮੇਲਨ 'ਚ ਪੰਜਾਬ ਭਰ ਤੋਂ ਕਵੀਆਂ ਨੇ ਭਾਗ ਲਿਆ।ਉਨ੍ਹਾਂ ਕਿਹਾ ਕਿ ਨੌਜਵਾਨ ਵਿਦਿਆਰਥੀਆਂ ਨੂੰ ਮਾਤ ਭਾਸ਼ਾ ਨਾਲ ਜੋੜਨਾ ਹੀ ਮੰਚ ਦਾ ਮੁੱਖ ਉਦੇਸ਼ ਹੈ।ਸ਼ਰਮਾ ਨੇ ਕਿਹਾ ਕਿ ਅਸੀਂ ਕਵਿਤਾ ਜ਼ਰੀਏ ਆਪਣੀ ਵੱਡੀ ਤੋਂ ਵੱਡੀ ਗੱਲ ਨੂੰ ਛੋਟੇ ਸ਼ਬਦਾਂ 'ਚ ਦੂਰ ਤੱਕ ਲਿਜਾ ਸਕਦੇ ਹਾਂ।ਇਸ ਮੌਕੇ ਰਾਜਵਿੰਦਰ ਸਿੰਘ ਖੱਤਰੀਵਾਲਾ, ਸੁਖਦੀਪ ਸਿੰਘ ਰਤੀਆ, ਸੁਖਦੀਪ ਕੌਰ ਲਾਲਿਆਂ ਵਾਲੀ, ਸੰਦੀਪ ਕੌਰ ਰਿਉਂਦ ਕਲਾਂ, ਜਸਵਿੰਦਰ ਕੌਰ, ਗੁਲਜ਼ਾਰ ਡੋਗਰਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ। ਮੰਚ ਦੇ ਉਪ-ਪ੍ਰਧਾਨ ਰਜਿੰਦਰ ਵਰਮਾ ਨੇ ਦੱਸਿਆ ਕਿ ਇਸ ਕਵੀ ਸੰਮੇਲਨ 'ਚ 15 ਦੇ ਕਰੀਬ ਕਵੀਆਂ ਨੇ ਭਾਗ ਲਿਆ।ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਕਲਾ ਮੰਚ ਕਵਿਤਾ ਲਈ ਆਪਣਾ ਵੱਖਰਾ ਉਪਰਾਲਾ ਕਰ ਰਿਹਾ ਹੈ।ਇਸ ਸਮੇਂ ਪ੍ਰਦੀਪ ਕੁਮਾਰ ਬੁਢਲਾਡਾ, ਕੋਹਿਨੂਰ ਅਹਿਮਦਪੁਰ, ਡਾਕਟਰ ਨਵਨੀਤ ਸਿੰਗਲਾ, ਕਮਲ ਰਾਣੀ, ਅਮਨਦੀਪ ਸ਼ਰਮਾ ਨੇ ਵੀ ਆਪਣੀਆਂ ਰਚੀਆਂ ਕਵਿਤਾਵਾਂ ਪੜ੍ਹੀਆਂ।ਪੰਜਾਬੀ ਸਾਹਿਤ ਕਲਾ ਮੰਚ, ਬਾਲਾ ਜੀ ਬੁੱਕ ਡੀਪੂ, ਹਿਮਾਂਸ਼ੂ ਆਈਲਟਸ ਸੈਂਟਰ ਬੁਢਲਾਡਾ, ਮੱਤੀ ਵਾਲਿਆਂ ਦੀ ਟਾਇਲ ਫੈਕਟਰੀ ਬੁਢਲਾਡਾ ਵੱਲੋਂ 15 ਕਵੀਆਂ ਤੇ ਪੰਜ ਵਿਸ਼ੇਸ਼ ਮਹਿਮਾਨਾਂ ਦਾ ਸਨਮਾਨ ਕੀਤਾ।ਇਸ ਮੌਕੇ ਸਿੰਘ ਵੀ ਆਸਟਰੇਲੀਆ ਦੀ ਕਿਤਾਬ 'ਸ਼ਾਇਰ' ਮੰਚ ਵੱਲੋਂ ਰਿਲੀਜ਼ ਕੀਤੀ ਗਈ।ਪ੍ਰੋਗਰਾਮ ਨੂੰ ਡਾ. ਕਰਨੈਲ ਵੈਰਾਗੀ, ਜਸਵਿੰਦਰ ਸਿੰਘ ਦਾਤੇਵਾਸ, ਸੁਭਾਸ਼ ਗੋਇਲ, ਮਾਤਾ ਗੁਜਰੀ ਭਲਾਈ ਕੇਂਦਰ ਵੱਲੋਂ ਮਾਸਟਰ ਕੁਲਵੰਤ ਸਿੰਘ, ਸੁਖਵਿੰਦਰ ਸੁੱਖੀ ਰਿਪੀ ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਨੇ ਵੀ ਸੰਬੋਧਨ ਕੀਤਾ।ਸਮਾਗਮ ਦੇ ਆਖੀਰ 'ਚ ਹਿਮਾਂਸ਼ੂ ਆਈਲਟਸ ਦੇ ਡਾਇਰੈਕਟਰ ਹਿਮਾਸ਼ੂ ਵੱਲੋਂ ਸਮੁੱਚੇ ਹਾਜ਼ਰੀਨ ਪਤਵੰਤੇ ਸੱਜਣਾਂ ਤੇ ਕਵੀਆਂ ਦਾ ਧੰਨਵਾਦ ਵੀ ਕੀਤਾ ਗਿਆ।

## ਧਰਮਕੋਟ ਤੋਂ ਵੱਡੀ ਗਿਣਤੀ ਨੌਜਵਾਨ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਮੋਗਾ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਪੂਰਨ ਸਿੰਘ ਪੱਤੋ ਦੀ ਪ੍ਰੇਰਨਾ ਸਦਕਾ ਵੱਡੀ ਗਿਣਤੀ ਵਿੱਚ ਨੌਜਵਾਨ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ।ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸ੍ਰ. ਨਿਹਾਲ ਸਿੰਘ ਭੁੱਲਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਆਪਣੇ ਆਗੂਆਂ ਤੇ ਵਰਕਰਾਂ ਦਾ ਸਨਮਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰਾਂ ਵੇਲੇ ਪੰਜਾਬ ਵਿੱਚ ਹੋਏ ਕੰਮਾਂ ਕਾਰਨ ਅੱਜ ਵੱਡੀ ਗਿਣਤੀ ਵਿੱਚ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਲੋਕ ਅਕਾਲੀ ਦਲ ਨਾਲ ਜੁੜ ਰਹੇ ਹਨ, ਜੋ ਇਹ ਸੰਕੇਤ ਦਿੰਦਾ ਹੈ ਕਿ ਆਉਣ ਵਾਲੀ 2027 ਦੀ ਵਿਧਾਨ ਸਭਾ ਚੋਣ ਸ਼ਾਨ ਨਾਲ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਸਰਕਾਰ ਸਥਾਪਤ ਕਰੇਗਾ ਤੇ ਪੰਜਾਬ ਦਾ ਸਰਬਪੱਖੀ ਵਿਕਾਸ ਜਾਰੀ ਰੱਖੇਗਾ। ਭੁੱਲਰ ਨੇ ਕਿਹਾ ਕਿ ਅਸੀਂ ਸਾਰਿਆਂ ਨੂੰ ਨਾਲ ਲੈ ਕੇ ਚੱਲ ਰਹੇ ਹਾਂ ਤੇ ਵਰਕਰਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਪੂਰਨ ਸਿੰਘ ਪੱਤੋ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਪ੍ਰਧਾਨ ਨਿਹਾਲ ਸਿੰਘ ਭੁੱਲਰ ਦੀ ਅਗਵਾਈ ਹੇਠ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰ ਰਹੀ ਹੈ ਤੇ ਕਰਦੀ ਰਹੇਗੀ।ਇਸ ਮੌਕੇ ਗੁਰਵਰਿੰਦਰ ਸਿੰਘ ਕੈਨੇਡਾ, ਭਾਨ ਸਿੰਘ ਭੁੱਲਰ ਤੇ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

# ਸੀ ਜੇ ਐੱਮ ਮਿਸ ਕਿਰਨ ਜੋਤੀ ਨੇ ਸੁਣੀਆਂ ਬਜ਼ੁਰਗਾਂ ਦੀਆਂ ਸਮੱਸਿਆਵਾਂ



**ਪੱਟੀ (ਬਲਦੇਵ ਸਿੰਘ ਸੰਧੂ)**-ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਮਿਸ ਕਿਰਨ ਜੋਤੀ ਵੱਲੋਂ ਭਾਈ ਵੀਰ ਸਿੰਘ ਬਿਰਧ ਘਰ, ਤਰਨ ਤਾਰਨ ਵਿਖੇ ਵਿਸ਼ੇਸ਼ ਸੈਮੀਨਾਰ ਲਗਾਇਆ ਗਿਆ।ਇਸ ਦੌਰਾਨ ਉਨ੍ਹਾਂ ਬਿਰਧ ਘਰ ਵਿੱਚ ਰਹਿ ਰਹੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦੀ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਲਈ ਹਰ ਸੰਭਵ ਮੱਦਦ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ।ਉਨ੍ਹਾਂ ਬਜ਼ੁਰਗਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਜਦੋਂ ਵੀ ਕਾਨੂੰਨੀ ਸਹਾਇਤਾ ਦੀ ਲੋੜ ਹੋਵੇ, ਉਹ ਕਿਸੇ ਵੀ ਕੰਮਕਾਜ ਵਾਲੇ ਦਿਨ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦਫ਼ਤਰ ਨਾਲ ਤਾਲਮੇਲ ਕਰ ਸਕਦੇ ਹਨ।ਇਸ ਤੋਂ ਇਲਾਵਾਂ ਉਨ੍ਹਾਂ ਨੇ ਦੱਸਿਆ ਕਿ ਮਿਤੀ 09.05.2026 ਨੂੰ ਨੈਸ਼ਨਲ ਲੋਕ ਅਦਾਲਤ ਲੱਗ ਰਹੀ ਹੈ।ਉਨ੍ਹਾਂ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਦੇ ਬਹੁਤ ਸਾਰੇ ਲਾਭ ਹਨ, ਜਿਵੇਂ ਕਿ ਇਸਦੇ ਫ਼ੈਸਲੇ ਨਾਲ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ, ਇਸਦੇ ਫ਼ੈਸਲੇ ਦੇ ਖ਼ਿਲਾਫ਼ ਕੋਈ ਅਪੀਲ ਨਹੀਂ ਹੁੰਦੀ, ਇਸਦੇ ਫ਼ੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ, ਲੋਕ ਅਦਾਲਤ ਵਿੱਚ ਫ਼ੈਸਲਾ ਹੋਣ ਨਾਲ ਧਿਰਾਂ ਵਿੱਚ ਦੁਸ਼ਮਣੀ ਘਟਦੀ ਹੈ ਅਤੇ ਧਿਰਾਂ ਵਿੱਚ ਭਾਈਚਾਰਾ ਵੱਧਦਾ ਹੈ, ਲੋਕ ਅਦਾਲਤ ਵਿੱਚ ਫ਼ੈਸਲੇ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਸ ਮਿਲ ਜਾਂਦੀ ਹੈ।ਇਸ ਤੋਂ ਇਲਾਵਾ ਕੋਰਟ ਕੰਪਲੈਕਸ ਤਰਨ ਤਾਰਨ, ਸਬ ਡਵੀਜ਼ਨ ਪੱਟੀ ਅਤੇ ਸਬ ਡਵੀਜ਼ਨ ਖਡੂਰ ਸਾਹਿਬ ਵਿਖੇ ਮੀਡੀਏਸ਼ਨ ਸੈਂਟਰ ਬਣਾਏ ਗਏ ਹਨ, ਜਿਥੇ ਧਿਰਾਂ ਦੇ ਝਗੜੇ ਦਾ ਸਮਝੌਤਾ ਆਪਸੀ ਰਜ਼ਾਮੰਦੀ ਨਾਲ ਕਰਵਾਇਆ ਜਾਂਦਾ ਹੈ।ਇਸੇ ਤਰ੍ਹਾਂ ਜ਼ਿਲ੍ਹਾ ਕਚਹਿਰੀਆਂ ਤਰਨ ਤਾਰਨ ਵਿਖੇ ਪਰਮਾਨੈਂਟ ਲੋਕ ਅਦਾਲਤ ਸਥਾਪਿਤ ਕੀਤੀ ਗਈ ਹੈ, ਜਿਸ ਵਿੱਚ ਧਿਰਾਂ ਦਾ ਆਪਸੀ ਰਜ਼ਾਮੰਦੀ ਨਾਲ ਫ਼ੈਸਲਾ ਕਰਵਾਇਆ ਜਾਂਦਾ ਹੈ, ਜਿਸ ਨਾਲ ਸਮੇ ਦੀ ਬਹੁਤ ਬੱਚਤ ਹੁੰਦੀ ਹੈ।ਇਸ ਮੌਕੇ ਭਾਈ ਵੀਰ ਬਿਰਧ ਘਰ ਤਰਨ ਤਾਰਨ ਦੀ ਪ੍ਰਬੰਧਕ ਕਮੇਟੀ ਵੀ ਮਜੂਦ ਰਹੀ।

# ਤਹਿਸੀਲ ਅਜਨਾਲਾ ਦੇ ਪੁਰਾਣੇ ਕੰਪਲੈਕਸ ਦੀ ਹਾਲਤ ਨੂੰ ਸੁਧਾਰਨ ਦੀ ਮੰਗ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਤਹਿਸੀਲ ਦੇ ਪੁਰਾਣਾ ਕੰਪਲੈਕਸ ਬਣੇ ਦੀ ਮਿਆਦ ਪੁੱਗਣ ਅਤੇ ਖ਼ਸਤਾ ਹਾਲਤ ਹੋਣ ਕਰਕੇ ਨਵਾਂ ਤਹਿਸੀਲ ਕੰਪਲੈਕਸ ਤੇ ਜੁਡੀਸ਼ੀਅਲ ਕੰਪਲੈਕਸ ਬਣ ਜਾਣ ਕਰਕੇ ਉਨ੍ਹਾਂ ਦੇ ਅਫਸਰ ਤੇ ਮੁਲਾਜ਼ਮ ਨਵੇਂ ਕੰਪਲੈਕਸ ਵਿੱਚ ਗਿਆਂ ਨੂੰ ਪੰਜ ਸਾਲ ਤੋਂ ਉਪਰ ਦਾ ਸਮਾਂ ਹੋ ਚੁੱਕਾ ਹੈ ਪ੍ਰੰਤੂ ਪੁਰਾਣੀ ਖਸਤਾ ਹਾਲਤ ਵਿੱਚ ਤਹਿਸੀਲ ਵਿੱਚ ਅਜੇ ਵੀ ਟੁੱਟੇ ਭੱਜੇ ਪੁਰਾਣੇ ਮਿੰਨੀ ਕੰਪਲੈਕਸ ਵਿੱਚ ਡੀਐੱਸਪੀ ਅਜਨਾਲਾ ਦੇ ਦਫ਼ਤਰ ਸਮੇਤ ਹੋਰ ਕਈ ਵਿਭਾਗਾਂ ਦੇ ਦਫ਼ਤਰਾਂ ਦੇ ਮੁਲਾਜ਼ਮ ਬੈਠਦੇ ਹਨ। ਇਹ ਤਿੰਨ ਮੰਜ਼ਲੀ ਇਮਾਰਤ ਕਦੇ ਵੀ ਢਹਿਢੇਰੀ ਹੋਣ ਨਾਲ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋ ਸਕਦਾ। ਜਨਤਕ ਜਥੇਬੰਦੀਆਂ ਦੀ ਟੀਮ ਡਾ. ਸਤਨਾਮ ਸਿੰਘ ਅਜਨਾਲਾ ਸੂਬਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਐੱਸਕੇਐੱਮ ਦੇ ਪ੍ਰਮੁੱਖ ਆਗੂ ਦੀ ਅਗਵਾਈ 'ਚ ਪੁਰਾਣੀ ਤਹਿਸੀਲ ਦਾ ਨੇੜਿਉਂ ਜਾਇਜ਼ਾ ਲਿਆ। ਇਸਦੀ ਛੱਤ ਡਿੱਗਣ ਦੇ ਡਰ ਤੋਂ ਕਈ ਮੁਲਾਜ਼ਮ ਬਾਹਰ ਬੈਠੇ ਕੰਮ ਕਰਦੇ ਹਨ। ਡੀਮ ਨੇ ਐੱਸਡੀਐੱਮ ਤੋਂ ਮੰਗ ਕੀਤੀ ਕਿ ਘੱਟੋ-ਘੱਟ ਸੀਡੀਪੀਓ ਦੇ ਦਫ਼ਤਰ ਦੀ ਲੋੜ ਨੂੰ ਵੇਖਦਿਆਂ ਇਨ੍ਹਾਂ ਦੇ ਦਫ਼ਤਰ ਨੂੰ ਕਿਸੇ ਯੋਗ ਥਾਂ 'ਤੇ ਤਬਦੀਲ ਕੀਤਾ ਜਾਵੇ! ਟੀਮ 'ਚ ਜਨਤਕ ਜਥੇਬੰਦੀਆਂ ਦੇ ਆਗੂ ਲਖਬੀਰ ਸਿੰਘ ਤੇੜਾਂ, ਆੜ੍ਹਤੀਆਂ ਦੇ ਆਗੂ ਫੌਜੀ ਰੇਸ਼ਮ ਸਿੰਘ ਭੂਰੇ ਗਿੱਲ, ਸਮਾਜ ਸੇਵਕ ਹਰਨੇਕ ਸਿੰਘ ਨੇਪਾਲ, ਗਾਇਕ ਗੁਰਪਾਲ ਗਿੱਲ ਸੈਦਪੁਰ, ਕਿਸਾਨ ਆਗੂ ਹਰਜਿੰਦਰ ਸਿੰਘ ਛੀਨਾ, ਦਵਿੰਦਰ ਸਿੰਘ ਰਿਆੜ, ਔਰਤ ਮੁਕਤੀ ਮੋਰਚਾ ਦੀ ਆਗੂ ਪਰਵੇਸ਼ ਕੌਰ ਤੇ ਮਜ਼ਦੂਰ ਆਗੂ ਚਰਨਜੀਤ ਸਿੰਘ ਤਲਵੰਡੀ ਰਾਏ ਦਾਦੂ ਸ਼ਾਮਿਲ ਸਨ।

# ਅਧਿਆਪਕਾਂ ਦਾ ਮੂਲ ਧਿਆਨ ਵਿਦਿਆਰਥੀਆਂ ਦੀਆਂ ਸਕਿਲਜ਼ ਦੇ ਵਿਕਾਸ 'ਤੇ ਕੇਂਦ੍ਰਿਤ ਹੋਵੇ - ਪ੍ਰੋ. ਸੈਣੀ



**ਗੁਰਦਾਸਪੁਰ, (ਜਨਕ ਮਹਾਜਨ)**-ਸਰਕਾਰੀ ਕਾਲਜ ਗੁਰਦਾਸਪੁਰ ਵਿਚ ਪੰਜ ਦਿਨਾਂ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਸਮਾਪਨ ਸਫਲਤਾਪੂਰਵਕ ਹੋਇਆ। ਸੈਸ਼ਨ ਦੀ ਸ਼ੁਰੂਆਤ ਡਾ. ਸੰਦੀਪ ਕੌਰ ਵੱਲੋਂ ਡਾ. ਤਜਿੰਦਰਪਾਲ ਸਿੰਘ ਦੇ ਜੀਵਨ ਅਤੇ ਉਪਲੱਬਧੀਆਂ 'ਤੇ ਚਰਚਾ ਨਾਲ ਕੀਤੀ ਗਈ। ਇਸ ਤੋਂ ਬਾਅਦ ਡਾ. ਜਤਿੰਦਰ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਮੁੱਖ ਵਕਤਾ ਡਾ. ਤਜਿੰਦਰਪਾਲ ਸਿੰਘ ਦਾ ਸਨਮਾਨਿਤ ਸਵਾਗਤ ਕਰਦੇ ਹੋਏ ਸਿੱਖਿਆ ਵਿੱਚ ਟੈਕਨੋਲੋਜੀ ਅਤੇ ਆਰਟੀਫ਼ਸ਼ਲ ਇੰਟੈਲੀਜੈਂਸ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਡਾ. ਤਜਿੰਦਰਪਾਲ ਸਿੰਘ, ਜੋ ਡਿਜ਼ਿਟਲ ਪੈਡਾਗੋਜੀ ਅਤੇ ਇਨਫ਼ੋਰਮੇਸ਼ਨ ਟੈਕਨਾਲੋਜੀ ਟੂਲਜ਼ ਦੇ ਵਿਸ਼ੇਸ਼ ਗਿਆਨ ਹਨ, ਨੇ ਆਪਣੇ ਲੈਕਚਰ ਵਿੱਚ ਦਰਸਾਇਆ ਕਿ ਕਿਵੇਂ ਆਰਟੀਸ਼ਲ ਇੰਟੈਲੀਜੈਂਸ ਅਤੇ ਲਾਰਜ ਲੈਂਗਵੇਜ ਮਾਡਲ ਸਿੱਖਿਆ ਪ੍ਰਣਾਲੀ ਨੂੰ ਆਧੁਨਿਕ ਅਤੇ ਪ੍ਰਭਾਵਸ਼ਾਲੀ ਬਣਾ ਸਕਦੇ ਹਨ। ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਵੱਲੋਂ ਮੁੱਖ ਮਹਿਮਾਨ ਡਾ. ਕੰਵਲਜੀਤ ਸਿੰਘ ਅਤੇ ਡਾ. ਬਲਵਿੰਦਰ ਸਿੰਘ ਸੈਣੀ ਦਾ ਸਵਾਗਤ ਕਰਕੇ ਕੀਤੀ ਗਈ। ਡਾ. ਕੰਵਲਜੀਤ ਸਿੰਘ ਨੇ ਆਰਟੀਫ਼ਸ਼ਲ ਇੰਟੈਲੀਜੈਂਸ ਅਤੇ ਡਿਜ਼ਿਟਲ ਪੈਡਾਗੋਜੀ ਦੀ ਵਰਤੋਂ ਰਾਹੀਂ ਕਲਾਸਰੂਮ ਵਿੱਚ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਵਧਾਉਣ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਡਾ. ਬਲਵਿੰਦਰ ਸਿੰਘ ਸੈਣੀ, ਡਾਇਰੈਕਟਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਧਿਆਪਕਾਂ ਦਾ ਮੁੱਖ ਧਿਆਨ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀਆਂ ਸਕਿਲਜ਼ ਦੇ ਵਿਕਾਸ 'ਤੇ ਹੋਣਾ ਚਾਹੀਦਾ ਹੈ। ਸੈਸ਼ਨ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ, ਪ੍ਰੋ. ਰਾਜ ਕੁਮਾਰ, ਡਾ. ਜਤਿੰਦਰ ਸਿੰਘ, ਪਰਮਿੰਦਰ ਸਿੰਘ ਸੈਣੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਪੰਜਵਾਂ ਦਿਨ ਸਿੱਖਿਆ ਵਿੱਚ ਨਵੀਨਤਾ, ਟੈਕਨੋਲੋਜੀ ਅਤੇ ਸਕਿਲ-ਅਧਾਰਿਤ ਸਿੱਖਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੋਇਆ ਬਹੁਤ ਹੀ ਪ੍ਰੇਰਨਾਦਾਇਕ ਅਤੇ ਸਫਲ ਰਿਹਾ।

# ਕੋਟ ਮੁਹੰਮਦ ਖਾਂ ਵਿਖੇ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ



**ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)**-ਕਾਮਰੇਡ ਡਾ: ਗੁਰਚਰਨ ਗਾਂਧੀ ਦੀ ਅਗਵਾਈ ਹੇਠ ਇਲਾਕੇ ਦੇ ਮਜ਼ਦੂਰਾਂ ਇਕੱਠੇ ਹੋ ਕੇ ਪਿੰਡ ਕੋਟ ਮੁਹੰਮਦ ਖਾਂ ਵਿਖੇ ਮਜ਼ਦੂਰ ਦਿਵਸ ਬੜੇ ਉਤਸ਼ਾਹ ਮਨਾਇਆ ਗਿਆ। ਸਮਾਗਮ ਦੌਰਾਨ ਕਾਮਰੇਡ ਗੁਰਚਰਨ ਗਾਂਧੀ ਅਤੇ ਸਾਥੀ ਮਜ਼ਦੂਰਾਂ ਵੱਲੋਂ ਲਾਲ ਝੰਡੇ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਅਤੇ ਮਜ਼ਦੂਰ ਸਾਥੀਆਂ ਨੇ ਆਪਣੇ ਹੱਕਾਂ ਦੀ ਰਾਖੀ ਅਤੇ ਏਕਤਾ ਦਾ ਪ੍ਰਣ ਲਿਆ।ਇਸ ਮੌਕੇ ਕਾਮਰੇਡ ਡਾ: ਗੁਰਚਰਨ ਗਾਂਧੀ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜ਼ਦੂਰ ਦਿਵਸ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜਿਨ੍ਹਾਂ ਨੇ ਮਜ਼ਦੂਰ ਜਮਾਤ ਲਈ ਅੱਠ ਘੰਟੇ ਕੰਮ ਦੀ ਦਿਹਾੜੀ ਅਤੇ ਹੋਰ ਮੁੱਢਲੀਆਂ ਸਹੂਲਤਾਂ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ।ਉਨ੍ਹਾਂ ਕਿਹਾ ਅਜੋਕੇ ਸਮੇਂ ਦੌਰਾਨ ਵੀ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਇੱਕਜੁੱਟ ਹੋਣ ਦੀ ਬਹੁਤ ਲੋੜ ਹੈ ਤਾਂ ਜੋ ਆਪਣੇ ਹੱਕੀ ਮੰਗਾਂ ਲਈ ਮਨਵਾਉਣ ਲਈ ਆਵਾਜ਼ ਬੁਲੰਦ ਕੀਤੀ ਜਾ ਸਕੇ।ਇਸ ਮੌਕੇ ਕਾਮਰੇਡ ਗੁਰਚਰਨ ਗਾਂਧੀ ਅਤੇ ਸਾਥੀਆਂ ਵੱਲੋਂ ਸਾਮਰਾਜ ਮੁਰਦਾਬਾਦ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ।

# ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਕੂਲਾਂ 'ਚ ਬਿਜ਼ਨੈੱਸ ਬਲਾਸਟਰ ਪ੍ਰੋਗਰਾਮ ਦੀ ਸ਼ੁਰੂਆਤ



**ਧਾਰੀਵਾਲ, (ਮਨਦੀਪ ਵਿੱਕੀ)**-ਪੰਜਾਬ ਸਰਕਾਰ ਵਲੋਂ ਵਲੋਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਵਾਸਤੇ ਵੱਖ ਵੱਖ ਤਰਾਂ ਦੇ ਪ੍ਰੋਗ੍ਰਾਮ ਉਲੀਕੇ ਜਾਂਦੇ ਹਨ, ਜਿਸ ਤਹਿਤ ਪੂਰੇ ਪੰਜਾਬ ਵਿੱਚ ਵਿਦਿਆਰਥੀਆਂ ਨੂੰ ਸਵੈ ਰੋਜਗਾਰ ਅਪਨਾਉਣ ਲਈ ਬਿਜਨਸ ਬਲਾਸਟਰ ਪ੍ਰੋਗ੍ਰਾਮ ਦੀ ਸ਼ੁਰੂਆਤ ਕੀਤੀ ਗਈ ਹੈ ।ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ) ਮੈਡਮ ਪਰਮਜੀਤ ਅਤੇ ਜ਼ਿਲ੍ਹਾ ਨੋਡਲ ਅਫਸਰ, ਬਿਜ਼ਨੈੱਸ ਬਲਾਸਟਰ ਅਮਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਵਿਭਾਗੀ ਹਦਾਇਤਾਂ ਮੁਤਾਬਿਕ ਜਿਲੇ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਬਿਜ਼ਨੈੱਸ ਬਲਾਸਟਰ ਮੇਲੇ ਦਾ ਆਯੋਜਨ ਕੀਤਾ ਗਿਆ ।ਨੋਡਲ ਅਫਸਰ ਸ: ਪੁਰੇਵਾਲ ਨੇ ਦੱਸਿਆ ਕਿ ਬਿਜ਼ਨੈੱਸ ਬਲਾਸਰ ਅਧੀਨ ਦੋ ਫੇਜ਼ ਹੁੰਦੇ ਹਨ। ਪਹਿਲਾ ਪ੍ਰੀਸੀਡ ਮਨੀ ਫੇਜ਼ ਅਤੇ ਦੂਸਰਾ ਪੋਸਟ ਸੀਡ ਮਨੀ ਫੇਜ਼ ।ਪਹਿਲੇ ਫੇਜ਼ ਵਿੱਚ ਵਿਦਿਆਰਥੀਆਂ ਨੂੰ ਟੀਮ ਵਰਕ ਤਹਿਤ ਆਪਣੇ ਮਨਪਸੰਦੀ ਦੇ ਕਾਰੋਬਾਰ ਦੀ ਚੋਣ ਕਰਨੀ ਹੁੰਦੀ ਹੈ ਜਿਸ ਵਿੱਚ ਵਿਦਿਆਰਥੀਆਂ ਦੀ ਰੁਚੀ ਹੁੰਦੀ ਹੈ ਅਤੇ ਉਨ੍ਹਾਂ ਵੱਲੋਂ ਉਸ ਸੰਬੰਧੀ ਮਾਰਕੀਟ ਵਿੱਚ ਜਾ ਕੇ ਜਾਣਕਾਰੀ ਇਕੱਠੀ ਕਰਨੀ ਹੁੰਦੀ ਹੈ ਤਾਂ ਜੋ ਉਨ੍ਹਾਂ ਨੂੰ ਕੋਈ ਵੀ ਬਿਜ਼ਨੈੱਸ ਸ਼ੁਰੂ ਕਰਨ ਤੋਂ ਪਹਿਲਾਂ ਉਸ ਬਿਜ਼ਨੈੱਸ ਦੇ ਪਾਜ਼ੀਟਿਵ ਅਤੇ ਨੈਗੇਟਿਵ ਪੱਖਾਂ ਬਾਰੇ ਭਰਪੂਰ ਜਾਣਕਾਰੀ ਮਿਲ ਸਕੇ ।ਇਸ ਪ੍ਰਾਜੈਕਟ ਤਹਿਤ ਜ਼ਿਲ੍ਹੇ ਦੇ ਸਮੂਹ 117 ਸੀਨੀਅਰ ਸੈਕੰਡਰੀ ਸਕੂਲਾਂ ਨੂੰ ਕਵਰ ਕੀਤਾ ਗਿਆ ਹੈ ।ਪ੍ਰਤੀ ਟੀਮ ਵਿੱਚ 06 ਵਿਦਿਆਰਥੀਆਂ ਦੀ ਹੁੰਦੀ ਹੈ ਜੋ ਆਪਸ ਵਿੱਚ ਮਿਲ ਕੇ ਕੰਮ ਕਰਦੀ ਹੈ । ਵਿਭਾਗ ਵੱਲੋਂ ਇਸ ਕੰਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਤੀ ਵਿਦਿਆਰਥੀ 1000 ਰੁਪਏ ਦੇ ਹਿਸਾਬ ਨਾਲ ਸੀਡ ਮਨੀ ਦੀ ਰਾਸ਼ੀ ਕੀਤੀ ਜਾਂਦੀ ਹੈ, ਜਿਸ ਤਹਿਤ ਪਹਿਲੀ ਕਿਸ਼ਤ ਦੌਰਾਨ 9322 ਵਿਦਿਆਰਥੀਆਂ ਨੂੰ 9322422 ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ ।ਹੁਣ ਉਨ੍ਹਾਂ ਵੱਲੋਂ ਇਸ ਸੀਡ ਮਨੀ ਦੀ ਵਰਤੋਂ ਕਰਦੇ ਹੋਏ ਆਪਣੇ ਆਪਣੇ ਸਕੂਲਾਂ ਵਿੱਚ ਬਿਜ਼ਨੈੱਸ ਬਲਾਸਟਰ ਮੇਲਾ ਲਾਇਆ ਗਿਆ, ਜਿਸ ਵਿੱਚ ਜਿਲਾ ਨੋਡਲ ਅਫਸਰ ਸ: ਅਮਰਜੀਤ ਸਿੰਘ ਪੁਰੇਵਾਲ ਅਤੇ ਜੋਨਲ ਕੋਆਰਡੀਨੇਟਰ ਆਕਾਸ਼ ਵਲੋਂ ਸਸਸਸ ਕਾਲਾ ਨੰਗਲ ਅਤੇ ਸਸਸਸ ਜੌੜਾ ਛੱਤਰਾਂ ਆਦਿ ਸਕੂਲਾਂ ਨੂੰ ਵਿਜਟ ਕੀਤਾ ਗਿਆ । ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਵਲੋਂ ਖਾਣ ਪੀਣ ਦੇ ਸਟਾਲ, ਘਰੇਲੂ ਵਰਤੋਂ ਦੀਆਂ ਵੱਖ-ਵੱਖ ਆਈਟਮਾਂ ਅਤੇ ਹੱਥੀ ਤਿਆਰ ਕੀਤੀਆਂ ਵਸਤੂਆਂ ਆਦਿ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ, ਜਿਸ ਵਿੱਚ ਸਮੂਹ ਵੱਲੋਂ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਗਿਆ ।ਉਨ੍ਹਾਂ ਵਲੋਂ ਆਪਣੇ ਤਿਆਰ ਕੀਤੇ ਸਮਾਨ ਨੂੰ ਖੁਦ ਵੇਚ ਕੇ ਬਣਦਾ ਲਾਭ ਆਪਸ ਵਿੱਚ ਵੰਡਣ ਨਾਲ ਆਤਮ ਨਿਰਭਰਤਾ ਵਾਲਾ ਗੁਣ ਪੈਦਾ ਹੋਵੇਗਾ ।ਇਸ ਤਰਾਂ ਨਾਲ ਉਨ੍ਹਾਂ ਵਿੱਚ ਬਿਜ਼ਨੈੱਸ ਕਰਨ ਦੀ ਲਗਨ ਪੈਦਾ ਹੋਵੇਗੀ ਅਤੇ ਉਹ ਭਵਿੱਖ ਵਿੱਚ ਕੋਈ ਵੀ ਬਿਜ਼ਨੈੱਸ ਕਰਨ ਲਈ ਵਿੱਚ ਕਿਸੇ ਕਿਸਮ ਦਾ ਗੁਰੇਜ਼ ਨਹੀਂ ਕਰਨਗੇ ।ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਨੌਕਰੀਆਂ ਦੀ ਇੰਤਜਾਰ ਕਰਨ ਦੀ ਬਜਾਏ ਬਿਜ਼ਨੈੱਸ ਨੂੰ ਅਪਨਾਉਣਾ ਹੋਵੇਗਾ।ਉਨ੍ਹਾਂ ਕਿਹਾ ਕਿ ਇਸ ਨਾਲ ਉਨ੍ਹਾਂ ਦਾ ਮੰਤਵ ਜਾਬ ਸੀਕਰ ਨਹੀਂ ਬਲਕਿ ਉਦਯੋਗਪਤੀ ਬਣਨਾ ਹੈ।

# ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ 'ਚ ਕ੍ਰੈੱਚ ਵਰਕਰਾਂ ਦੇ ਰਲੇਵੇਂ ਨਾਲ ਜਥੇਬੰਦੀ ਮਜ਼ਬੂਤ ਹੋਈ: ਛੀਨਾ/ਚਾਹਲ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੀ ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਨਾਲ ਕ੍ਰੈੱਚ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੀ ਪ੍ਰਧਾਨ ਰਾਜਵਿੰਦਰ ਕੌਰ ਤੇ ਹੋਰ ਆਗੂਆਂ ਦੀ ਅਹਿਮ ਮੀਟਿੰਗ ਹੋਈ। ਸਰਵ ਆਂਗਣਵਾੜੀ ਯੂਨੀਅਨ ਦੀ ਜ਼ਿਲ੍ਹਾ ਗੁਰਦਾਸਪੁਰ ਦੀ ਪ੍ਰਧਾਨ ਕਵਲਜੀਤ ਕੌਰ ਚਾਹਲ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਪ੍ਰਧਾਨ ਬਲਜਿੰਦਰ ਕੌਰ ਦੀ ਪ੍ਰੇਰਨਾ ਸਦਕਾ ਹੋਈ ਮੀਟਿੰਗ ਦੌਰਾਨ ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਨੇ ਕ੍ਰੈੱਚ ਆਂਗਣਵਾੜੀ ਵਰਕਰਾਂ/ਹੈਲਪਰਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਗੰਭੀਰਤਾ ਨਾਲ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ/ਹੈਲਪਰਾਂ ਦੀਆਂ ਮੰਗਾਂ/ਮਸ਼ਲਿਆਂ ਦੇ ਹੱਲ ਕਰਵਾਉਣ ਲਈ ਉਨ੍ਹਾਂ ਦੀ ਜਥੇਬੰਦੀ ਹਮੇਸ਼ਾ ਯਤਨਸ਼ੀਲ ਹੈ। ਜ਼ਿਲ੍ਹਾ ਪ੍ਰਧਾਨ ਕਵਲਜੀਤ ਕੌਰ ਚਾਹਲ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਬਲਜਿੰਦਰ ਕੌਰ ਨੇ ਦੱਸਿਆ ਇਸ ਮੌਕੇ ਕ੍ਰੈੱਚ ਵਰਕਰ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਕੌਰ ਨੇ ਕ੍ਰੈਚ ਵਰਕਰਾਂ ਦੀ ਪੂਰੀ ਜ਼ਿਲ੍ਹਾ ਕਮੇਟੀ ਵਲੋਂ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਵਿੱਚ ਰਲੇਵਾਂ ਕਰਨ ਦਾ ਐਲਾਨ ਕੀਤਾ। ਸੂਬਾ ਪ੍ਰਧਾਨ ਮੈਡਮ ਛੀਨਾ ਨੇ ਜਥੇਬੰਦੀ ਵਿੱਚ ਆਉਣ 'ਤੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਜ਼ਿਲ੍ਹਾ ਗੁਰਦਾਸਪੁਰ ਦੀਆਂ 60-70 ਕ੍ਰੈਚ ਵਰਕਰਾਂ ਦਾ ਜਥੇਬੰਦੀ ਵਿੱਚ ਆਉਣ ਨਾਲ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਨੂੰ ਹੋਰ ਮਜ਼ਬੂਤੀ ਮਿਲੀ ਹੈ। ਇਸ ਮੌਕੇ ਕ੍ਰੈਚ ਕਮੇਟੀ ਮੈਂਬਰ ਤਨਜੋਤ ਕੌਰ, ਪਰਮਪੀਤ ਕੌਰ, ਹਰਜਿੰਦਰ ਕੌਰ ਆਦਿ ਵੀ ਸ਼ਾਮਲ ਸਨ।

# ਕਣਕ ਦੀ ਖਰੀਦ ਦੇ ਨਾਂਅ 'ਤੇ ਪੰਜਾਬ 'ਚ ਖੁੱਲ੍ਹੀ ਲੁੱਟ ਹੋ ਰਹੀ : ਔਜਲਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸਰਹੱਦੀ ਖੇਤਰ ਅਜਨਾਲਾ ਦੀਆਂ ਮੰਡੀਆਂ ਵਿੱਚ ਪਹੁੰਚੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਣਕ ਖਰੀਦ, ਲਿਫਟਿੰਗ ਅਤੇ ਟਰਾਂਸਪੋਰਟ ਸਿਸਟਮ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਅਧਿਕਾਰੀਆਂ 'ਤੇ ਤਿੱਖਾ ਹਮਲਾ ਬੋਲਿਆ। ਔਜਲਾ ਨੇ ਦੋਸ਼ ਲਗਾਇਆ ਕਿ ਕਿਸਾਨਾਂ ਦੀ ਮਿਹਨਤ ਦੀ ਫਸਲ ਅਤੇ ਟੈਕਸ ਭਰਨ ਵਾਲੇ ਲੋਕਾਂ ਦੇ ਪੈਸਿਆਂ 'ਤੇ ਸੁਚੱਜੇ ਢੰਗ ਨਾਲ ਖੇਡ ਖੇਡੀ ਜਾ ਰਹੀ ਹੈ, ਜਦਕਿ ਮੰਡੀਆਂ ਵਿੱਚ ਕਿਸਾਨ, ਆੜ੍ਹਤੀ, ਮਜ਼ਦੂਰ ਅਤੇ ਟਰੱਕ ਡਰਾਈਵਰ ਪਰੇਸ਼ਾਨ ਘੁੰਮ ਰਹੇ ਹਨ।ਅਜਨਾਲਾ ਖੇਤਰ ਦੀਆਂ ਕੁੱਕੜਾਂਵਾਲਾ, ਰਾਜਾਸਾਂਸੀ, ਖਤਰਾਈ ਕਲਾਂ, ਚੱਕ ਸਿਕੰਦਰ, ਚਮਿਆਰੀ, ਸੁਧਾਰ, ਅਵਾਨ, ਗੱਗੋਮਾਲ ਅਤੇ ਅਜਨਾਲਾ ਸਮੇਤ ਕਈ ਮੰਡੀਆਂ ਦਾ ਦੌਰਾ ਕਰਨ ਤੋਂ ਬਾਅਦ ਔਜਲਾ ਨੇ ਕਿਹਾ ਕਿ ਪੂਰੇ ਸਿਸਟਮ ਦੀ ਹਾਲਤ ਬਹੁਤ ਮਾੜੀ ਹੈ।ਮੰਡੀਆਂ ਵਿੱਚ ਕਣਕ ਦੇ ਅੰਬਾਰ ਲੱਗੇ ਹੋਏ ਹਨ ਪਰ ਲਿਫਟਿੰਗ ਨਾਮਾਤਰ ਹੋ ਰਹੀ ਹੈ।ਔਜਲਾ ਨੇ ਕਿਹਾ ਕਿ ਕਣਕ ਦੀ ਖਰੀਦ ਕੇਂਦਰ ਸਰਕਾਰ ਦੇ ਪੈਸਿਆਂ ਨਾਲ ਹੁੰਦੀ ਹੈ ਅਤੇ ਫੂਡ ਸਿਵਲ ਸਪਲਾਈ ਐਂਡ ਕੰਜ਼ਿਊਮਰ ਅਫੇਅਰਜ਼ ਵਿਭਾਗ ਇਸ ਲਈ ਜ਼ਿੰਮੇਵਾਰ ਹੈ।ਮਜ਼ਦੂਰੀ, ਟਰਾਂਸਪੋਰਟ, ਲੋਡਿੰਗ-ਅਨਲੋਡਿੰਗ ਅਤੇ ਵੇਅਰਹਾਊਸ ਤੱਕ ਦਾ ਸਾਰਾ ਖਰਚਾ ਵੀ ਕੇਂਦਰ ਸਰਕਾਰ ਚੁੱਕਦੀ ਹੈ, ਪਰ ਇਸਦੇ ਬਾਵਜੂਦ ਪੰਜਾਬ ਵਿੱਚ ਕਰੋੜਾਂ ਰੁਪਏ ਦਾ ਖੇਡ ਚੱਲ ਰਿਹਾ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਟਰਾਂਸਪੋਰਟ ਦੇ ਟੈਂਡਰ ਅਜਿਹੇ ਲੋਕਾਂ ਨੂੰ ਦਿੱਤੇ ਗਏ ਹਨ ਜਿਨ੍ਹਾਂ ਕੋਲ ਟਰੱਕ ਤੱਕ ਨਹੀਂ ਹਨ।ਟੈਂਪੂ, ਥ੍ਰੀ-ਵ੍ਹੀਲਰ, ਸਕੂਟਰ, ਕਾਰਾਂ ਅਤੇ ਮੋਟਰਸਾਈਕਲਾਂ ਦੀਆਂ ਆਰ. ਸੀ. ਲਗਾ ਕੇ ਕਰੋੜਾਂ ਦੇ ਟੈਂਡਰ ਲਏ ਗਏ।ਜਦੋਂ ਮੰਡੀਆਂ ਵਿੱਚ ਟਰੱਕਾਂ ਦੀ ਲੋੜ ਪੈਂਦੀ ਹੈ ਤਾਂ ਕੋਈ ਗੱਡੀ ਨਜ਼ਰ ਨਹੀਂ ਆਉਂਦੀ। ਔਜਲਾ ਨੇ ਕਿਹਾ ਕਿ ਕਣਕ ਜੰਡਿਆਲਾ, ਢਾਂਗਰਾ, ਟਾਂਗਰਾ ਰੋਡ, ਭਗਤਾਂਵਾਲਾ, ਨਵਾਂ ਪਿੰਡ ਅਤੇ ਮਜੇਠਾ ਦੇ ਵੇਅਰਹਾਊਸਾਂ ਵਿੱਚ ਭੇਜੀ ਜਾ ਰਹੀ ਹੈ, ਪਰ ਉਥੇ ਵੀ ਭ੍ਰਿਸ਼ਟਾਚਾਰ ਅਤੇ ਅਵਿਵਸਥਾ ਦਾ ਮਾਹੌਲ ਹੈ। ਉਨ੍ਹਾਂ ਦੋਸ਼ ਲਗਾਇਆ ਕਿ 'ਪੈਸੇ ਦਿਓ ਨਹੀਂ ਤਾਂ ਟਰੱਕ ਵਾਪਸ ਕਰ ਦਿਆਂਗੇ' ਵਰਗੇ ਸੁਨੇਹੇ ਖੁੱਲ੍ਹੇਆਮ ਭੇਜੇ ਜਾ ਰਹੇ ਹਨ।

# ਸੂਬਾ ਸਰਕਾਰ ਪੈਨਸ਼ਨਰ ਤੇ ਮੁਲਾਜ਼ਮ ਵਿਰੋਧੀ : ਅਜਨਾਲਾ



**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਗੌਰਮਿੰਟ ਪੈਨਸ਼ਨ ਯੂਨੀਅਨ ਅੰਮ੍ਰਿਤਸਰ (ਸੀਟੂ) ਦੀ ਮੀਟਿੰਗ ਸਾਥੀ ਜਰਨੈਲ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਕੰਪਨੀ ਬਾਗ਼ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਸੁੱਚਾ ਸਿੰਘ ਅਜਨਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਡੀਏ ਦੀਆਂ ਕਿਸ਼ਤਾਂ ਨਾ ਦੇਣਾ ਪੈਨਸ਼ਨਰ ਅਤੇ ਮੁਲਾਜ਼ਮ ਵਿਰੋਧੀ ਹੋਣ ਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਗਰੀਬ ਵਰਕਰਾਂ ਦਾ ਡੀਏ ਜਾਮ ਕਰਨਾ ਤੇ ਭੱਠਾ ਵਰਕਰਾਂ ਨੂੰ ਇਸ ਕਾਨੂੰਨ ਤੋਂ ਬਾਹਰ ਰੱਖਣਾ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਨੇ ਵੀ ਕੇਂਦਰੀ ਸਰਕਾਰ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਗਰੀਬਾਂ ਦੇ ਚੁੱਲ੍ਹੇ ਠੰਢੇ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਤੇ ਗ੍ਰੇਡ ਰਿਵੀਜ਼ਨ 2.59 ਗੁਨਾਕ ਨਾਲ ਕਰਵਾਉਣ ਲਈ ਆਉਣ ਵਾਲੇ ਸਮੇਂ ਵਿਚ ਸੰਘਰਸ਼ ਤੇਜ਼ ਕੀਤਾ ਜਵੇਗਾ। ਉਨ੍ਹਾਂ ਕਿਹਾ ਕਿ 3/5/2026 ਤਕ ਪੈਨਸ਼ਨਾਂ ਖਾਤਿਆਂ ਵਿਚ ਨਹੀਂ ਪਾਈਆਂ ਗਈਆਂ, ਜਿਸ ਕਰਕੇ ਵਰਕਰਾਂ ਵਿਚ ਹਾਹਾਕਾਰ ਮੱਚੀ ਹੋਈ ਹੈ। ਇਸ ਮੌਕੇ ਸਾਥੀ ਜਰਨੈਲ ਸਿੰਘ ਢਿੱਲੋਂ ਤੋਂ ਇਲਾਵਾ ਸਵਿੰਦਰ ਸਿੰਘ ਅਦਲੀਵਾਲ, ਸਵਿੰਦਰ ਸਿੰਘ ਮੀਰਾਂਕੋਟ, ਧਿਆਨ ਚੰਦ, ਨੰਬਰਦਾਰ ਸੇਵਾ ਸਿੰਘ, ਗੁਰਦੀਪ ਸਿੰਘ, ਪ੍ਰਕਾਸ਼ ਸਿੰਘ, ਦਿਲਜੀਤ ਭੋਮਾ, ਸੁਲੱਖਣ ਸਿੰਘ, ਬਲਦੇਵ ਸਿੰਘ, ਬਲਜਿੰਦਰ ਸਿੰਘ, ਕੁਲਦੀਪ ਸਿੰਘ, ਪਰਮਜੀਤ ਸਿੰਘ, ਭੁਪਿੰਦਰ ਸਿੰਘ, ਮਨਜੀਤ ਸਿੰਘ, ਦਵਿੰਦਰ ਪਾਲ ਆਦਿ ਹਾਜ਼ਰ ਸਨ।

# ਸ਼ੈਰੀ ਕਲਸੀ ਨੇ ਸੁੰਦਰ ਨਗਰ 'ਚ ਐੱਲ ਈ ਡੀ ਸਟ੍ਰੀਟ ਲਾਈਟ ਲਾਉਣ ਦਾ ਕੀਤਾ ਉਦਘਾਟਨ



**ਬਟਾਲਾ, (ਤਰਲੋਕ ਬੱਗਾ)**-ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਦੀਆਂ ਵੱਖ ਵੱਖ ਵਾਰਡਾਂ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤਹਿਤ ਵਾਰਡ ਨੰਬਰ 49 ਸੁੰਦਰ ਨਗਰ ਵਿਖੇ ਐੱਲ. ਈ. ਡੀ. ਸਟ੍ਰੀਟ ਲਾਈਟ ਲਾਉਣ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਗੁਰਜੀਤ ਸਿੰਘ ਅਤੇ ਵਾਰਡ ਵਾਸੀ ਮੌਜੂਦ ਸਨ। ਵਾਰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜ਼ ਗਤੀ ਨਾਲ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਬਟਾਲੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਤੇ ਦਹਾਕਿਆਂ ਤੋਂ ਮੁਸ਼ਕਿਲਾਂ ਨਾਲ ਜੂਝ ਰਹੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਇੱਕ ਛੱਤ ਹੇਠਾਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਪੁਲਸ ਲਾਈਨ ਬਟਾਲਾ ਵਿਖੇ ਨਵੇਂ ਤਹਿਸੀਲ ਕੰਪਲੈਕਸ ਬਟਾਲਾ ਦਾ ਉਦਘਾਟਨ ਕੀਤਾ ਗਿਆ ਸੀ ਅਤੇ ਜ਼ਿਲ੍ਹਾ ਪੁਲਸ ਦਫਤਰ ਬਟਾਲਾ ਦੀ 5 ਮੰਜ਼ਿਲੀ ਨਵੀਂ ਇਮਾਰਤ ਬਣਾਉਣ ਦੀ ਸ਼ੁਰੂਆਤ ਕੀਤੀ ਗਈ ਹੈ।ਸਕੂਲ ਆਫ ਐਮੀਨੈਂਸ ਦੀ ਉਸਾਰੀ ਕਰਵਾਈ ਗਈ ਹੈ।ਲੋਕਾਂ ਨੂੰ ਘਰਾਂ ਦੇ ਨੇੜੇ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ।ਸ਼ਿਵ ਬਟਾਲਵੀ ਦਾ ਆਦਮ ਕੱਦ ਬੁੱਤ ਲਗਾਇਆ ਗਿਆ ਹੈ।ਸ਼ਹਿਰ ਅੰਦਰ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।ਇਸ ਮੌਕੇ ਸੁੰਦਰ ਨਗਰ ਵਸਨੀਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ।

# 'ਆਪ' ਦੇ ਹਮਾਇਤੀ ਰਹੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਮਾਨ ਸਰਕਾਰ ਨੇ ਸਾਰ ਨਹੀਂ ਲਈ : ਉਦੀਪੁਰ



**ਗੁਰਦਾਸਪੁਰ (ਜਨਕ ਮਹਾਜਨ)**-ਰਵਾਇਤੀ ਪਾਰਟੀਆਂ ਦੀਆਂ ਨੀਤੀਆਂ ਤੋ ਤੰਗ ਆ ਕੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਅਹਿਮ ਰੋਲ ਅਦਾ ਕੀਤਾ ਸੀ ਪਰ ਸਰਕਾਰ ਦਾਂ ਚਾਰ ਸਾਲ ਦੇ ਕਾਰਜਕਾਲ ਦਾਂ ਸਮਾਂ ਪੂਰੀ ਤਰ੍ਹਾਂ ਮੁਲਾਜ਼ਮ ਵਿਰੋਧੀ ਰਿਹਾ ਹੈ। ਮੁਲਾਜ਼ਮ ਅਤੇ ਪੈਨਸ਼ਨਰ ਆਪਣੇ ਆਪ ਨੂੰ ਠਗੇ ਹੋਏ ਮਹਿਸੂਸ ਕਰ ਰਹੇ ਹਨ ਕਿਉਂਕਿ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਮੁਲਾਜ਼ਮ ਅਤੇ ਪੈਨਸ਼ਨਰਾਂ ਨਾਲ ਮੰਗਾਂ ਸੰਬੰਧੀ ਵੱਡੇ-ਵੱਡੇ ਵਾਅਦੇ ਕੀਤੇ ਸਨ ਪਰ ਸਰਕਾਰ ਬਣਨ 'ਤੇ ਉਨ੍ਹਾਂ ਨੂੰ ਵਿਸਾਰ ਦਿੱਤਾ ਗਿਆ। ਇਹ ਜਾਣਕਾਰੀ ਦਿੰਦਿਆਂ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸਾਬਕਾ ਮੀਤ ਪ੍ਰਧਾਨ ਅਤੇ ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਦੇ ਆਗੂ ਕਾਮਰੇਡ ਬਲਵਿੰਦਰ ਸਿੰਘ ਉਦੀਪੁਰ ਨੇ ਦੱਸਿਆ ਕਿ ਸਰਕਾਰ ਨੇ ਆਉਂਦੇ ਹੀ ਮੁਲਾਜ਼ਮਾਂ ਨੂੰ ਮਿਲਦੇ ਭੱਤੇ ਬੰਦ ਕੀਤੇ, ਸਕੇਲਾਂ ਦਾ ਏਰੀਅਰ ਦੇਣ ਲਈ ਲਮਕ ਅਵਸਥਾ ਪੈਦਾ ਕੀਤੀ, ਪੱਕੀ ਭਰਤੀ ਕਰਨ ਦੀ ਥਾਂ ਆਊਟਸੋਰਸਿੰਗ, ਠੇਕੇਦਾਰੀ ਸਿਸਟਮ ਨੂੰ ਬੜ੍ਹਾਵਾ ਦਿੱਤਾ, ਡੀਏ ਨੂੰ ਕੇਂਦਰ ਨਾਲੋਂ ਡੀਲਿੰਕ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁਲਾਜ਼ਮ ਅਤੇ ਪੈਨਸ਼ਨਰਜ਼ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਸਾਥੀ ਉਦੀਪੁਰ ਨੇ ਦੱਸਿਆ ਕਿ ਮੁਲਾਜ਼ਮ ਅਤੇ ਪੈਨਸ਼ਨਰਜ਼ ਪਿਛਲੇ ਚਾਰ ਸਾਲ ਤੋਂ ਸਰਕਾਰ ਵਿਰੁੱਧ ਸੰਘਰਸ਼ ਕਰ ਰਹੇ ਹਨ ਪਰ ਸਰਕਾਰ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਸੰਘਰਸ਼ ਨੂੰ ਦਬਾਉਣ ਲਈ ਲੱਗੀ ਹੋਈ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਮੁਲਾਜ਼ਮਾਂ ਦੀਆਂ ਪੰਜ ਕਿਸ਼ਤਾਂ ਮਹਿੰਗਾਈ ਭੱਤੇ ਦੀਆਂ ਰੋਕੀਆਂ ਹੋਈਆਂ ਹਨ। ਮੁਲਾਜ਼ਮਾਂ ਦੀਆਂ ਮੰਗਾਂ ਨੂੰ ਖ਼ਾਲੀ ਖਜ਼ਾਨਾ ਭਰਨ ਲਈ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਦੂਸਰੇ ਪਾਸੇ ਕਰੋੜਾਂ ਰੁਪਏ ਇਸ਼ਤਿਹਾਰਬਾਜ਼ੀ 'ਤੇ ਖ਼ਰਚੇ ਜਾ ਰਹੇ ਹਨ। ਮੁਲਾਜ਼ਮ ਆਗੂ ਨੇ ਦੱਸਿਆ ਕਿ ਸਰਕਾਰ ਡੀਏ ਸੰਬੰਧੀ ਹਾਈਕੋਰਟ ਦੇ ਫੈਸਲੇ ਨੂੰ ਲਾਗੂ ਕਰਨ ਦੀ ਬਜਾਏ ਮਜ਼ਦੂਰ ਜਮਾਤ ਦੇ ਪਵਿੱਤਰ ਦਿਹਾੜੇ ਤੇ ਹਾਈਕੋਰਟ ਵਿਚ ਰੀਵਿਊ ਪਟੀਸ਼ਨ ਪਾ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਡੀ ਏ ਰੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ ਜਿਸ ਕਾਰਨ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ।

# ਵਿਗਿਆਨ ਤੇ ਧਰਮ ਇੱਕ ਦੂਜੇ ਦੇ ਸਾਥੀ: ਮਿਰਜ਼ਾ ਮਸਰੂਰ ਅਹਿਮਦ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮੁਸਲਿਮ ਜਮਾਤ ਤੇ ਅਹਿਮਦੀਆ ਭਾਰਤ ਦੇ ਬੁਲਾਰੇ ਮੌਲਾਨਾ ਕੇ ਤਾਰਿਕ ਅਹਿਮਦ ਨੇ ਜਾਰੀ ਪ੍ਰੈੱਸ ਰਿਲੀਜ਼ ਰਾਹੀਂ ਦੱਸਿਆ ਕਿ ਅੰਤਰਰਾਸ਼ਟਰੀ ਮੁਸਲਿਮ ਜਮਾਤ ਅਹਿਮਦੀਆ ਦੇ ਪੰਜਵੇਂ ਰੂਹਾਨੀ ਖਲੀਫਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਨੇ ਫਰਮਾਇਆ ਕਿ ਹਜ਼ਰਤ ਮਸੀਹੇ ਮੌਊਦ ਅਲਿਹ ਸਲਾਮ ਨੇ ਫਰਮਾਇਆ ਸੀ ਕਿ ਇਨਸਾਨੀ ਗਿਆਨ ਅਤੇ ਰੌਸ਼ਨੀ ਅੱਲਾਹ ਵੱਲੋਂ ਆਉਂਦੀ ਹੈ, ਇਸ ਲਈ ਵਿਗਿਆਨਕ ਖੋਜਾਂ ਤੋਂ ਡਰਨ ਦੀ ਕੋਈ ਲੋੜ ਨਹੀਂ। ਉਨ੍ਹਾਂ ਨੇ ਆਪਣੇ ਮੰਨਣ ਵਾਲਿਆਂ ਨੂੰ ਆਧੁਨਿਕ ਵਿਗਿਆਨ ਸਿੱਖਣ ਦੀ ਤਾਕੀਦ ਕੀਤੀ ਅਤੇ ਇਹ ਸਪਸ਼ਟ ਕੀਤਾ ਕਿ ਤਰਕ ਅਤੇ ਅਕਲ ਇਸਲਾਮ ਦੀਆਂ ਸਿੱਖਿਆਵਾਂ ਦੇ ਬਿਲਕੁਲ ਅਨੁਕੂਲ ਹਨ। ਅਸਲ ਵਿੱਚ ਕੁਝ ਧਾਰਮਿਕ ਲੋਕਾਂ ਵੱਲੋਂ ਆਧੁਨਿਕ ਵਿਗਿਆਨ ਨੂੰ ਰੱਦ ਕਰਨ ਦਾ ਕਾਰਨ ਵਿਗਿਆਨਿਕ ਗਿਆਨ ਅਤੇ ਸਮਝ ਦੀ ਘਾਟ ਸੀ।

# ਰੁੱਖ ਲਾਉਣ ਤੇ ਪੰਛੀਆਂ ਦੀ ਦੇਖ-ਭਾਲ ਲਈ ਮੁਹਿੰਮ ਸ਼ੁਰੂ ਕਰਨ ਦੀ ਲੋੜ : ਬਲਜੀਤ ਸਿੰਘ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਮੌਜੂਦਾ ਗਰਮੀ ਦੇ ਤਪਦੇ ਦਿਨਾਂ ਦੌਰਾਨ ਵਾਤਾਵਰਨ ਦੀ ਰੱਖਿਆ ਅਤੇ ਪੰਛੀਆਂ ਦੀ ਸੰਭਾਲ ਲਈ ਲੋਕਾਂ ਨੂੰ ਰੁੱਖ ਲਗਾਉਣ ਅਤੇ ਪੰਛੀਆਂ ਦੀ ਦੇਖਭਾਲ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ ।ਇਨ੍ਹਾ ਗੱਲਾਂ ਦਾ ਪ੍ਰਗਟਾਵਾ ਯੂਨੀਵਰਸਲ ਡਿਵੈਲਪਮੈਂਟ ਐਂਡ ਅਵੇਰਨੈੱਸ ਆਫ ਨੇਸ਼ਨ (ਉਡਾਨ ਐਨਜੀਓ) ਦੇ ਪ੍ਰਧਾਨ ਬਲਜੀਤ ਸਿੰਘ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਦੌਰਾਨ ਕੀਤਾ ।ਡਾ. ਬਲਜੀਤ ਸਿੰਘ ਨੇ ਕਿਹਾ ਕਿ ਗਰਮੀ ਦੇ ਮੌਸਮ ਵਿੱਚ ਤਾਪਮਾਨ ਵੱਧ ਜਾਣ ਕਾਰਨ ਪੰਛੀਆਂ ਅਤੇ ਹੋਰ ਜੀਵਾਂ ਨੂੰ ਪਾਣੀ ਅਤੇ ਛਾਂ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਲੋਕਾਂ ਨੂੰ ਆਪਣੇ ਘਰ ਦੀ ਛੱਤਾਂ, ਗਲੀਆਂ ਵਿੱਚ ਪਾਣੀ ਦੇ ਬਰਤਨ ਰੱਖਣੇ ਅਤੇ ਦਾਣਾ ਪਾਉਣਾ ਚਾਹੀਦਾ ਹੈ ਅਤੇ ਨਾਲ ਹੀ ਵੱਧ ਤੋਂ ਵੱਧ ਰੁੱਖ ਲਗਾਏ ਜਾਣ, ਖਾਸ ਕਰਕੇ ਛਾਂਦਾਰ ਅਤੇ ਸਥਾਨਕ ਪ੍ਰਜਾਤੀਆਂ ਵਾਲੇ ਰੁੱਖ, ਜਿਵੇ ਨਿੰਮ, ਪੀਪਲ ਅਤੇ ਬਰਗਦ ਆਦਿ ।ਉਨ੍ਹਾਂ ਸਾਰੇ ਵਾਤਾਵਰਣ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਇਸ ਗਰਮੀ ਵਿੱਚ ਇੱਕ ਇੱਕ ਰੁੱਖ ਜ਼ਰੂਰ ਲਗਾਓ ਅਤੇ ਪੰਛੀਆਂ ਲਈ ਪਾਣੀ ਦਾ ਪ੍ਰਬੰਧ ਕਰੋ ਤਾਂ ਜੋ ਪ੍ਰਕ੍ਰਿਤੀ ਨਾਲ ਸਾਡਾ ਨਾਤਾ ਹੋਰ ਮਜ਼ਬੂਤ ਹੋ ਸਕੇ ਅਤੇ ਆਉਣ ਵਾਲੀ ਪੀੜ੍ਹੀ ਲਈ ਸਿਹਤਮੰਦ ਮਾਹੌਲ ਤਿਆਰ ਕੀਤਾ ਜਾ ਸਕੇ।

# ਸੰਵਿਧਾਨ ਬਚਾਓ ਸੰਘਰਸ਼ ਕਮੇਟੀ ਵੱਲੋਂ ਚੇਤਨਾ ਮਾਰਚ



**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਸੰਵਿਧਾਨ ਬਚਾਓ ਸੰਘਰਸ਼ ਕਮੇਟੀ ਪੰਜਾਬ ਵਲੋਂ ਸ਼ਿਕਾਗੋ ਦੇ ਸ਼ਹੀਦਾਂ ਅਤੇ ਡਾ. ਭੀਮ ਰਾਓ ਅੰਬੇਦਕਰ ਦੀ ਯਾਦ 'ਚ ਮੋਰਿੰਡਾ ਵਿਖੇ ਵਿਸ਼ਾਲ ਚੇਤਨਾ ਮਾਰਚ ਕੀਤਾ ਗਿਆ। ਇਸ ਚੇਤਨਾ ਮਾਰਚ ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ, ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ,ਐੱਸ ਸੀ,ਬੀ ਸੀ ਅਧਿਆਪਕ ਯੂਨੀਅਨ, ਡੈਮੋਕ੍ਰੇਟਿਕ ਟੀਚਰ ਯੂਨੀਅਨ, ਟੈਕਨੀਕਲ ਸਰਵਿਸਿਜ਼ ਯੂਨੀਅਨ ਸੀਟੂ, ਮਕੈਨੀਕਲ ਸਰਵਿਸ ਯੂਨੀਅਨ, ਰਾਮਦਾਸੀਆ ਵੈਲਫੇਅਰ ਸੁਸਾਇਟੀ, ਵਾਲਮੀਕਿ ਸਭਾ ਮੋਰਿੰਡਾ ਸਮੇਤ ਹੋਰ ਸਮਾਜਿਕ ਜਥੇਬੰਦੀਆਂ ਦੇ ਵਰਕਰ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਘਰਸ਼ ਕਮੇਟੀ ਦੇ ਸਰਪਰਸਤ ਹਰਮਿੰਦਰ ਸਿੰਘ ਲੱਕੀ ਤੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਦੁਮਣਾ ਨੇ ਦੱਸਿਆ ਕਿ ਇਸ ਮਾਰਚ ਦੀ ਅਗਵਾਈ ਸੰਘਰਸ਼ ਕਮੇਟੀ ਦੇ ਕਨਵੀਨਰ ਕਰਨੈਲ ਸਿੰਘ ਜੀਤ, ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਸਹਿ ਕਨਵੀਨਰ ਮੋਹਨ ਲਾਲ ਕਾਲਾ ਸਾਬਕਾ ਕੌਂਸਲਰ, ਕੁਲਵੀਰ ਸਿੰਘ ਸ੍ਰਪਰਸਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ, ਐਡਵੋਕੇਟ ਪਰਮਿੰਦਰ ਸਿੰਘ ਤੂਰ ਅਤੇ ਗੁਰਦਰਸ਼ਨ ਸਿੰਘ ਢੋਲਨ ਮਾਜਰਾ ਨੇ ਕੀਤੀ। ਉਹਨਾਂ ਦੱਸਿਆ ਕਿ ਇਹ ਚੇਤਨਾ ਮਾਰਚ ਅਰੰਭ ਕਰਨ ਤੋਂ ਪਹਿਲਾਂ ਡਾ ਭੀਮ ਰਾਓ ਅੰਬੇਦਕਰ ਕਮਿਊਨਟੀ ਹਾਲ ਵਿੱਖੇ ਵਿਸ਼ਾਲ ਰੈਲੀ ਕੀਤੀ ਗਈ ਜਿਸ ਨੂੰ ਉਪਰੋਕਤ ਆਗੂਆਂ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਪਹੁੰਚੇ ਲਖਵੀਰ ਸਿੰਘ ਬਡਾਲਾ, ਕ੍ਰਿਪਾਲ ਸਿੰਘ ਮੁੰਡੀ ਖਰੜ ਐੱਸ ਸੀ ਬੀ ਸੀ ਟੀਚਰ ਯੂਨੀਅਨ ਦੇ ਆਗੂ ਸੁਸ਼ੀਲ ਕੁਮਾਰ ਕਾਈਨੌਰ, ਡੈਮੋਕ੍ਰੇਟਿਕ ਟੀਚਰ ਯੂਨੀਅਨ ਫਰੰਟ ਦੇ ਜ਼ਿਲ੍ਹਾ ਜਨਰਲ ਸਕੱਤਰ ਜਤਿੰਦਰ ਸਿੰਘ ਜੀਤ, ਕੈਪਟਨ ਕਰਮਜੀਤ ਸਿੰਘ ਬਡਵਾਲੀ,ਕਾ. ਕਾਕਾ ਰਾਮ, ਸਤਵਿੰਦਰ ਸਿੰਘ ਸੱਤੀ, ਸੰਤੋਸ਼ ਕੁਮਾਰ ਆਗੂ ਭੀਮ ਆਰਮੀ, ਅਵਤਾਰ ਸਿੰਘ ਰੰਗਰਾ ਆਦਿ ਆਗੂਆਂ ਨੇ ਸੰਬੋਧਨ ਕੀਤਾ। ਚੇਤਨਾ ਮਾਰਚ ਡਾ, ਭੀਮ ਰਾਓ ਅੰਬੇਦਕਰ ਹਾਲ ਤੋਂ ਅਰੰਭ ਹੋ ਕੇ ਵੱਖ ਵੱਖ ਮੁਖ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਵਿਸ਼ਵਕਰਮਾ ਚੌਂਕ ਵਿਖੇ ਸਮਾਪਤ ਹੋਇਆ। ਇਸ ਮੌਕੇ ਸਮੂਹ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਦੀਆਂ ਮਜ਼ਦੂਰ, ਮੁਲਾਜ਼ਮ,ਦਲਿਤ ਅਤੇ ਪਛੜੇ ਵਰਗਾਂ ਵਿਰੋਧੀ ਨੀਤੀਆਂ ਦੀ ਕਰੜੀ ਅਲੋਚਨਾਂ ਕਰਦਿਆਂ ਆਖਿਆ ਕਿ ਕੇਂਦਰ ਸਰਕਾਰ ਵਲੋਂ ਨਿਆਂ ਪਾਲਿਕਾ ਰਾਹੀਂ ਸੰਵਿਧਾਨ ਨਾਲ ਛੇੜ ਛਾੜ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਹੋਰਨਾਂ ਤੋਂ ਇਲਾਵਾ ਡਾ. ਦਿਲਬਾਗ ਸਿੰਘ, ਬਲਾਕ ਸੰਮਤੀ ਮੈਂਬਰ ਜਸਮੇਰ ਸਿੰਘ ਮੁੰਡੀਆਂ, ਸਾਬਕਾ ਬਲਾਕ ਸੰਮਤੀ ਮੈਂਬਰ ਦਵਿੰਦਰ ਸਿੰਘ ਮਾਛੀਪੁਰ ਥੇੜੀ, ਤੇਜਿੰਦਰ ਸਿੰਘ ਸੋਨੂੰ ਅਤੇ ਹਰਕੀਰਤ ਸਿੰਘ ਮੜੌਲੀ ਕਲਾਂ ਬਲਾਕ ਸੰਮਤੀ ਮੈਂਬਰ, ਨਰਾਤਾ ਸਿੰਘ ਸਰਪੰਚ, ਜਸਵੀਰ ਸਿੰਘ ਸਰਪੰਚ, ਸੁਪਰਡੈਂਟ ਭਾਗ ਸਿੰਘ ਮਕੜੌਨਾ, ਥਾਣੇਦਾਰ ਰੇਸ਼ਮ ਸਿੰਘ, ਸੂਬੇਦਾਰ ਦਰਸ਼ਨ ਸਿੰਘ, ਜਸਵਿੰਦਰ ਸਿੰਘ, ਜਸਪਾਲ ਸਿੰਘ, ਗੁਰਮੁੱਖ ਸਿੰਘ ਸੰਤ ਨਗਰ, ਗੁਰਮੀਤ ਸਿੰਘ ਕਾਂਝਲਾ, ਪਰਮਜੀਤ ਸਿੰਘ, ਬਰਿੰਦਰ ਸਿੰਘ ਕਾਈਨੌਰ ਐੱਮ ਐੱਸ ਯੂ, ਬਲਜਿੰਦਰ ਸਿੰਘ ਟੀ ਐੱਸ ਯੂ, ਸਮਰਪਾਲ ਰੌਮੀ ਦੁਮਣਾ, ਮਾ. ਸਰਬਜੀਤ ਸਿੰਘ, ਮਾ ਅਮਰਜੀਤ ਸਿੰਘ, ਹੈਡਮਾਸਟਰ ਗੁਰਦੇਵ ਸਿੰਘ, ਮੇਜ਼ਰ ਸਿੰਘ,ਉਮ ਪ੍ਰਕਾਸ਼, ਜਗਤਾਰ ਸਿੰਘ ਘੋਲਾ ਆਦਿ ਵੱਖ ਵੱਖ ਸਮਾਜਿਕ ਅਤੇ ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਜੂਨੀਅਰ ਸਹਾਇਕ ਜਸਵੰਤ ਸਿੰਘ ਦੀ ਸੇਵਾ-ਮੁਕਤੀ 'ਤੇ ਵਿਦਾਇਗੀ ਪਾਰਟੀ



**ਧਾਰੀਵਾਲ, (ਮਨਦੀਪ ਵਿੱਕੀ)**: ਕਮਾਡਿੰਗ ਅਫਸਰ ਕਰਨਲ ਕੇ. ਜੇ. ਐੱਸ. ਗਿੱਲ ਨੇ 22 ਪੰਜਾਬ ਬਟਾਲੀਅਨ ਐੱਨ ਸੀ ਸੀ ਬਟਾਲਾ ਵੱਲੋਂ ਜਸਵੰਤ ਸਿੰਘ ਜੂਨੀਅਰ ਸਹਾਇਕ ਨੂੰ ਉਨ੍ਹਾਂ ਦੀ ਸੇਵਾ-ਮੁਕਤੀ 'ਤੇ ਵਿਦਾਇਗੀ ਪਾਰਟੀ ਦਿੱਤੀ ਗਈ।ਇਸ ਮੌਕੇ ਕਮਾਡਿੰਗ ਅਫਸਰ ਕਰਨਲ ਗਿੱਲ ਨੇ ਕਿਹਾ ਕਿ ਜਸਵੰਤ ਸਿੰਘ ਜੂਨੀਅਰ ਸਹਾਇਕ ਦੀ ਪੋਸਟ ਤੇ ਕੰਮ ਕਰਦੇ ਹੋਏ ਆਪਣੀ ਡਿਊਟੀ ਇਮਾਨਦਾਰੀ ਅਤੇ ਪੂਰੀ ਮਿਹਨਤ ਲਗਨ ਨਾਲ ਨਿਭਾ ਕੇ ਬੇਦਾਗ ਸੇਵਾ ਮੁਕਤ ਹੋਏ ਹਨ।ਉਨ੍ਹਾਂ ਨੇ ਜਸਵੰਤ ਸਿੰਘ ਵੱਲੋਂ ਪਾਰਦਰਸ਼ੀ ਢੰਗ ਨਾਲ ਨਿਭਾਈਆਂ ਡਿਊਟੀਆਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।ਇਸ ਮੌਕੇ ਸੂਬੇਦਾਰ ਮੇਜਰ ਹਰਜਿੰਦਰ ਸਿੰਘ, ਸੂਬੇਦਾਰ ਅਵਤਾਰ ਸਿੰਘ, ਸੂਬੇਦਾਰ ਰਵਿੰਦਰ ਕੁਮਾਰ, ਸੂਬੇਦਾਰ ਜਗਤ ਪਾਲ, ਹਵਲਦਾਰ ਅਮਿਤ ਕੁਮਾਰ, ਰੱਛਪਾਲ ਸਿੰਘ, ਹਾਕਮ ਸਿੰਘ, ਸੁਪਰਡੈਂਟ ਸਰਵਨ ਸਿੰਘ, ਜੂਨੀਅਰ ਸਹਾਇਕ ਭੂਪਿੰਦਰ ਸਿੰਘ, ਗਗਨਦੀਪ, ਹਰਪਾਲ ਸਿੰਘ, ਰਾਜ ਰਾਣੀ, ਕੁਲਵਿੰਦਰ ਸਿੰਘ, ਡਰਾਈਵਰ ਭੂਪਿੰਦਰ ਸਿੰਘ, ਸੁੱਚਾ ਸਿੰਘ, ਹਰਭਜਨ ਸਿੰਘ, ਗੁਰਿੰਦਰ ਸਿੰਘ, ਸੁਖਦੇਵ ਰਾਜ, ਅਵਤਾਰ ਸਿੰਘ, ਬਲਵਿੰਦਰ ਸਿੰਘ, ਹਰਦੇਵ ਸਿੰਘ ਸਮੂਹ ਪੀ ਆਈ ਸਟਾਫ ਅਤੇ ਸਿਵਲ ਸਟਾਫ ਵੱਲੋਂ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ।

# 9 ਨੂੰ ਲੱਗੇਗੀ ਕੌਮੀ ਲੋਕ ਅਦਾਲਤ



**ਪੱਟੀ, (ਬਲਦੇਵ ਸਿੰਘ ਸੰਧੂ)**-ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ, ਨਵੀਂ ਦਿੱਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ ਐੱਸ ਨਗਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਅਤੇ ਸੈਸ਼ਨ ਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਕੰਵਲਜੀਤ ਸਿੰਘ ਬਾਜਵਾ ਵੱਲੋਂ ਜ਼ਿਲ੍ਹਾ ਪੱਧਰ ਅਤੇ ਸਬ ਡਵੀਜ਼ਨ ਪੱਧਰ ਤੇ ਸਾਲ 2026 ਦੀ ਦੂਜੀ ਕੌਮੀ ਲੋਕ ਅਦਾਲਤ ਦਾ ਆਯੋਜਨ 9 ਮਈ ਨੂੰ ਕੀਤਾ ਜਾ ਰਿਹਾ ਹੈ।ਇਸ ਲੋਕ ਅਦਾਲਤ ਸਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਤਰ੍ਹਾਂ ਦਾ ਉਪਰਾਲਾ ਕੀਤਾ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਸੀ.ਜੇ.ਐੱਮ-ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਮਿਸ ਕਿਰਨ ਜੋਤੀ ਨੇ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਸਮੇਂ-ਸਮੇਂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਹਨ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ ਅਤੇ ਅਦਾਲਤਾਂ ਵਿੱਚ ਚੱਲ ਰਹੇ ਫ਼ੌਜਦਾਰੀ, ਰਾਜ਼ੀਨਾਮੇ-ਯੋਗ ਅਤੇ ਪ੍ਰੀ-ਲਿਟੀਗੇਟਿਵ ਕੇਸਾਂ ਵਿੱਚ ਸਮਝੌਤੇ ਰਾਹੀਂ ਰਾਜ਼ੀਨਾਮਾ ਕਰਨ ਲਈ ਆਪਣੇ ਕੇਸ ਲੋਕ ਅਦਾਲਤ ਵਿੱਚ ਲਗਾ ਕੇ ਵੱਧ ਤੋਂ ਵੱਧ ਲਾਭ ਉਠਾ ਸਕਣ।

# ਮੇਰਾ ਮਕਸਦ ਲੋਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣਾ : ਅਕਸ਼ੈ ਸ਼ਰਮਾ



**ਛੇਹਰਟਾ, (ਮਨੋਜ ਕੁਮਾਰ)**: ਹਲਕਾ ਉੱਤਰੀ ਤੋਂ ਭਾਜਪਾ ਆਗੂ ਅਕਸ਼ੈ ਸ਼ਰਮਾ ਨੇ ਇਲਾਕੇ ਦੇ ਸਮੁੱਚੇ ਵਿਕਾਸ ਨੂੰ ਲੈ ਕੇ ਕਿਹਾ ਕਿ ਉਨ੍ਹਾਂ ਦਾ ਮਕਸਦ ਸਿਰਫ਼ ਗਲੀਆਂ ਤੇ ਸੜਕਾਂ ਬਣਾਉਣਾ ਨਹੀਂ, ਸਗੋਂ ਲੋਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਇਲਾਕੇ ਦਾ ਹਰ ਬੱਚਾ ਸਕੂਲ ਜਾਵੇਗਾ ਤੇ ਹਰ ਨੌਜਵਾਨ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋਵੇਗਾ, ਉਹੀ ਅਸਲ ਵਿਕਾਸ ਦਾ ਦਿਨ ਹੋਵੇਗਾ। ਅਕਸ਼ੈ ਸ਼ਰਮਾ ਨੇ ਕਿਹਾ ਕਿ ਸਿੱਖਿਆ ਸਮਾਜ ਨੂੰ ਅੱਗੇ ਲੈ ਜਾਣ ਦਾ ਸਭ ਤੋਂ ਵੱਡਾ ਸਾਧਨ ਹੈ ਤੇ ਉਹ ਚਾਹੁੰਦੇ ਹਨ ਕਿ ਹਲਕਾ ਉਤਰੀ ਦਾ ਹਰ ਨੌਜਵਾਨ ਵਧੀਆ ਸਿੱਖਿਆ ਹਾਸਲ ਕਰਕੇ ਚੰਗਾ ਰੁਜ਼ਗਾਰ ਪ੍ਰਾਪਤ ਕਰੇ। ਸਿਹਤ ਸਹੂਲਤਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮਜ਼ਦੂਰ ਤੇ ਆਮ ਵਰਗ ਦੇ ਲੋਕਾਂ ਨੂੰ ਵਧੀਆ ਇਲਾਜ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਤਰਜ਼ੀਹ ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਅਜਿਹਾ ਆਧੁਨਿਕ ਹਸਪਤਾਲ ਹੋਣਾ ਚਾਹੀਦਾ ਹੈ, ਜਿੱਥੇ ਮਰੀਜ਼ਾਂ ਨੂੰ ਇਲਾਜ ਦੌਰਾਨ ਬਾਹਰੋਂ ਦਵਾਈਆਂ ਖਰੀਦਣ ਦੀ ਲੋੜ ਨਾ ਪਵੇ ਤੇ ਹਰ ਵਿਅਕਤੀ ਨੂੰ ਇਲਾਜ ਦੀ ਸਹੂਲਤ ਮਿਲੇ। ਉਨ੍ਹਾਂ ਕਿਹਾ ਕਿ ਹਲਕਾ ਉੱਤਰੀ ਦਾ ਵਿਕਾਸ ਲੋਕਾਂ ਦੀਆਂ ਲੋੜਾਂ ਮੁਤਾਬਕ ਹੋਣਾ ਚਾਹੀਦਾ ਹੈ, ਜਿੱਥੇ ਸਿੱਖਿਆ, ਸਿਹਤ ਤੇ ਰੁਜ਼ਗਾਰ ਨੂੰ ਤਰਜ਼ੀਹ ਦਿੱਤੀ ਜਾਵੇ। 'ਮੇਰਾ ਬੂਥ ਸਭ ਤੋਂ ਮਜ਼ਬੂਤ' ਮੁਹਿੰਮ ਤਹਿਤ ਉਨ੍ਹਾਂ ਸ਼ਨਿਚਰਵਾਰ ਸ਼ਾਮ ਦਯਾਨੰਦ ਨਗਰ ਵਿਚ ਮੀਟਿੰਗ ਦੌਰਾਨ ਸਥਾਨਕ ਲੋਕਾਂ ਤੇ ਭਾਜਪਾ ਵਰਕਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਲੋਕਾਂ ਦੇ ਸਹਿਯੋਗ ਨਾਲ ਹਲਕਾ ਉੱਤਰੀ ਨੂੰ ਇਕ ਆਦਰਸ਼ ਤੇ ਵਿਕਸਿਤ ਇਲਾਕਾ ਬਣਾਉਣ ਲਈ ਉਹ ਲਗਾਤਾਰ ਯਤਨ ਕਰਦੇ ਰਹਿਣਗੇ।


# ਕਲਾਸੀਫਾਈਡ ਇਸ਼ਤਿਹਾਰ

## ਨਾਂਅ ਦੀ ਬਦਲੀ

ਮੈਂ, Amarjeet Singh ਪੁੱਤਰ ਪ੍ਰੇਮ ਸਿੰਘ, ਪਿੰਡ ਜਹਾਂਗੀਰ (ਧੂਰੀ) ਸੰਗਰੂਰ ਨੇ ਆਪਣਾ ਨਾਮ ਬਦਲ ਕੇ Amarjit Singh ਰੱਖ ਲਿਆ ਹੈ।

## Change of Name

I, RAJ D/O MR MEETA RAM WHOSE PERMANENT ADDRESS IN INDIA IS 105 LALE WALI, PO LADHWALI, JALANDHAR, PUNJAB 144007 AND NOW LIVING AT 94 WANDERERS AVENUE, WOLVERHAMPTON, WV2 3HW, UK HEREBY GIVE NOTICE OF MY INTENTION TO CHANGE MY NAME TO RAJ (GIVEN NAME) HEER (SURNAME). (U/I)

I, AKHIL S/O MR PAWAN SHARMA WHOSE PERMANENT ADDRESS IN INDIA IS V.P.O. SANCH, TEHSIL PUNDRI, KAITHAL, PIN: 136042, HARYANA, AND NOW LIVING AT 516 LONDON ROAD SOUTH, LOWESTOFT, NR33 0LE, UK HEREBY GIVE NOTICE OF MY INTENTION TO CHANGE MY NAME TO AKHIL SHARMA. (U/I)

I, MISS KULWINDER KAUR D/O BAGICHA SINGH SHERGILL WHOSE PERMANENT ADDRESS IN INDIA IS VILLAGE: LAYROYA, DIST: SBS NAGAR, 144507 PUNJAB AND NOW LIVING AT 36 CARLTON AVENUE, HAYES, UB3 4AE (UK) HEREBY GIVE NOTICE OF MY INTENTION TO CHANGE MY NAME TO KULWINDER KAUR SHERGILL. (U/I)

I, Nand Lal S/o Puran Singh R/o Ward No. 11, Batala Road Qadin, Tehsil Batala, Distt. Gurdaspur, Punjab declare that Nand Lal and Narinder Singh both names are one and the same person. Concerned Note.

I Dhiraj Chopra S/O Prem Sagar R/O Kothi No -33,Lane No -3 , Bank Colony, Model Town Jalandhar, Punjab Have Changed my Name From Dhiraj To Dheeraj Chopra. All concerned please note.

I Parmpreet Singh S/o Sardool Singh R/o Vill Jamalpur,PO Sadana, Jalandhar have changed my name from Parmpreet Singh to Parmpreet as given name and Singh as Surname. All concerned may note.

I, Maninder Singh s/o Kashmir Singh r/o Vill. Paragpur, Po. Jalandhar Cantt., Jalandhar changed my Given name as Maninder & Surname as Singh. All Please Note.

## Change of Name

I, Gurdev Singh S/o Sardara Singh R/o Village Jalalpur Khurd, Po. Kang Khurd, Tehsil Shahkot, Jalandhar, Punjab have changed my name from Gurdev Singh to Dev Singh. All Please Note.

## ਬੇਦਖਲੀ ਨੋਟਿਸ

ਅਸੀਂ, ਮੇਜਰ ਸਿੰਘ ਪੁੱਤਰ ਮਹਿੰਦਰ ਅਤੇ ਤੀਰਥ ਕੌਰ ਪਤਨੀ ਮੇਜਰ ਸਿੰਘ ਵਾਸੀਆਨ ਕਾਕੜਾ ਕਲਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਕਾਸ਼ਦੀਪ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਰਿਸ਼ਤਾ-ਨਾਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ, ਕਮਲਾ ਪ੍ਰਸਾਦ ਪੁੱਤਰ ਦੇਵ ਨਾਥ ਵਾਸੀ ਅੱਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨੋਜ ਪ੍ਰਸਾਦ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਅਦਰਸ਼ ਅਬਰੋਲ ਪਤਨੀ ਰਵਿੰਦਰ ਪ੍ਰਕਾਸ਼ ਅਬਰੋਲ ਵਾਸੀ ਮਕਾਨ ਨੰ. 555, ਅਰਬਨ ਅਸਟੇਟ, ਫੇਸ-2, ਗੜ੍ਹਾ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਅਰਪਨਾ ਖੰਨਾ ਅਤੇ ਉਸਦਾ ਪਤੀ ਅਰੁਨ ਖੰਨਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਇਹਨਾਂ ਦੇ ਬੱਚੇ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## COURT NOTICE

In the Court of Ms. Dazy Bangarh
Civil Judge (Senior Division)
Ludhiana

CNR No. PBLD02-010265-2025
Peshi : 20-05-2026

Tarun Kumar & Anr.
V/s
General Public & Anr.

Petition U/S 8 of The Hindu Minority & Guardianship Act.

Publication Issued to : General Public

Whereas the above named petitioner Tarun Kumar & Anr. has filed with a Prayer to sell the share of the minor child namely Prachi (D.O.B 21.01.2011) on the basis of oral and documentary evidence. This notice is hereby issued to the general public regarding the institution of this petition. If any person has any objection to the grant of permission to the petitioner for appointment as the legal guardian of the said child, then He/She should appear in the court on 20.05.2026 at 10.00 a.m. either in person or through an authorized agent of lawyer for filing objections failing which the petition shall be decided in accordance with law.

Given under my hand and the seal of court, this 22.04.2026

For details logon to https://highcourtchd.gov.in/?trs=district_notice&district=ludhiana

Civil Judge (Senior Division)
Ludhiana

# ਬਾਬਾ ਬੰਦਾ ਸਿੰਘ ਬਹਾਦਰ ਨੇ ਚੱਪੜਚਿੜੀ ਦੇ ਮੈਦਾਨ ’ਚ ਜਿੱਤ ਪ੍ਰਾਪਤ ਕਰਕੇ ਇਤਿਹਾਸ ਰਚਿਆ : ਬਾਵਾ

**ਜਲੰਧਰ (ਲਖਵਿੰਦਰ ਸਿੰਘ ਆਧੀ)**- ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਪ੍ਰੈੱਸ ਕਾਨਫਰੰਸ ਕੀਤੀ ਗਈ ਜਿਸ ਵਿੱਚ




ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਫਤਿਹ ਮਾਰਚ ਦੇ ਕਨਵੀਨਰ ਜਸਵੰਤ ਸਿੰਘ ਛਾਪਾ, ਸਮਾਜਸੇਵੀ ਸੁਦੇਸ਼ ਵਿੱਜ, ਸਕੱਤਰ ਫਾਊਂਡੇਸ਼ਨ ਅਰੁਨ ਕੁਮਾਰ ਸਹਿਜਪਾਲ, ਰਜਿੰਦਰ ਗੁਪਤਾ ਮੁੱਖ ਤੌਰ ’ਤੇ ਹਾਜ਼ਰ ਹੋਏ। ਇਸ ਸਮੇਂ ਜਤਿੰਦਰ ਪਾਲ ਸਿੰਘ ਸਿੱਧੂ ਅਤੇ ਰਛਪਾਲ ਸਿੰਘ ਪਾਲ (ਪੰਜਾਬ ਦਾ ਰਫੀ) ਨੂੰ ਅੰਤਰਰਾਸ਼ਟਰੀ ਫਾਊਂਡੇਸ਼ਨ ਦਾ ਵਾਈਸ ਪ੍ਰਧਾਨ ਥਾਪਿਆ ਗਿਆ।ਇਸ ਸਮੇਂ ਬਾਵਾ ਅਤੇ ਛਾਪਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ 12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਮੁਗਲਾਂ ਦੇ 700 ਸਾਲ ਦੇ ਰਾਜ ਦਾ ਖਾਤਮਾ ਕਰਦੇ ਹੋਏ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ 3 ਸਤੰਬਰ 1708 ਨੂੰ ਗੋਦਾਵਰੀ ਨਦੀ ਦੇ ਕੰਢੇ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਹੋਏ ਮਿਲਾਪ ਤੋਂ ਬਾਅਦ ਦੋ ਸਾਲ ਦੇ ਅੰਦਰ ਵਜ਼ੀਰ ਖਾਨ ਦਾ ਖਾਤਮਾ ਕਰਕੇ ਗੌਰਵਮਈ ਇਤਿਹਾਸ ਰਚਿਆ ਅਤੇ 14 ਮਈ ਨੂੰ ਸਰਹਿੰਦ ’ਤੇ ਫਤਿਹ ਦਾ ਝੰਡਾ ਲਹਿਰਾਇਆ ਅਤੇ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਬਣਾਇਆ। ਅਸੀਂ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਸੰਤਾਂ ਮਹਾਂਪੁਰਸ਼ਾਂ, ਨਹਿੰਗ ਸਿੰਘਾਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਵਿਸ਼ਾਲ ਫਤਿਹ ਮਾਰਚ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਤੋਂ ਚੱਪੜਚਿੜੀ ਤੱਕ 12 ਮਈ ਨੂੰ ਕੱਢ ਰਹੇ ਹਾਂ ਅਤੇ 14 ਮਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਜ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਫਤਿਹ ਦਿਵਸ ’ਤੇ ਸੈਮੀਨਾਰ ਆਯੋਜਿਤ ਕੀਤਾ ਜਾਵੇਗਾ।ਇਸ ਸਮੇਂ ਬਾਵਾ ਅਤੇ ਛਾਪਾ ਨੇ ਕਿਹਾ ਕਿ ਨੋਬਲ ਪੁਰਸਕਾਰ ਲੈਣ ਵਾਲੇ ਭਾਰਤ ਦੇ ਮਹਾਨ ਕਵੀ ਰਵਿੰਦਰ ਨਾਥ ਟੈਗੋਰ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰਬੀਰਤਾ ’ਤੇ ਕਵਿਤਾ ਲਿਖ ਕੇ ਮਹਾਨ ਯੋਧੇ ਨੂੰ ਯਾਦ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਸਮੇਂ ਸ. ਛਾਪਾ ਨੇ ਕਿਹਾ ਕਿ 14 ਮਈ ਨੂੰ ਹਰੇਕ ਪੰਜਾਬੀ ਆਪਣੇ ਘਰ ਤੇ ਦੇਸੀ ਘਿਓ ਦਾ ਦੀਵਾ ਬਾਲਣ ਤੇ ਆਪਣੇ ਘਰ ਅੰਦਰ ਹਰ ਕਿਸਾਨ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਚਿੱਤਰ ਲਗਾਏ।

# ਨਿਤਿਨ ਕੋਹਲੀ ਵੱਲੋਂ ਸੜਕਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ

**ਜਲੰਧਰ** : ਲਾਜਪਤ ਨਗਰ ਵਿਖੇ ਸੜਕਾਂ ਦੇ ਨਵੀਨੀਕਰਨ ਅਤੇ ਵਿਕਾਸ ਕਾਰਜਾਂ ਦਾ ਉਦਘਾਟਨ ਨਿਤਿਨ ਕੋਹਲੀ, ਹਲਕਾ ਇੰਚਾਰਜ ਜਲੰਧਰ ਸੈਂਟਰਲ ਵੱਲੋਂ ਕੀਤਾ ਗਿਆ। ਇਹ ਪ੍ਰੋਜੈਕਟ ਇਲਾਕੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਾਗਰਿਕਾਂ ਨੂੰ ਸੁਚੱਜੀਆਂ ਤੇ ਆਧੁਨਿਕ ਸੜਕ ਸਹੂਲਤਾਂ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।ਉਦਘਾਟਨ ਮੌਕੇ ਨਿਤਿਨ ਕੋਹਲੀ ਨੇ ਕਿਹਾ ਕਿ ਜਲੰਧਰ ਸੈਂਟਰਲ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ ਅਤੇ ਹਰ ਇਲਾਕੇ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨਾ ਉਨ੍ਹਾਂ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਨੇ ਕਿਹਾ ਕਿ ਸੜਕਾਂ, ਸੀਵਰੇਜ ਅਤੇ ਹੋਰ ਜਨਤਕ ਸਹੂਲਤਾਂ ਦੇ ਕੰਮ ਜ਼ਮੀਨੀ ਪੱਧਰ ’ਤੇ ਨਜ਼ਰ ਆਉਣ ਵਾਲੇ ਬਦਲਾਅ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ।





ਉਨ੍ਹਾਂ ਨੇ ਇਹ ਵੀ ਕਿਹਾ ਕਿ ਵਿਕਾਸ ਕਾਰਜ ਸਿਰਫ਼ ਘੋਸ਼ਣਾਵਾਂ ਤੱਕ ਸੀਮਤ ਨਹੀਂ ਰਹਿਣਗੇ, ਬਲਕਿ ਹਰ ਗਲੀ ਅਤੇ ਹਰ ਮੋਹੱਲੇ ਵਿੱਚ ਅਸਲੀ ਤਬਦੀਲੀ ਲਿਆਉਣਾ ਮੁੱਖ ਉਦੇਸ਼ ਹੈ। ਲਾਜਪਤ ਨਗਰ ਦੀਆਂ ਸੜਕਾਂ ਦੇ ਸੁਧਾਰ ਨਾਲ ਆਵਾਜਾਈ ਸੁਗਮ ਹੋਵੇਗੀ ਅਤੇ ਸਥਾਨਕ ਵਪਾਰਕ ਗਤੀਵਿਧੀਆਂ ਨੂੰ ਵੀ ਉਤਸ਼ਾਹ ਮਿਲੇਗਾ।

ਇਸ ਮੌਕੇ ਗੋਲਡੀ ਮਰਵਾਹਾ, ਧੀਰਜ ਸੇਠ, ਅਜੈ ਚੋਪੜਾ, ਵਿੱਕੀ ਤੁਲਸੀ, ਮਨੀਸ਼ ਸ਼ਰਮਾ ਸਮੇਤ ਇਲਾਕੇ ਦੇ ਕਈ ਸਥਾਨਕ ਆਗੂ ਅਤੇ ਵੱਡੀ ਗਿਣਤੀ ਵਿੱਚ ਦੁਕਾਨਦਾਰ ਤੇ ਨਾਗਰਿਕ ਮੌਜੂਦ ਸਨ। ਨਿਤਿਨ ਕੋਹਲੀ ਨੇ ਅੰਤ ਵਿੱਚ ਕਿਹਾ ਕਿ ਜਲੰਧਰ ਸੈਂਟਰਲ ਨੂੰ ਇੱਕ ਵਿਕਾਸਸ਼ੀਲ ਅਤੇ ਆਧੁਨਿਕ ਹਲਕੇ ਵਜੋਂ ਤਿਆਰ ਕਰਨ ਦੀ ਦਿਸ਼ਾ ਵਿੱਚ ਕੰਮ ਲਗਾਤਾਰ ਜਾਰੀ ਰਹੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਕਈ ਮਹੱਤਵਪੂਰਨ ਪ੍ਰੋਜੈਕਟ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ।

# ਮਜ਼ਦੂਰ ਦਿਹਾੜੇ ’ਤੇ ਕਾਨਫਰੰਸ ਤੇ ਮੁਜ਼ਾਹਰਾ



**ਬੰਗਾ (ਅਵਤਾਰ ਕਲੇਰ)** ਜ਼ਿਲ੍ਹੇ ਦੀਆਂ ਸਮੂਹ ਟਰੇਡ ਯੂਨੀਅਨਾਂ, ਫੈਡਰੇਸ਼ਨਾਂ, ਪੈਨਸ਼ਨਰਾਂ, ਵਿਭਾਗੀ ਜਥੇਬੰਦੀਆਂ, ਕਿਸਾਨ, ਮਜ਼ਦੂਰ, ਨੌਜਵਾਨ ਅਤੇ ਵਿਦਿਆਰਥੀ ਜਥੇਬੰਦੀਆਂ ਵਲੋਂ ਬੱਸ ਅੱਡਾ ਨਵਾਂਸ਼ਹਿਰ ਵਿਖੇ ਮਈ ਦਿਵਸ ਸਾਂਝੇ ਤੌਰ ’ਤੇ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ ਗਿਆ।ਕਾਨਫਰੰਸ ਦੀ ਪ੍ਰਧਾਨਗੀ ਕਮਲਜੀਤ ਸਾਨਾਵਾ, ਬਲਜੀਤ ਕੌਰ ਮੱਲਪੁਰੀ, ਹਰਪਾਲ ਸਿੰਘ ਜਗਤਪੁਰ ਅਤੇ ਰਾਮ ਆਸਰਾ ਆਗੂਆਂ ਨੇ ਕੀਤੀ।ਸੰਬੋਧਨ ਕਰਦਿਆਂ ਸੀਟੂ ਦੇ ਸੂਬਾ ਜਨਰਲ ਸਕੱਤਰ ਮਹਾਂ ਸਿੰਘ ਰੌੜੀ, ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਟਰੇਡ ਯੂਨੀਅਨ ਆਗੂ ਕੁਲਦੀਪ ਸਿੰਘ ਦੌੜਕਾ, ਏਟਕ ਦੇ ਆਗੂ ਹਸਮਤ ਅਲੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਈ ਦਿਵਸ ਦੇ ਸ਼ਹੀਦ ਪੂੰਜੀਵਾਦ ਨੂੰ ਨਫ਼ਰਤ ਕਰਦੇ ਸਨ ਕਿਉਂਕਿ ਇਹ ਕੁਝ ਲੋਕਾਂ ਦੁਆਰਾ ਬਹੁਤ ਸਾਰੇ ਲੋਕਾਂ ਦੇ ਸ਼ੋਸ਼ਣ ’ਤੇ ਅਧਾਰਤ ਹੈ ਅਤੇ ਸਮਾਜਵਾਦ ਦੀ ਵਕਾਲਤ ਕਰਦੇ ਸਨ।ਇਸ ਮੌਕੇ ਡੀ ਐਲ ਏ ਪੰਜਾਬ ਦੇ ਸੂਬਾ ਕਨਵੀਨਰ ਦਲਜੀਤ ਸਿੰਘ ਐਡਵੋਕੇਟ, ਜਸਬੀਰ ਦੀਪ, ਕੁਲਦੀਪ ਸਿੰਘ ਸੁੱਜੋਂ, ਜਸਵਿੰਦਰ ਸਿੰਘ ਭੰਗਲ, ਨਰਿੰਦਰ ਕੁਮਾਰ ਪੰਡੋਰੀ, ਮਾਸਟਰ ਪ੍ਰੇਮ ਰੱਕੜ, ਰਘਵੀਰ ਚੰਦ, ਗੁਰਦਿਆਲ ਰੱਕੜ, ਪੁਨੀਤ ਕੁਮਾਰ ਕਲੇਰ, ਪਰਵੀਨ ਕੁਮਾਰ ਨਿਰਾਲਾ, ਸੁਰਿੰਦਰ ਭੱਟੀ, ਵਿਜੈ ਕੁਮਾਰ, ਸੋਮ ਨਾਥ ਤਕਲਾ, ਸੁਰਿੰਦਰ ਸਿੰਘ ਬੈਂਸ, ਚਰਨਜੀਤ ਸਿੰਘ ਦੌਲਤਪੁਰ, ਸ਼ਕੁੰਤਲਾ ਸਰੋਏ, ਸੁਨੀਤਾ ਤਲਵੰਡੀ ਨੇ ਵੀ ਸੰਬੋਧਨ ਕੀਤਾ।

## ਪੰਜਾਬ ਪੁਲਸ ਨੂੰ ਗੈਂਗਸਟਰਾਂ ’ਤੇ ਸ਼ਿਕੰਜਾ ਕੱਸਣ ਲਈ ਕੀਤਾ ਹੋਰ ਮਜਬੂਤ : ਪੰਨੂ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ ਪੰਜਾਬ ਦੇ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਵਿੱਚ ਅਮਨ-ਕਾਨੂੰਨ ਅਤੇ ਨਸ਼ਾ ਮੁਕਤੀ ਲਈ ਚੁੱਕੇ ਜਾ ਰਹੇ ਕ੍ਰਾਂਤੀਕਾਰੀ ਕਦਮਾਂ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੰਜਾਬ ਵਿੱਚ ‘ਯੁੱਧ ਨਸ਼ਿਆਂ ਵਿਰੁੱਧ’ ਤੇ ‘ਗੈਂਗਸਟਰਾਂ ’ਤੇ ਵਾਰ’ ਮੁਹਿੰਮ ਪੂਰੀ ਵਚਨਬੱਧਤਾ ਨਾਲ ਚਲਾਈ ਜਾ ਰਹੀ ਹੈ। ਗੈਂਗਸਟਰਾਂ ’ਤੇ ਸ਼ਿਕੰਜਾ ਮਜਬੂਤ ਕਰਨ ਲਈ ਪੰਜਾਬ ਪੁਲਿਸ ਦੀ ਤਕਨੀਕੀ ਤਰੱਕੀ ਬਾਰੇ ਚਰਚਾ ਕਰਦਿਆਂ ਪੰਨੂ ਨੇ ਕਿਹਾ ਕਿ ਸਾਡੀ ਪੁਲਿਸ ਹੁਣ ਪੂਰੀ ਤਰ੍ਹਾਂ ਹਾਈ-ਟੈਕ ਹੋ ਚੁੱਕੀ ਹੈ। ਹੁਣ ਗੈਂਗਸਟਰਾਂ ਨੂੰ ਨੱਥ ਪਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਮਦਦ ਲਈ ਜਾ ਰਹੀ ਹੈ। ਪੰਜਾਬ ਪੁਲਿਸ ਨੇ ਇੱਕ ਆਧੁਨਿਕ ‘ਵੌਇਸ ਬੈਂਕ’ ਤਿਆਰ ਕੀਤਾ ਹੈ ਜਿਸ ਵਿੱਚ 84,000 ਤੋਂ ਵੱਧ ਦੋਸ਼ੀਆਂ ਅਤੇ ਸ਼ੱਕੀਆਂ ਦੇ ਵੌਇਸ ਸੈਂਪਲ ਲਏ ਗਏ ਹਨ।ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਸ਼ੰਭੂ ਧਮਾਕੇ ਦੇ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਪੁਲਿਸ ਨੇ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਨੇ ਪੁਰਾਣੇ ਧਮਾਕਿਆਂ ਵਿੱਚ ਵੀ ਆਪਣੀ ਸ਼ਮੂਲੀਅਤ ਕਬੂਲ ਕੀਤੀ ਹੈ। ਇਹ ਸਾਰੀਆਂ ਗ੍ਰਿਫ਼ਤਾਰੀਆਂ ਇਸੇ ਤਕਨੀਕ ਦੀ ਮਦਦ ਨਾਲ ਸੰਭਵ ਹੋ ਸਕੀਆਂ ਹਨ।

## ਤੀਰਥ ਯਾਤਰਾ ਲਈ ਦੋ ਬੱਸਾਂ ਰਵਾਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**- ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਤੇ ਉਨ੍ਹਾਂ ਦੀ ਪਤਨੀ ਰਮਨਦੀਪ ਕੌਰ ਗਿੱਲ ਦੀ ਅਗਵਾਈ ਵਿੱਚ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀਆਂ ਦੋ ਬੱਸਾਂ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ । ਇਹ ਬੱਸ ਸ਼ਰਧਾਲੂਆਂ ਨੂੰ ਲੈ ਕੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਤੇ ਇਸਦੇ ਆਲੇ ਦੁਆਲੇ ਦੇ ਇਤਿਹਾਸਕ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਏਗੀ । ਇਹ ਯਾਤਰਾ ਸ੍ਰੀ ਹਰਿਮੰਦਰ ਸਾਹਿਬ , ਦੁਰਗਿਆਨਾ ਮੰਦਿਰ ਅਤੇ ਭਗਵਾਨ ਵਾਲਮੀਕਿ ਤੀਰਥ ਵਰਗੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦੌਰੇ ਸ਼ਾਮਲ ਹਨ । ਰਮਨਦੀਪ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਯਾਤਰਾ ਦੇ ਸਾਰੇ ਖਰਚੇ ਚੁੱਕ ਰਹੀ ਹੈ, ਜਿਸ ਵਿੱਚ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਮੁਫ਼ਤ ਭੋਜਨ ਅਤੇ ਆਰਾਮਦਾਇਕ ਰਿਹਾਇਸ਼ ਸ਼ਾਮਲ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਕੋਈ ਮੁਸ਼ਕਲ ਨਾ ਆਵੇ। ਇਸ ਮੌਕੇ ਆਪ ਨੇਤਾ ਸੋਨੂੰ ਖੰਨਾ, ਸ਼ਹਿਰ ਪ੍ਰਧਾਨ ਟਾਂਡਾ ਜਸਪ੍ਰੀਤ ਜੱਸੀ, ਕੌਂਸਲਰ ਸੁਮਨ ਖੋਸਲਾ , ਜਸਵਿੰਦਰ ਲਾਲ ਆਦਿ ਹਾਜ਼ਰ ਸਨ।



## ਮਜ਼ਦੂਰ ਦਿਵਸ ਮਨਾਇਆ



**ਸੁਲਤਾਨਪੁਰ ਲੋਧੀ (ਹਨੀ)**- ਨਾਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਨਿਧੀ ਸੰਗੋਤਰਾ ਦੀ ਅਗਵਾਈ ਵਿਚ ਮਜ਼ਦੂਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਮਜ਼ਦੂਰਾਂ ਦੀ ਮਹੱਤਤਾ ਅਤੇ ਮਿਹਨਤ ਦੀ ਮਹਾਨਤਾ ਬਾਰੇ ਵਿਚਾਰ ਪ੍ਰਗਟ ਕੀਤੇ ਗਏ। ਇੰਜ. ਸਵਰਨ ਸਿੰਘ ਪ੍ਰਧਾਨ, ਗਵਰਨਿੰਗ ਕੌਂਸਲ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜ. ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜ. ਨਿਮਰਤਾ ਕੌਰ ਦੀ ਮਾਣਯੋਗ ਹਾਜ਼ਰੀ ਨੇ ਸਮਾਰੋਹ ਦੀ ਸ਼ੋਭਾ ਵਧਾਈ। ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਡੇ ਸਹਾਇਕ ਸਟਾਫ਼ ਦੇ ਬਿਨਾ ਸਾਡੀ ਜ਼ਿੰਦਗੀ ਇੰਨੀ ਸੁਚੱਜੀ ਤਰ੍ਹਾਂ ਚੱਲ ਨਹੀਂ ਸਕਦੀ। ਉਨ੍ਹਾਂ ਦੇ ਯੋਗਦਾਨ ਨੂੰ ਸਨਮਾਨ ਦੇਣ ਲਈ ਬੈਜ ਪਿੰਨਿੰਗ ਅਤੇ ਤੋਹਫ਼ੇ ਭੇਂਟ ਕੀਤੇ ਗਏ। ਇਸ ਮੌਕੇ ਪਰਵੀਨ ਕੁਮਾਰੀ, ਨੀਨਾ ਕੁਮਾਰੀ, ਮੋਨਿਕਾ ਦੇਵੀ, ਪਵਨਪ੍ਰੀਤ ਕੌਰ, ਕੋਮਲ, ਅਮਨਪ੍ਰੀਤ ਕੌਰ, ਕਨਵਲਜੀਤ ਕੌਰ, ਲਤਾ, ਮੰਦੀਪ, ਸਤਵਿੰਦਰ ਕੌਰ, ਮਨਜੀਤ ਕੌਰ, ਤਾਨਿਆ, ਸਮਰਜੀਤ ਕੌਰ, ਹਰਪ੍ਰੀਤ ਸਿੰਘ, ਸੋਨੂੰ ਸੁਨਾਰ, ਪੂਜਾ, ਚਰਨ ਸਿੰਘ, ਜੋਗਿੰਦਰ ਕੌਰ, ਸੰਦੀਪ ਸਿੰਘ ਆਦਿ ਹਾਜ਼ਰ ਸਨ ।

# ‘ਬੈਸਾਖੀ ਇਨਫਿਨੀਆ 2026’ ਸਮਾਗਮ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਕੈਂਪਸ ’ਚ ਮਨਾਇਆ ਗਿਆ ‘ਬੈਸਾਖੀ ਇਨਫਿਨੀਆ 2026’ ਇਕ ਵਿਸ਼ਾਲ ਅਤੇ ਯਾਦਗਾਰ ਸਮਾਗਮ ਸਾਬਤ ਹੋਇਆ, ਜਿੱਥੇ ਪੀ ਟੀ ਸੀ ਪੰਜਾਬੀ ਨੇ ਹਜ਼ਾਰਾਂ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਣਯੋਗ



ਮਹਿਮਾਨਾਂ ਨਾਲ ਮਿਲ ਕੇ ਰੰਗਤ ਭਰ ਦਿੱਤੀ।ਸੀਟੀ ਗਰੁੱਪ ਲਈ ਇਹ ਮਾਣ ਅਤੇ ਸਨਮਾਨ ਦੀ ਗੱਲ ਰਹੀ ਕਿ ਉਸਨੇ ਇਸ ਵੱਡੇ ਸਮਾਗਮ ਦੀ ਮੇਜ਼ਬਾਨੀ ਕੀਤੀ ਅਤੇ ਪੰਜਾਬੀ ਸਭਿਆਚਾਰ ਨੂੰ ਇੱਕ ਸ਼ਾਨਦਾਰ ਮੰਚ ਪ੍ਰਦਾਨ ਕੀਤਾ।ਅੱਜ ਦੇ ਤੇਜ਼ ਰਫ਼ਤਾਰ ਯੁੱਗ ਵਿੱਚ, ਇਸ ਤਰ੍ਹਾਂ ਦੇ ਸਭਿਆਚਾਰਕ ਸਮਾਗਮ ਸਾਡੀ ਵਿਰਾਸਤ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਨਾਲ ਜੋੜਨ ਦਾ ਕੰਮ ਕਰਦੇ ਹਨ। ਇਹ ਸਾਡੀ ਪਛਾਣ ਨੂੰ ਮਜ਼ਬੂਤ ਕਰਦੇ ਹਨ ਅਤੇ ਸਮਾਜਿਕ ਇਕਤਾ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ।ਪੀ ਟੀ ਸੀ ਪੰਜਾਬੀ ਨੇ ਇਸ ਸਮਾਗਮ ਰਾਹੀਂ ਇੱਕ ਵਾਰ ਫਿਰ ਆਪਣੀ ਵਚਨਬੱਧਤਾ ਦਰਸਾਈ ਹੈ ਕਿ ਉਹ ਪੰਜਾਬੀ ਸਭਿਆਚਾਰ ਨੂੰ ਸੰਭਾਲਣ ਅਤੇ ਦੁਨੀਆ ਭਰ ’ਚ ਪ੍ਰਚਾਰਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ।ਵਿਦਿਆਕ ਸੰਸਥਾਵਾਂ ਵਿੱਚ ਇਸ ਤਰ੍ਹਾਂ ਦੇ ਸਮਾਗਮਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਇਹ ਵਿਦਿਆਰਥੀਆਂ ਵਿੱਚ ਆਪਣੀ ਸੰਸਕ੍ਰਿਤੀ ਲਈ ਮਾਣ ਦੀ ਭਾਵਨਾ ਪੈਦਾ ਕਰਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਗੀ ਭਰ ਲਈ ਯਾਦਗਾਰ ਤਜਰਬੇ ਦਿੰਦੇ ਹਨ।ਸਮਾਗਮ ਦਾ ਕੇਂਦਰੀ ਆਕਰਸ਼ਣ ਕਲਾਕਾਰਾਂ ਦੀ ਜ਼ਬਰਦਸਤ ਪੇਸ਼ਕਾਰੀ ਰਹੀ। ਨੀਰੂ ਬਾਜਵਾ, ਮਾਸਟਰ ਸਲੀਮ, ਕਰਮਜੀਤ ਅਨਮੋਲ, ਪੰਮੀ ਬਾਈ, ਆਲਾਪ ਸਿਕੰਦਰ, ਮਾਂਸੀ ਸਿਸੋਦੀਆ, ਆਦੀ, ਮੈਂਡੀ ਸੰਧੂ, ਸੈਂਡੀ ਸੰਧੂ, ਮਯੰਕ ਭਾਰਦਵਾਜ ਤੇ ਗੁਰਮਨ ਮਾਨ ਨੇ ਆਪਣੇ ਪ੍ਰਦਰਸ਼ਨਾਂ ਨਾਲ ਦਰਸ਼ਕਾਂ ਨੂੰ ਮੋਹ ਲਿਆ।

# ਭੋਜੋਵਾਲ ’ਚ ਟਿਕਾਊ ਵਿਕਾਸ ਮਾਡਲ ਦੀ ਸ਼ੁਰੂਆਤ

**ਜਲੰਧਰ (ਇਕਬਾਲ ਸਿੰਘ ਉਭੀ)**- ਰਾਮਾਂ ਮੰਡੀ ਹੁਸ਼ਿਆਰਪੁਰ ਮਾਰਗ ਤੇ ਸਥਿਤ ਪਿੰਡ ਭੋਜੋਵਾਲ ਵਿਖੇ ਗੁਰੂ ਨਾਨਕ ਗਲੋਬਲ ਫਾਊਂਡੇਸ਼ਨ ਦੀ ਅਗਵਾਈ ਹੇਠ ਟਿਕਾਊ ਗ੍ਰਾਮੀਣ ਵਿਕਾਸ ਮਾਡਲ ਦੀ ਸ਼ੁਰੂਆਤ ਸਬੰਧੀ ਇੱਕ ਵਿਸ਼ੇਸ਼ ਪ੍ਰੋਗਰਾਮ ਪਿੰਡ ਦੇ ਪ੍ਰਾਇਮਰੀ ਸਮਾਰਟ ਸਕੂਲ ਵਿੱਚ ਕਰਵਾਇਆ ਗਿਆ। ਇਸ ਮੌਕੇ ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ ਦੇ ਚੇਅਰਮੈਨ ਅਤੇ ਚਾਂਸਲਰ ਬਲਜੀਤ ਸਿੰਘ ਨੇ ਦੱਸਿਆ ਕਿ ਇਸ ਉਪਰਾਲੇ ਦਾ ਮੁੱਖ ਉਦੇਸ਼ ਭੋਜੋਵਾਲ ਪਿੰਡ ਨੂੰ ਇੱਕ ਆਤਮਨਿਰਭਰ ਮਾਡਲ ਵਜੋਂ ਵਿਕਸਤ ਕਰਨਾ ਹੈ, ਜਿਸ ਵਿੱਚ ਪਾਣੀ ਸੰਭਾਲ, ਟਿਕਾਊ ਖੇਤੀਬਾੜੀ, ਉੱਚ ਗੁਣਵੱਤਾ ਵਾਲੀ ਸਿੱਖਿਆ, ਬਿਹਤਰ ਸਿਹਤ ਸਹੂਲਤਾਂ, ਸਾਫ਼ ਊਰਜਾ ਅਤੇ ਸਥਾਨਕ ਪੱਧਰ ’ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਹੈ। ਇਸ ਦੇ ਤਹਿਤ ਪਿੰਡ ਪੱਧਰ ’ਤੇ ਪਾਣੀ ਬਜਟ ਬਣਾਉਣਾ, ਮੀਂਹ ਦੇ ਪਾਣੀ ਦੀ ਸੰਭਾਲ ਨੂੰ ਲਾਜ਼ਮੀ ਬਣਾਉਣਾ, ਪੁਰਾਣੇ ਛੱਪੜਾਂ ਦੀ ਮੁੜ ਸੰਭਾਲ ਅਤੇ ਵਿਕਾਸ, ਵਰਤੇ ਹੋਏ ਪਾਣੀ ਦੀ ਦੁਬਾਰਾ ਵਰਤੋਂ ਅਤੇ ਪਾਣੀ ਦੀ ਗੁਣਵੱਤਾ ਦੀ ਨਿਯਮਤ ਜਾਂਚ ਵਰਗੇ ਕਦਮ ਚੁੱਕੇ ਜਾਣਗੇ ।ਪਿੰਡ ਵਿੱਚ ਛੱਤਾਂ ’ਤੇ ਸੂਰਜੀ ਊਰਜਾ ਪ੍ਰਣਾਲੀਆਂ, ਸੂਰਜੀ ਸਟਰੀਟ ਲਾਈਟਾਂ, ਕੂੜਾ ਪ੍ਰਬੰਧਨ ਪ੍ਰਣਾਲੀ, ਬਾਇਓਗੈਸ ਪਲਾਂਟ ਅਤੇ ਸੜਕਾਂ ਤੇ ਨਿਕਾਸੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗਿਆਰਾਂ ਸੈਂਟਰ ਆਫ ਐਕਸੀਲੈਂਸ ਖੋਲ੍ਹੇ ਜਾਣਗੇ ਅਤੇ ਵੱਖ ਵੱਖ ਯੂਨੀਵਰਸਿਟੀਆ ਦੇ ਗਿਆਰਾਂ ਕਾਲਜ ਚੁਣੇ ਜਾਣਗੇ। ਪਿੰਡ ਦੇ ਆਲੇ ਦੁਆਲੇ ਘੁੰਮਦਿਆਂ ਬਲਜੀਤ ਸਿੰਘ ਨੇ ਦੇਖਿਆ ਕਿ ਵਿਕਾਸ ਪੱਖੋਂ ਪਿੰਡ ਬਹੁਤ ਪੱਛੜਿਆ ਹੋਇਆ ਹੈ ਸੜਕਾਂ ਟੁੱਟੀਆਂ ਹੋਈਆਂ ਹਨ, ਬਿਜਲੀ ਦੀਆਂ ਤਾਰਾਂ ਦਾ ਬੁਰਾ ਹਾਲ ਹੈ, ਖੇਡ ਦੇ ਮੈਦਾਨ ਖ਼ਰਾਬ ਹਨ, ਡਿਸਪੈਂਸਰੀ ਦੀ ਹਾਲਤ ਵੀ ਬਹੁਤ ਤਰਸਯੋਗ ਹੈ। ਉਨ੍ਹਾਂ ਕਿਹਾ ਕਿ ਪਿੰਡ ਵਾਸੀ ਸਹਿਯੋਗ ਦੇਣ ਤਾਂ ਸਾਰੇ ਕੰਮ ਪੂਰੇ ਕਰਕੇ ਪਿੰਡ ਨੂੰ ਮਾਡਲ ਬਣਾਇਆ ਜਾਵੇਗਾ। ਚੇਅਰਮੈਨ ਬਲਜੀਤ ਸਿੰਘ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਤੋਂ ਬਿਨਾਂ ਪੰਜਾਬ ਦੀ ਤਰੱਕੀ ਸੰਭਵ ਨਹੀਂ ਹੈ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਸ਼ਾਮਲ ਹੋ ਕੇ ਆਪਣੇ ਪਿੰਡ ਨੂੰ ਇੱਕ ਮਿਸਾਲੀ ਮਾਡਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।ਇਸ ਮੌਕੇ ਸਰਪੰਚ ਰੇਨੂ ਰਾਣੀ, ਪੰਚਾਇਤ ਮੈਂਬਰ ਪ੍ਰੇਮ ਕੁਮਾਰ, ਸੁਰਜੀਤ ਸਿੰਘ, ਰਾਮਗੜ੍ਹੀਆ ਦਰਪਣ ਤੋਂ ਭੁਪਿੰਦਰ ਸਿੰਘ ਉਭੀ- ਬਲਾਕ ਪ੍ਰਧਾਨ ਕਿਸਾਨ ਵਿੰਗ ਸੁਖਵਿੰਦਰ ਸਿੰਘ (ਸੁੱਖਾ), ਗੁਰਮਿੰਦਰ ਸਿੰਘ, ਹਰਕਮਲ ਸਿੰਘ ਅਤੇ ਬਿਕਰਮਜੀਤ ਸਿੰਘ, ਨਵਨੀਤ ਕੌਰ, ਰੇਸ਼ਮੋ ਸੈਂਧੀ ,ਐਸ.ਐਮ.ਸੀ. ਚੇਅਰਪਰਸਨ ਬਲਵੰਤ ਕੌਰ, ਜਗਦੀਸ਼ ਸਿੰਘ, ਗੁਰਜੀਤ ਸਿੰਘ, ਕਮਲਜੀਤ ਕੌਰ ਮੈਡਮ ਕਵਿਤਾ ਸਮੇਤ ਸਕੂਲ ਦੇ ਵਿਦਿਆਰਥੀ, ਮਾਪੇ ਅਤੇ ਪਿੰਡ ਵਾਸੀ ਮੌਜੂਦ ਸਨ।



# ਡਾ. ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਤ ਸਮਾਗਮ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪਿੰਡ ਖੈਰੜ ਰਾਵਲ ਬਸੀ ਦੇ ਨੌਜਵਾਨਾਂ ਵੱਲੋਂ ਐੱਨ ਆਰ ਆਈ ਵੀਰਾਂ, ਗ੍ਰਾਮ ਪੰਚਾਇਤ ਤੇ ਸਮੂੰਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਉਸਾਰੂ ਸੋਚ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ ਤਸਵੀਰ ਅੱਗੇ ਪ੍ਰਣਾਮ ਕੀਤਾ ਗਿਆ। ਸਮਾਗਮ ਦੇ ਪ੍ਰਬੰਧਕ ਪਿੰਦੂ, ਰੂਬੀ, ਰਜੇਸ਼ ਕੁਮਾਰ, ਨਿਤਨ, ਜੱਸੀ, ਜਸਪ੍ਰੀਤ, ਸੁਖਵਿੰਦਰ, ਕੁਲਵਰਨ, ਕੁਲਵਿੰਦਰ ਪੰਚ, ਬਿੰਦਰ ਠੇਕੇਦਾਰ, ਸੁੱਖਾ, ਅਮਰੀਕ ਸਹੋਤਾ, ਡਾਕਟਰ ਸਤਨਾਮ, ਮਾਸਟਰ ਹਰਵਿੰਦਰ, ਕਰਨ, ਹਰਜਸ, ਹਰਮਨ, ਮਨੀ ਸਹੋਤਾ, ਰਾਜਾ, ਚਰਨਜੀਤ, ਮਨੀ, ਡਾਕਟਰ ਰਵਿੰਦਰ ਅਤੇ ਹੋਰ ਸਨਮਾਨਯੋਗ ਸ਼ਖਸ਼ੀਅਤਾਂ ਹਾਜ਼ਰ ਸਨ। ਇਸ ਤੋਂ ਬਾਅਦ ਪ੍ਰਗਤੀ ਕਲਾ ਕੇਂਦਰ ਲਾਂਧੜਾ ਦੀ ਟੀਮ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੇ ਸੰਘਰਸ਼ਮਈ ਜੀਵਨ ਨਾਲ ਸੰਬੰਧਿਤ ਨਾਟਕ, ਕੋਰੀਓਗਰਾਫੀਆਂ ਅਤੇ ਸਕਿੱਟਾਂ ਪੇਸ਼ ਕੀਤੀਆਂ ਗਈਆਂ। ਸਮਾਗਮ ਵਿੱਚ ਡਾਕਟਰ ਇਸ਼ਾਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਬੁਲਾਰਿਆਂ ਦੇ ਤੌਰ ਤੇ ਡਾਕਟਰ ਹਰਜਿੰਦਰ ਜੱਖੂ, ਹੈਪੀ ਕੌਲ, ਡਾਕਟਰ ਪਰਮਿੰਦਰ ਸੂਦ, ਕਮਲ, ਜਗਵੀਰ ਸਿੰਘ ਸਹੂੰਗੜਾ ਮੁਖੀ ਤਰਕਸ਼ੀਲ ਯੂਨਿਟ ਬੰਗਾ, ਹਰਜਿੰਦਰ ਸਿੰਘ ਸੂੰਨੀ, ਗੁਰਮੀਤ ਰਾਮ ਬੱਧਣ ਬਹਿਰਾਮ ਆਦਿ ਬੁਲਾਰਿਆਂ ਨੇ ਬਾਬਾ ਸਾਹਿਬ ਦੇ ਮਿਸ਼ਨ ਤੋਂ ਹਾਜ਼ਰ ਇਕੱਠ ਨੂੰ ਜਾਣੂ ਕਰਵਾਇਆ। ਸੁਖਵਿੰਦਰ ਲੰਗੇਰੀ ਵੱਲੋਂ ਕਿਤਾਬਾਂ ਦਾ ਸਟਾਲ ਲਗਾਇਆ ਗਿਆ। ਪ੍ਰਬੰਧਕਾਂ ਵੱਲੋਂ ਸਮਾਗਮ ਦੇ ਸਹਿਯੋਗੀ ਸਾਥੀਆਂ ਨੂੰ ਬਾਬਾ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ। ਚਾਹ- ਪਾਣੀ, ਕੋਲਡ ਡਰਿੰਕਸ ਅਤੇ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਸਮਾਗਮ ਦੌਰਾਨ ਐੱਨ ਆਰ ਆਈ ਬੱਬੂ ਅਸਟਰੇਲੀਆ, ਰਾਮ ਲੁਭਾਇਆ, ਬਿੰਦਰੀ, ਗੁਰਪ੍ਰੀਤ, ਤਾਰੀ, ਲਾਲੀ, ਗਿਆਨ, ਜਿੰਦਰ, ਪਿੰਦਾ, ਵਿੱਕੀ, ਲੱਬੂ ਵਿੱਕੀ, ਡੈਬੀ, ਮਾਣਾ ਆਦਿ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਸਮਾਗਮ ਦੌਰਾਨ ਪਿੰਡ ਦੀ ਸਰਪੰਚ ਮੰਜੂ ਬਾਲਾ, ਰਾਮ ਸਿੰਘ ਤੇ ਸਮੂਹ ਪੰਚਾਇਤ ਮੈਂਬਰ ਅਤੇ ਇਲਾਕੇ ਦੀਆਂ ਸਨਮਾਨਯੋਗ ਸ਼ਖਸੀਅਤਾਂ ਹਾਜ਼ਰ ਸਨ।



# ਪ੍ਰਿੰਸੀਪਲ ਹਰਦੀਪ ਸਿੰਘ ਦੀ ਸੇਵਾ-ਮੁਕਤੀ ’ਤੇ ਵਿਦਾਇਗੀ ਸਮਾਰੋਹ

**ਗੁਰਾਇਆ/ਫਿਲੌਰ (ਨਿਰਮਲ, ਬਿੰਦਰ ਸੁਮਨ)**- ਪ੍ਰਿੰਸੀਪਲ ਹਰਦੀਪ ਸਿੰਘ ਵੱਲੋਂ ਸਕੂਲ ਅਤੇ ਸਿੱਖਿਆ ਵਿਭਾਗ ਨੂੰ ਦਿੱਤੀਆਂ 29 ਸਾਲ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਕੂਲ ਸਟਾਫ, ਐੱਸ ਐੱਮ ਸੀ ਕਮੇਟੀ ਅਤੇ ਗ੍ਰਾਮ ਪੰਚਾਇਤ ਮਨਸੂਰਪੁਰ ਵੱਲੋਂ ਉਹਨਾਂ ਨੂੰ ਸ਼ਾਨਦਾਰ ਵਿਦਾਇਗੀ ਦਿੱਤੀ ਗਈ। ਇਸ ਮੌਕੇ ਨਾਮਵਰ ਸ਼ਖਸ਼ੀਅਤਾਂ ਨੇ ਸ਼ਿਰਕਤ ਕਰਕੇ ਸਮਾਗਮ ਨੂੰ ਚਾਰ ਚੰਨ ਲਗਾਏ। ਜਿਹਨਾਂ ਵਿੱਚ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਸਟੇਟ ਐਵਾਰਡੀ, ਬਲਾਕ ਨੋਡਲ ਅਫ਼ਸਰ ਤਰਲੋਕ ਸਿੰਘ, ਬਲਾਕ ਨੋਡਲ ਅਫ਼ਸਰ ਕਮਲ ਕਿਸ਼ੋਰ, ਪ੍ਰਿੰਸੀਪਲ ਕੁਲਵਰਨ ਸਿੰਘ, ਪ੍ਰਿੰਸੀਪਲ ਤਜਿੰਦਰ ਸਿੰਘ ਸੈਣੀ, ਪ੍ਰਿੰਸੀਪਲ ਅਵਿਨਾਸ਼ ਚੰਦਰ, ਪ੍ਰਿੰਸੀਪਲ ਗੁਲਸ਼ਨ ਗਿੰਡਾ, ਪ੍ਰਿੰਸੀਪਲ ਡਾ. ਹਰਬਲਾਸ ਹੀਰ, ਪ੍ਰਿੰਸੀਪਲ ਸੁਭਾਸ਼ ਚੰਦਰ ਅੱਟਾ, ਪ੍ਰਿੰਸੀਪਲ ਵਿਸ਼ਵਿੰਦਰ ਦੱਤ, ਹੈਡਮਾਸਟਰ ਸੁਰਿੰਦਰ ਪਾਲ ਵਿਰਦੀ, ਸਰਪੰਚ ਪਰਮਜੀਤ ਕੌਰ ਅਤੇ ਉਨ੍ਹਾਂ ਦੇ ਜੀਵਨ ਸਾਥੀ ਲੰਬੜਦਾਰ ਸੁੱਚਾ ਰਾਮ, ਲੰਬੜਦਾਰ ਅਮਰੀਕ ਸਿੰਘ, ਏ ਐੱਸ ਆਈ. ਚਰਨਜੀਤ ਸਿੰਘ, ਸਰਪੰਚ ਸਰਬਜੀਤ ਸਿੰਘ ਭੱਟੀਆਂ, ਮੁਲਕ ਰਾਜ ਅੱਟੀ ਤੋਂ ਇਲਾਵਾ ਇਲਾਕੇ ਭਰ ਦੇ ਲੈਕਚਰਾਰ ਅਤੇ ਅਧਿਆਪਕ ਸਾਹਿਬਾਨ ਪਤਵੰਤ ਤੇ ਸੱਜਣ ਸ਼ਾਮਲ ਹੋਏ। ਇਹਨਾਂ ਬੁਲਾਰਿਆਂ ਤੋਂ ਇਲਾਵਾ ਪ੍ਰਿੰਸੀਪਲ ਦੇ ਵਿਦਿਆਰਥੀ ਮੋਹਨ ਲਾਲ ਮੈਥ ਮਾਸਟਰ , ਅਵਤਾਰ ਲਾਲ, ਰੇਖਾ ਮਹਿਤਾ, ਮੀਨਾ ਬੇਰੀ, ਮਧੂ ਬਾਲਾ, ਪ੍ਰਿੰਸੀਪਲ ਹਰਦੀਪ ਸਿੰਘ ਦੀ ਬੇਟੀ ਗੁਰਨੀਤ ਕੌਰ, ਬੇਟੇ ਮਨਜੀਤ ਸਿੰਘ ਅਤੇ ਜੀਵਨ ਸਾਥਣ ਰਵਿੰਦਰਜੀਤ ਕੌਰ ਨੇ ਸਟੇਜ ’ਤੇ ਸ਼ੁਭਕਾਮਨਾਵਾਂ ਦਿੱਤੀਆਂ ਤੇ ਸੰਬੋਧਨ ਕੀਤਾ। ਸਵਾਗਤੀ ਭਾਸ਼ਣ, ਪ੍ਰਿੰਸੀਪਲ ਦੀ ਸ਼ਖਸ਼ੀਅਤ ਤੇ ਉਨ੍ਹਾਂ ਦੁਆਰਾ ਸਕੂਲ ਨੂੰ ਦਿੱਤੀਆਂ ਸੇਵਾਵਾਂ ਬਾਰੇ ਲੈਕਚਰਾਰ ਸ੍ਰੀ ਅਵਤਾਰ ਲਾਲ ਨੇ ਬੋਲਿਆ। ਸਨਮਾਨ ਪੱਤਰ ਕੁਲਵਿੰਦਰ ਕੌਰ ਨੇ ਪੜ੍ਹਿਆ ਅਤੇ ਸਮੂਹ ਸਟਾਫ ਨੇ ਪ੍ਰਿੰਸੀਪਲ ਨੂੰ ਭੇਟ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਸੀਨੀਅਰ ਲੈਕਚਰਾਰ ਸ.ਪ੍ਰਦੀਪ ਸਿੰਘ ਨੇ ਬਾਖੂਬੀ ਨਿਭਾਈ। ਇਸ ਮੌਕੇ ਹੈਡ ਮਾਸਟਰ ਬੋਧ ਰਾਜ, ਸਾਬਕਾ ਚੇਅਰਮੈਨ ਠੇਕੇਦਾਰ ਬਲਵੀਰ ਕੁਮਾਰ ਅੱਟੀ, ਰਾਕੇਸ਼ ਮੱਲ, ਹਰਜੀਤ ਬਾਵਾ ਤੇ ਰਾਜ ਕੁਮਾਰੀ, ਬਖਸ਼ੀ ਰਾਮ ਤੇ ਕ੍ਰਿਸ਼ਨਾ ਦੇਵੀ, ਕਮਲ ਕੁਮਾਰ ਰਾਏ, ਸਮਰਜੀਤ ਸਿੰਘ ਫਿਲੌਰ, ਸਰਬਜੀਤ ਸਿੰਘ ਤੇਹਿੰਗ, ਲੈਕਚਰਾਰ ਬਲਦੇਵ ਸਿੰਘ ਜੌਹਲ, ਲੈਕਚਰਾਰ ਸੀਤਾ ਰਾਣੀ, ਮੋਨਿਕਾ ਰਾਣੀ ਤੋਂ ਇਲਾਵਾ ਪ੍ਰਿੰਸੀਪਲ ਹਰਦੀਪ ਸਿੰਘ ਦੇ ਸੱਜਣ-ਮਿੱਤਰ ਰਿਸ਼ਤੇਦਾਰ ਸਕੇ ਸਬੰਧੀ ਹਾਜ਼ਰ ਸਨ। ਸਕੂਲ ਸਟਾਫ਼ ਅਤੇ ਆਏ ਹੋਏ ਮਹਿਮਾਨਾਂ ਵਲੋਂ ਪ੍ਰਿੰਸੀਪਲ ਹਰਦੀਪ ਸਿੰਘ ਨੂੰ ਸ਼ਾਨਦਾਰ ਮੋਮੈਂਟੋ ਅਤੇ ਬਹੁਮੁੱਲੇ ਤੋਹਫੇ ਭੇਟ ਕਰਕੇ ਸਨਮਾਨਤ ਕੀਤਾ ਗਿਆ।



# ਕਰਤਾਰਪੁਰ ’ਚ ਸੇਂਟ ਥਾਮਸ ਸਕੂਲ ਵਿਵਾਦ

## ਬੱਚੇ ਦੀ ਕੁੱਟਮਾਰ ਤੋਂ ਬਾਅਦ ਮਾਪਿਆਂ ’ਤੇ ਹਮਲਾ, ਵੀਡੀਓ ਵਾਇਰਲ

**ਜਲੰਧਰ (ਰਾਜੇਸ਼ ਥਾਪਾ)**- ਜਲੰਧਰ ਦੇ ਕਰਤਾਰਪੁਰ ਵਿੱਚ ਸੇਂਟ ਥਾਮਸ ਸਕੂਲ ਵਿੱਚ ਇੱਕ ਸ਼ਰਮਨਾਕ ਘਟਨਾ ਨੇ ਇੱਕ ਵਾਰ ਫਿਰ ਨਿੱਜੀ ਸਕੂਲਾਂ ਦੇ ਕੰਮਕਾਜ ’ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਇੱਕ ਅਧਿਆਪਕ ਦੁਆਰਾ ਪਹਿਲੀ ਜਮਾਤ ਦੇ ਇੱਕ ਮਾਸੂਮ ਵਿਦਿਆਰਥੀ ਦੀ ਬੇਰਹਿਮੀ ਨਾਲ ਕੁੱਟਮਾਰ ਦਾ ਮਾਮਲਾ ਸਾਹਮਣੇ ਆਇਆ ਹੈ।ਪਰਵਾਰ ਦੇ ਅਨੁਸਾਰ ਬੱਚੇ ਨੂੰ ਲਗਭਗ 15 ਦਿਨ ਪਹਿਲਾਂ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ ।ਜਦੋਂ ਪਰਵਾਰ ਨੇ ਇਤਰਾਜ਼ ਕੀਤਾ ਤਾਂ ਸਕੂਲ ਪ੍ਰਸ਼ਾਸਨ ਨੇ ਮਾਮਲੇ ਨੂੰ ਸ਼ਾਂਤ ਕਰਨ ਲਈ ਸਮਾਂ ਮੰਗਿਆ।ਹਾਲਾਂਕਿ, ਜਦੋਂ ਪਰਵਾਰ 15 ਦਿਨਾਂ ਬਾਅਦ ਜਵਾਬ ਮੰਗਣ ਲਈ ਸਕੂਲ ਵਾਪਸ ਆਇਆ, ਤਾਂ ਸਥਿਤੀ ਵਿਗੜ ਗਈ। ਦੋਸ਼ ਹੈ ਕਿ ਸਕੂਲ ਅਧਿਕਾਰੀਆਂ ਨੇ ਮਾਪਿਆਂ ਨਾਲ ਨਾ ਸਿਰਫ਼ ਬਦਸਲੂਕੀ ਕੀਤੀ, ਸਗੋਂ ਉਨ੍ਹਾਂ ਨੂੰ ਥੱਪੜ ਵੀ ਮਾਰਿਆ ਅਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ।ਪਰਵਾਰ ਨੇ ਪੂਰੀ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ’ਤੇ ਅਪਲੋਡ ਕੀਤਾ, ਜੋ ਹੁਣ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ ।ਘਟਨਾ ਤੋਂ ਬਾਅਦ ਇਲਾਕੇ ਵਿੱਚ ਗੁੱਸੇ ਦਾ ਮਾਹੌਲ ਫੈਲ ਗਿਆ ਹੈ। ਸਥਾਨਕ ਨਿਵਾਸੀਆਂ ਅਤੇ ਮਾਪਿਆਂ ਨੇ ਮੰਗ ਕੀਤੀ ਹੈ ਕਿ ਪ੍ਰਸ਼ਾਸਨ ਦੋਸ਼ੀ ਅਧਿਆਪਕ ਅਤੇ ਸਕੂਲ ਪ੍ਰਬੰਧਨ ਵਿਰੁੱਧ ਸਖ਼ਤ ਕਾਰਵਾਈ ਕਰੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਦੁਹਰਾਉਣ ਤੋਂ ਰੋਕਿਆ ਜਾ ਸਕੇ।ਹੁਣ ਪਰਵਾਰ ਨੇ ਪੂਰੀ ਘਟਨਾ ਦਾ ਵੀਡੀਓ ਵੀ ਜਲੰਧਰ ਪੁਲਿਸ ਡਵੀਜ਼ਨ ਨੰਬਰ 1 ਨੂੰ ਸੌਂਪ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮਜ਼ਦੂਰ ਦਿਵਸ ਮਨਾਇਆ



**ਟਾਂਡਾ ਉੜਮੁੜ ( ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਇੰਟਰਨੈਸ਼ਨਲ ਲੇਬਰ ਡੇ ਦੇ ਮੌਕੇ ਤੇ ਬੀ ਐੱਨ ਡੀ ਸਕੂਲ ਕੰਧਾਲਾ ਜੱਟਾਂ ਵਿਖੇ ਸਾਰੇ ਵਰਗ ਦੇ ਕਾਮਿਆਂ ਨੂੰ ਜਿੱਥੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਉੱਥੇ ਨਾਲ ਹੀ 12ਵੀਂ ਕਲਾਸ ਦੀ ਵਿਦਿਆਰਥਣ ਦਵਨਪ੍ਰੀਤ ਕੌਰ ਨੇ ਉਹਨਾਂ ਦੇ ਸਨਮਾਨ ਵਿੱਚ ਕਵਿਤਾ ਬੋਲ ਕੇ ਅਤੇ ਚਾਰਟ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਇਸ ਮੌਕੇ ਤੇ ਬੋਲਦਿਆਂ ਪ੍ਰਿੰਸੀਪਲ ਜੈ ਕ੍ਰਿਸ਼ਨ ਮਹਿਤਾ ਨੇ ਸਮੂਹ ਮਿਹਨਤ ਕਸ਼ ਲੋਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹਨਾਂ ਮਿਹਨਤ ਕਸ਼ ਲੋਕਾਂ ਨੂੰ ਇਹ ਦਿਨ ਸਮਰਪਿਤ ਹੈ, ਜਿਨਾਂ ਦੇ ਪਸੀਨੇ ਨਾਲ ਇਸ ਸੰਸਾਰ ਦੀ ਤਰੱਕੀ ਦਾ ਪਹੀਆ ਘੁੰਮਦਾ ਹੈ। ਇਸ ਮੌਕੇ ਤੇ ਬੋਲਦਿਆਂ ਇੰਜੀਨੀਅਰ ਅਨਿਲ ਮਹਿਤਾ ਨੇ ਕਿਹਾ ਕਿ ਕਿਸੇ ਵੀ ਦੇਸ਼ ਦੀ ਨੀਂਹ ਉਸ ਦੇ ਮਜ਼ਦੂਰਾਂ, ਕਾਮਿਆਂ ਦੀ ਮਿਹਨਤ ਤੇ ਟਿਕੀ ਹੁੰਦੀ ਹੈ। ਭਾਵੇਂ ਉਹ ਖੇਤਾਂ ਵਿੱਚ ਅੰਨ ਪੈਦਾ ਕਰਨ ਵਾਲਾ ਕਿਸਾਨ ਹੋਵੇ, ਫੈਕਟਰੀਆਂ ਵਿੱਚ ਕੰਮ ਕਰਨ ਵਾਲਾ ਮਜ਼ਦੂਰ ਹੋਵੇ ਜਾਂ ਦਫਤਰਾਂ ਵਿੱਚ ਕੰਮ ਕਰਨ ਵਾਲਾ ਮੁਲਾਜ਼ਮ ਹੋਵੇ। ਇਸ ਮੌਕੇ ਤੇ ਸਕੂਲ ਦੇ ਹਰੇਕ ਵਰਗ ਦੇ ਕਾਮਿਆਂ ਨੂੰ ਜਿੱਥੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਉੱਥੇ ਨਾਲ ਹੀ ਉਹਨਾਂ ਦੇ ਕੰਮ ਪ੍ਰਤੀ ਜਜ਼ਬੇ ਨੂੰ ਸਲਾਮ ਕੀਤਾ ਗਿਆ। ਇਸ ਮੌਕੇ ਤੇ ਇੰਜੀਨੀਅਰ ਅਨਿਲ ਮਹਿਤਾ, ਅਮਿਤ ਕੁਮਾਰ, ਗੁਰਪ੍ਰੀਤ ਸਿੰਘ, ਰਾਕੇਸ਼ ਕੁਮਾਰ, ਜਸਵੀਰ ਸਿੰਘ, ਗੁਰਦੀਪ ਸਿੰਘ, ਇਕਬਾਲ ਸਿੰਘ, ਮੋਹਿਤ ਕੁਮਾਰ, ਮਨਜੋਤ ਸਿੰਘ, ਹਰਦੀਪ ਸਿੰਘ, ਰੁਕਸਾਨਾ, ਸੁਨੀਤਾ, ਸਰਬਜੀਤ, ਸੁਰਿੰਦਰ ਕੌਰ, ਮਹਿੰਦਰ ਕੌਰ, ਜੋਗਿੰਦਰ ਕੌਰ, ਬਲਵੀਰ ਕੌਰ, ਹਰਲੀਨ ਕੌਰ, ਗੁਰਜਾਪ ਕੌਰ, ਅਰਸ਼ਦੀਪ ਕੌਰ ਤੋਂ ਇਲਾਵਾ ਸਮੂਹ ਸਟਾਫ ਮੌਜੂਦ ਸੀ।

# ਕੰਕਰੀਟ ਮਿਕਸਰ ਪਲਾਂਟ ਵਿਰੁੱਧ ਧਰਨਾ 11 ਵੇਂ ਦਿਨ ਵੀ ਜਾਰੀ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਪਿੰਡ ਢੰਗਰਾਲੀ ਅਤੇ ਖੈਰਪੁਰ ਦੇ ਲੋਕ ਮੇਰੇ ਆਪਣੇ ਲੋਕ ਹਨ। ਮੇਰੇ ਹਲਕੇ ਦੇ ਲੋਕ ਹਨ ਉਹਨਾਂ ਦਾ ਦੁੱਖ ਮੇਰਾ ਦੁੱਖ ਹੈ। ਉਹਨਾਂ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਮੋਰਿੰਡਾ ਨਜ਼ਦੀਕੀ ਪਿੰਡ ਢੰਗਰਾਲੀ ਵਿਖੇ ਲੱਗ ਰਹੇ ਕੰਕਰੀਟ ਮਿਕਸਰ ਪਲਾਂਟ ਨੂੰ ਤੁਰੰਤ ਬੰਦ ਕੀਤਾ ਜਾਵੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਨੇ ਪਿੰਡ ਢੰਗਰਾਲੀ ਵਿੱਚ ਕੰਕਰੀਟ ਮਿਕਸਰ ਪਲਾਂਟ ਬੰਦ ਕਰਾਉਣ ਦੇ ਲਈ ਲੱਗੇ ਧਰਨੇ ਵਿੱਚ ਬੈਠੇ ਲੋਕਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਹਨਾਂ ਨੇ ਕਿਹਾ ਕਿ ਮੇਰੇ ਕੋਲ ਕੰਕਰੀਟ ਮਿਕਸਚਰ ਪਲਾਂਟ ਦੇ ਨੁਮਾਇੰਦੇ ਵੀ ਆਏ ਸਨ ਤੇ ਮੈਂ ਉਹਨਾਂ ਨੂੰ ਦੱਸ ਦਿੱਤਾ ਸੀ ਕਿ ਮੈਂ ਕੱਲ ਢੰਗਰਾਲੀ ਪਿੰਡ ਇੱਕ ਸਮਾਗਮ ਦੇ ਵਿੱਚ ਜਾਣਾ ਹੈ। ਜੇਕਰ ਪਿੰਡ ਵਾਸੀ ਮੈਨੂੰ ਕਹਿਣਗੇ ਤਾਂ ਮੈਂ ਧਰਨੇ ਦੇ ਵਿੱਚ ਜ਼ਰੂਰ ਸ਼ਮੂਲੀਅਤ ਕਰਾਂਗਾ। ਉਹਨਾਂ ਨੇ ਧਰਨੇ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤੁਹਾਨੂੰ ਕੰਕਰੀਟ ਮਿਕਸਰ ਪਲਾਂਟ ਦੇ ਮਾਲਕ ਨਾਲ ਵੀ ਗੱਲ ਕਰ ਲੈਣੀ ਚਾਹੀਦੀ ਹੈ। ਇਸ ਦੇ ਉੱਤਰ ਵਿੱਚ ਨਛੱਤਰ ਸਿੰਘ ਧਨੋਆ ਸਵਰਨ ਸਿੰਘ ਢੰਗਰਾਲੀ ਅਤੇ ਹਰਜੋਤ ਸਿੰਘ ਨੇ ਸਾਬਕਾ ਮੁੱਖ ਮੰਤਰੀ ਪੰਜਾਬ ਨੂੰ ਦੱਸਿਆ ਕਿ ਉਹਨਾਂ ਨਾਲ ਦੋ ਤਿੰਨ ਵਾਰ ਗੱਲਬਾਤ ਕੀਤੀ ਜਾ ਚੁੱਕੀ ਹੈ। ਪਰ ਉਹ ਪਿੰਡ ਵਾਸੀਆਂ ਦੀ ਬੇਨਤੀ ਨਹੀਂ ਮੰਨ ਰਹੇ ਹਨ। ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਤੁਹਾਨੂੰ ਹੋਰ ਕੰਕਰੀਟ ਮਿਕਸਚਰ ਪਲਾਂਟ ਵੀ ਦੇਖਣੇ ਚਾਹੀਦੇ ਹਨ। ਤਾਂ ਪਿੰਡ ਵਾਸੀਆਂ ਨੇ ਕਿਹਾ ਕਿ ਅਸੀਂ ਦੇਖ ਆਏ ਹਾਂ ਅਸਲ ਵਿੱਚ ਹੀ ਕੰਕਰੀਟ ਮਿਕਸਰ ਪਲਾਂਟ ਖਤਰਨਾਕ ਹਵਾ ਪ੍ਰਦੂਸ਼ਣ ਕਰਦਾ ਹੈ। ਚਰਨਜੀਤ ਸਿੰਘ ਚੰਨੀ ਨੇ ਭਰੋਸਾ ਦਵਾਇਆ ਕਿ ਜੇਕਰ ਦੋਹਾਂ ਧਿਰਾਂ ਵਿੱਚ ਕੋਈ ਸਹਿਮਤੀ ਨਹੀਂ ਬਣਦੀ ਹੈ ਤਾਂ ਮੈਂ ਪਿੰਡ ਵਾਸੀਆਂ ਦੇ ਨਾਲ ਖੜਾ ਹਾਂ। ਜੋ ਮੇਰੇ ਹਲਕੇ ਦੇ ਮੇਰੇ ਇਹ ਆਪਣੇ ਲੋਕ ਮੈਨੂੰ ਆਪਣੇ ਨਾਲ ਸੜਕਾਂ ਦੇ ਉੱਤੇ ਭੁੰਜੇ ਬਿਠਾਉਣਗੇ ਤਾਂ ਮੈਂ ਉੱਥੇ ਵੀ ਇਹਨਾਂ ਦੇ ਨਾਲ ਬੈਠਣ ਦੇ ਲਈ ਤਿਆਰ ਹਾਂ। ਇਸ ਵੇਲੇ ਪਿੰਡ ਵਾਸੀਆਂ ਨੇ ਚਰਨਜੀਤ ਸਿੰਘ ਚੰਨੀ ਵੱਲੋਂ ਦਿੱਤੇ ਭਰੋਸੇ ’ਤੇ ਉਹਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਦੀਪ ਸਿੰਘ ਦੀਪੂ ਸਰਪੰਚ ਗ੍ਰਾਮ ਪੰਚਾਇਤ ਢੰਗਰਾਲੀ ਹਰਜੋਤ ਸਿੰਘ, ਪਟਵਾਰੀ ਸੋਹਣ ਸਿੰਘ ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ ਬਿੰਦਾ ਖੈਰਪੁਰ ਲੰਬੜਦਾਰ ਗੁਰਮੀਤ ਸਿੰਘ ਪੰਚ ਸੱਜਣ ਸਿੰਘ ਖੈਰਪੁਰ, ਗੁਰਪ੍ਰੀਤ ਸਿੰਘ ਚੰਦ ਸਿੰਘ ਵਰਿੰਦਰਜੀਤ ਸਿੰਘ ਬਾਬਾ ਮਨਜੀਤ ਸਿੰਘ ਮੇਵਾ ਸਿੰਘ, ਗੁਰਦੇਵ ਸਿੰਘ ਕਾਕਾ ਰਣਜੀਤ ਸਿੰਘ ਰਾਣਾ ਉਜਾਗਰ ਸਿੰਘ, ਲਾਭ ਸਿੰਘ, ਸ਼ਮਸ਼ੇਰ ਸਿੰਘ ਸਰਾਓ, ਭਿੰਦਾ ਸੀ ਟੀ ਯੂ, ਜੋਗਾ ਸਿੰਘ, ਰੁਲਦਾ ਸਿੰਘ, ਮੋਹਣ ਸਿੰਘ ਸਰਾਓ ਚੌਕੀਦਾਰ, ਮੋਹਨ ਸਿੰਘ ਸੂਬੇਦਾਰ, ਭਾਗ ਸਿੰਘ, ਲਖਬੀਰ ਸਿੰਘ ਫੌਜੀ, ਦਲਜੀਤ ਸਿੰਘ, ਗੁਰਦੀਪ ਸਿੰਘ, ਨਿਰਮਲ ਸਿੰਘ ਖਾਲਸਾ ਸਾਊਂਡ, ਅਮਰਜੀਤ ਸਿੰਘ ਬਬਲੀ, ਸ਼ਮਸ਼ੇਰ ਸਿੰਘ ਸਰਾਓ, ਅਵਤਾਰ ਸਿੰਘ ਬਾਠ, ਤਰਲੋਚਨ ਸਿੰਘ, ਜੋਗਾ ਸਿੰਘ, ਰਣਜੋਧ ਸਿੰਘ, ਓਂਕਾਰ ਸਿੰਘ, ਹਰਜੀਤ ਸਿੰਘ ਸਰਾਓ, ਰਾਜਵਿੰਦਰ ਸਿੰਘ ਕੰਗ ਰਣਜੀਤਪੁਰਾ ਆਦਿ ਨੇ ਸਮੂਲੀਅਤ ਕੀਤੀ।



# ਕਰੋੜਾਂ ਦੀ ਠੱਗੀ ਮਾਰ ਕੇ ਬਿਲਡਰ ਵਿਦੇਸ਼ .ਫਰਾਰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਹਲਕੇ ਵਿੱਚ ਕਰੋੜਾਂ ਰੁਪਏ ਦੀ ਠੱਗੀ ਮਾਰ ਕੇ ਵਿਦੇਸ਼ ਫ਼ਰਾਰ ਹੋਏ ਜੀ ਬੀ ਪੀ ਬਿਲਡਰ ਦੀ ਕੰਪਨੀ ‘ਇਕੋ ਗ੍ਰੀਨਜ਼-2’ ਦੇ ਧੋਖਾਧੜੀ ਦੇ ਸ਼ਿਕਾਰ ਹੋਏ 11 ਦੁਕਾਨ ਮਾਲਕਾਂ ਦੀਆਂ ਮੁਸ਼ਕਲਾਂ ਮੁੜ ਵਧ ਗਈਆਂ ਹਨ। ਬੈਂਕ ਵੱਲੋਂ ਇਨ੍ਹਾਂ ਦੁਕਾਨਾਂ ’ਤੇ ਕੁਰਕੀ ਦੇ ਨੋਟਿਸ ਚਸਪਾ ਕਰ ਦਿੱਤੇ ਗਏ ਹਨ, ਜਿਸ ਕਾਰਨ ਦੁਕਾਨਦਾਰਾਂ ਵਿੱਚ ਭਾਰੀ ਰੋਸ ਅਤੇ ਦਹਿਸ਼ਤ ਦਾ ਮਾਹੌਲ ਹੈ। ਬਿਲਡਰ ਦੇ ਲੋਕਾਂ ਨੇ ਉਨ੍ਹਾਂ ਦੁਕਾਨਾਂ ’ਤੇ ਕਰੀਬ ਇੱਕ ਕਰੋੜ ਰੁਪਏ ਦਾ ਲੋਨ ਲਿਆ ਸੀ, ਜੋ ਉਹ ਪਹਿਲਾਂ ਹੀ ਭੋਲੇ-ਭਾਲੇ ਲੋਕਾਂ ਨੂੰ ਵੇਚ ਚੁੱਕੇ ਸਨ। ਹੁਣ ਬੈਂਕ ਰਿਕਵਰੀ ਲਈ ਦੁਕਾਨਦਾਰਾਂ ਨੂੰ 14 ਮਈ ਤੱਕ ਦੁਕਾਨਾਂ ਖ਼ਾਲੀ ਕਰਨ ਦੀ ਡੈੱਡਲਾਈਨ ਦੇ ਰਿਹਾ ਹੈ, ਜਿਸ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਰਾਹੀਂ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ।ਪਿਛਲੇ ਦੋ ਸਾਲਾਂ ਵਿੱਚ ਇਹ ਤੀਜੀ ਵਾਰ ਹੈ ਜਦੋਂ ਇਨ੍ਹਾਂ ਦੁਕਾਨਦਾਰਾਂ ਨੂੰ ਕਬਜ਼ਾ ਵਾਰੰਟ ਜਾਰੀ ਕੀਤੇ ਗਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਦੁਕਾਨਦਾਰਾਂ ਕੋਲ ਦੁਕਾਨਾਂ ਦੀਆਂ ਰਜਿਸਟਰੀਆਂ, ਇੰਤਕਾਲ ਅਤੇ ‘ਨੋ ਡਿਊ ਸਰਟੀਫਿਕੇਟ’ (ਭਾਰਮੁਕਤ) ਤੱਕ ਮੌਜੂਦ ਹਨ। ਇਸ ਦੇ ਬਾਵਜੂਦ ਮਾਸੂਮ ਲੋਕਾਂ ਦੀ ਕਿਤੇ ਕੋਈ ਸੁਣਵਾਈ ਨਹੀਂ ਹੋ ਰਹੀ। ਪੀੜਤਾਂ ਨੇ ਹੁਣ ਸੀ ਐੱਮ ਵਿੰਡੋ ’ਤੇ ਸ਼ਿਕਾਇਤ ਭੇਜ ਕੇ ਇਨਸਾਫ਼ ਦੀ ਗੁਹਾਰ ਲਗਾਈ ਹੈ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਪੀੜਤਾਂ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਅਨੁਸਾਰ, ਗੌਰਵ ਪੁੱਤਰ ਚਮਨ ਲਾਲ ਵਾਸੀ ਮੁਬਾਰਕਪੁਰ ਨੇ ਗੁਲਾਬਗੜ੍ਹ ਮੌਜੇ ਵਿੱਚ 2295 ਵਰਗ ਫੁੱਟ ਜ਼ਮੀਨ ਦੀ ਰਜਿਸਟਰੀ ਜੀ ਬੀ ਪੀ ਦੇ ਰਿਸ਼ਤੇਦਾਰ ਅਜੇ ਗੁਪਤਾ ਪੁੱਤਰ ਪ੍ਰੇਮਚੰਦ ਵਾਸੀ ਯਮੁਨਾਨਗਰ ਦੇ ਨਾਮ ਕਰਵਾਈ ਸੀ। 6 ਜਨਵਰੀ 2017 ਨੂੰ ਰਜਿਸਟਰੀ ਹੋਣ ਦੇ ਮਹਿਜ਼ ਦੋ ਹਫ਼ਤਿਆਂ ਬਾਅਦ ਖਰੀਦਦਾਰ ਅਜੇ ਗੁਪਤਾ ਨੇ ਆਪਣੀ ਫਰਮ ‘ਅਜੇ ਟ੍ਰੇਡਿੰਗ ਕੰਪਨੀ’ ਦੇ ਨਾਂਅ ’ਤੇ ਇੰਡੀਅਨ ਬੈਂਕ ਤੋਂ ਲੱਖਾਂ ਦਾ ਲੋਨ ਲੈ ਲਿਆ, ਜੋ ਹੁਣ ਵਧ ਕੇ 1 ਕਰੋੜ 15 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਜ਼ਮੀਨ ਮਾਲਕ ਨੇ ਵੱਖਰੇ ਤੌਰ ’ਤੇ 11 ਬਿਲਟ-ਅੱਪ ਦੁਕਾਨਾਂ ਵੀ ਵੇਚ ਦਿੱਤੀਆਂ ਅਤੇ ਉਸੇ ਜ਼ਮੀਨ ’ਤੇ ਬੈਂਕ ਤੋਂ ਕਰਜ਼ਾ ਵੀ ਚੁੱਕ ਲਿਆ। ਹੁਣ ਬੈਂਕ ਆਪਣੀ ਰਿਕਵਰੀ ਲਈ ਉਨ੍ਹਾਂ ਦੁਕਾਨਾਂ ਨੂੰ ਕਬਜ਼ੇ ਵਿੱਚ ਲੈਣ ਜਾ ਰਿਹਾ ਹੈ ਜੋ ਅਸਲ ਵਿੱਚ ਲੋਕ ਖਰੀਦ ਚੁੱਕੇ ਹਨ। ਇਸ ਪੂਰੇ ਮਾਮਲੇ ਵਿੱਚ ਦੋਹਰੀ ਠੱਗੀ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਦੁਕਾਨਦਾਰਾਂ ਦਾ ਦੋਸ਼ ਹੈ ਕਿ ਲੋਨ ਹੋਣ ਦੇ ਬਾਵਜੂਦ ਪਾਵਰ ਆਫ਼ ਅਟਾਰਨੀ ਦੇਣ ਅਤੇ ਲੈਣ ਵਾਲੇ ਦੋਵੇਂ ਤਿੰਨ ਸਾਲਾਂ ਤੱਕ ਇਹ ਦੁਕਾਨਾਂ ਵੇਚਦੇ ਰਹੇ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕਿਸੇ ਵੀ ਫ਼ਰਦ ਜਾਂ ਭਾਰ-ਮੁਕਤ ਸਰਟੀਫਿਕੇਟ ਸਮੇਤ ਮਾਲ ਵਿਭਾਗ ਦੇ ਰਿਕਾਰਡ ਵਿੱਚ ਇਸ ਲੋਨ ਦਾ ਜ਼ਿਕਰ ਕਿਉਂ ਨਹੀਂ ਆਇਆ ਪੀੜਤਾਂ ਮੁਤਾਬਕ ਇਹ ਸਾਰਾ ਗੋਰਖਧੰਦਾ ਮਾਲ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਧੋਖਾਧੜੀ ਦਾ ਖ਼ਮਿਆਜ਼ਾ ਉਹ ਲੋਕ ਭੁਗਤ ਰਹੇ ਹਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਭਰ ਦੀ ਜਮ੍ਹਾਂ ਪੂੰਜੀ ਇਨ੍ਹਾਂ ਦੁਕਾਨਾਂ ’ਤੇ ਲਗਾ ਦਿੱਤੀ ਸੀ। ਸਤੰਬਰ 2024 ਵਿੱਚ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਕੁਰਕੀ ਦੇ ਆਰਡਰ ਜਾਰੀ ਕੀਤੇ ਗਏ ਸਨ। ਉਸ ਸਮੇਂ ਲੋਨ 95 ਲੱਖ ਰੁਪਏ ਸੀ। ਵਿਰੋਧ ਹੋਣ ’ਤੇ ਪੀੜਤ ਦੁਕਾਨਦਾਰ ਮਾਲ ਵਿਭਾਗ ਕੋਲ ਪਹੁੰਚੇ ਤੇ ਫ਼ਰਜ਼ੀਵਾੜੇ ਦੀ ਜਾਂਚ ਦੀ ਮੰਗ ਕੀਤੀ। ਕੁਰਕੀ ਕੁਝ ਸਮੇਂ ਲਈ ਰੁਕ ਗਈ ਅਤੇ ਵਿਦੇਸ਼ ਬੈਠੇ ਗੌਰਵ ਨੇ ਬੈਂਕ ਨਾਲ ਸੈਟਲਮੈਂਟ ਕਰਕੇ 11 ਲੱਖ ਰੁਪਏ ਜਮ੍ਹਾਂ ਕਰਵਾਏ, ਜਿਸ ਨਾਲ ਲੋਨ 1.04 ਕਰੋੜ ਰਹਿ ਗਿਆ। ਪਰ ਇਸ ਤੋਂ ਬਾਅਦ ਕੋਈ ਕਿਸ਼ਤ ਨਹੀਂ ਦਿੱਤੀ ਗਈ। ਦੂਜੇ ਪਾਸੇ ਮਾਲ ਵਿਭਾਗ ਨੇ ਸਾਲ ਬੀਤ ਜਾਣ ਦੇ ਬਾਵਜੂਦ ਜਾਂਚ ਪੂਰੀ ਨਹੀਂ ਕੀਤੀ। ਸੈਟਲਮੈਂਟ ਫੇਲ੍ਹ ਹੋਣ ਕਾਰਨ ਹੁਣ ਬੈਂਕ ਨੇ ਦੁਬਾਰਾ ਅਸਲ ਮਾਲਕਾਂ ’ਤੇ ਕੁਰਕੀ ਦੀ ਤਲਵਾਰ ਲਟਕਾ ਦਿੱਤੀ ਹੈ। ਇਸ ਸਬੰਧੀ ਜਦੋਂ ਥਾਣਾ ਮੁਖੀ ਸੁਮਿਤ ਮੋਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਫਿਲਹਾਲ ਉਨ੍ਹਾਂ ਕੋਲ ਪੁਲਿਸ ਸੁਰੱਖਿਆ ਜਾਂ ਕਬਜ਼ਾ ਲੈਣ ਵਿੱਚ ਮਦਦ ਲਈ ਕੋਈ ਅਧਿਕਾਰਤ ਨੋਟਿਸ ਨਹੀਂ ਆਇਆ ਹੈ। ਪੀੜਤ ਦੁਕਾਨਦਾਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੂੰ ਇਨਸਾਫ਼ ਨਾ ਮਿਲਿਆ ਤਾਂ ਉਹ ਤਿੱਖਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੇ।



# ਏ ਜੀ ਆਈ ਇਨਫਰਾ ਲਿਮਟਿਡ ਵੱਲੋਂ ਆਧੁਨਿਕ ਬਾਸਕਟਬਾਲ ਕੋਰਟ ਤਿਆਰ

**ਜਲੰਧਰ (ਰਾਜੇਸ਼ ਥਾਪਾ )** ਏ ਜੀ ਆਈ ਇਨਫਰਾ ਲਿਮਟਿਡ ਜੋ ਇਲਾਕੇ ਦੀ ਇੱਕ ਮਸ਼ਹੂਰ ਰੀਅਲ ਐਸਟੇਟ ਅਤੇ ਇੰਫਰਾਸਟ੍ਰਕਚਰ ਕੰਪਨੀ ਹੈ, ਨੇ ਆਪਣੇ ਇੱਕ ਵੱਡੇ ਰਿਹਾਇਸ਼ੀ ਪ੍ਰੋਜੈਕਟ (ਲਗਭਗ 1100 ਘਰਾਂ ਵਾਲਾ) ਵਿੱਚ ਆਧੁਨਿਕ ਸਿੰਥੈਟਿਕ ਬਾਸਕਟਬਾਲ ਕੋਰਟ ਬਣਾਇਆ ਹੈ।ਇਸ ਦਾ ਮਕਸਦ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਅਤੇ ਉਹਨਾਂ ਨੂੰ ਤੰਦਰੁਸਤ ਅਤੇ ਸਰਗਰਮ ਜੀਵਨ ਜੀਊਣ ਲਈ ਉਤਸ਼ਾਹਿਤ ਕਰਨਾ ਹੈ। ਇਸ ਮੌਕੇ ’ਤੇ ਏ ਜੀ ਆਈ ਇਨਫਰਾ ਲਿਮਿਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਕਿਹਾ ਕਿ ਸ਼ਹਿਰ ਵਿੱਚ ਖੇਡ ਮੈਦਾਨਾਂ ਤੇ ਸਿਹਤ ਨਾਲ ਸੰਬੰਧਤ ਗਤੀਵਿਧੀਆਂ ਲਈ ਪੂਰੀ ਸਹੂਲਤ ਨਹੀਂ ਹੈ। ਇਸ ਗੱਲ ਨੂੰ ਦੇਖਦੇ ਹੋਏ ਏ ਜੀ ਆਈ ਨੇ ਆਪਣੇ ਪ੍ਰੋਜੈਕਟਾਂ ਵਿੱਚ ਆਧੁਨਿਕ ਖੇਡ ਸਹੂਲਤਾਂ ਬਣਾਕੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਅਤੇ ਉਹਨਾਂ ਨੂੰ ਗਲਤ ਪ੍ਰਭਾਵਾਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਡਾਇਰੈਕਟਰ ਸਰਦਾਰ ਵਰਿੰਦਰ ਸਿੰਘ ਨੇ ਦੱਸਿਆ ਕਿ ਇਹ ਕੋਰਟ 8 ਲੇਅਰ ਵਾਲੀ ਆਧੁਨਿਕ ਤਕਨਾਲੋਜੀ ਨਾਲ ਬਣਾਇਆ ਗਿਆ ਹੈ, ਜਿਸ ਨਾਲ ਇਹ ਇਲਾਕੇ ਦੇ ਸਭ ਤੋਂ ਅਧੁਨਿਕ ਕੋਰਟਾਂ ਵਿੱਚੋਂ ਇੱਕ ਹੈ। ਉਨ੍ਹਾਂ ਨੇ ਕਿਹਾ ਕਿ ਏ ਜੀ ਆਈ ਜਲਦੀ ਹੀ ਆਪਣੇ ਇੱਕ ਹੋਰ ਪ੍ਰੋਜੈਕਟ ਵਿੱਚ ਇੰਟਰਨੈਸ਼ਨਲ ਲੈਵਲ ਦਾ ਬਾਸਕਟਬਾਲ ਕੋਰਟ ਬਣਾਏਗੀ।ਏ ਜੀ ਆਈ ਮੈਜੇਸਟਿਕ ਲਿਵਿੰਗ ਦੇ ਨੌਜਵਾਨ ਮੈਨੇਜਿੰਗ ਡਾਇਰੈਕਟਰ, ਜੋ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਲਾਈਫ ਮੈਂਬਰ ਵੀ ਹਨ, ਨੇ ਇਸ ਉਪਰ ਖੁਸ਼ੀ ਜਤਾਈ ਅਤੇ ਕਿਹਾ ਕਿ ਏ ਜੀ ਆਈ ਕ੍ਰਿਕਟ ਨੂੰ ਵੀ ਬੜ੍ਹਾਵਾ ਦੇ ਰਹੀ ਹੈ ਅਤੇ ਆਉਣ ਵਾਲੇ ਪ੍ਰੋਜੈਕਟਾਂ ਵਿੱਚ ਉੱਚ ਦਰਜੇ ਦੀਆਂ ਕ੍ਰਿਕਟ ਸਹੂਲਤਾਂ ਜਿਵੇਂ ਟ੍ਰੇਨਿੰਗ ਪਿਚਾਂ ਵੀ ਬਣਾਈਆਂ ਜਾਣਗੀਆਂ।ਸ਼੍ਰੀ ਸੁਰਿੰਦਰ ਭਾਂਬਰੀ, ਜੋ ਇਕ ਅੰਤਰਰਾਸ਼ਟਰੀ ਖੇਡ ਆਯੋਜਕ ਹਨ ਅਤੇ ਏ ਜੀ ਆਈ ਸਪੋਰਟਸ ਇੰਸਟੀਟਿਊਟ ਆਫ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਹਨ, ਨੇ ਦੱਸਿਆ ਕਿ ਹੋਰ ਵੀ ਕਈ ਆਧੁਨਿਕ ਖੇਡ ਪ੍ਰੋਜੈਕਟ ਤਿਆਰ ਹੋ ਰਹੇ ਹਨ।



# ਬੁੱਧ ਪੂਰਨਿਮਾ ਦਾ ਪਵਿੱਤਰ ਦਿਹਾੜਾ ਮਨਾਇਆ

**ਬੰਗਾ (ਅਵਤਾਰ ਕਲੇਰ)**- ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਵਲੋਂ ਬੁੱਧ ਪੂਰਨਿਮਾ (ਬੁੱਧ ਜੈਅੰਤੀ ) ਦਾ ਪਵਿੱਤਰ ਦਿਵਸ ਡਾ.ਅੰਬੇਡਕਰ ਬੁਧਿਸਟ ਰਿਸੋਰਸ ਸੈਂਟਰ ਸੂੰਢ ਵਿਖੇ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਰਹਿਨੁਮਾਈ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਭੰਤੇ ਵਿਨੈ ਥੈਰੋ ਅਤੇ ਭੰਤੇ ਕੀਰਤ ਰਤਨ ਮਹਾਂ ਥੈਰੋ ਨੇ ਤ੍ਰਿਸ਼ਣ ਪੰਚਸ਼ੀਲ ਨਾਲ ਕੀਤੀ ਤੇ ਧੰਮ ਪ੍ਰਵਚਨ ਕੀਤੇ। ਸਮਾਗਮ ਵਿੱਚ ਮੁੱਖ ਮਹਿਮਾਨ ਮਹਿਮਾਨ ਵਜੋਂ ਚੌਧਰੀ ਮੋਹਨ ਲਾਲ ਸਾਬਕਾ ਵਿਧਾਇਕ ਬੰਗਾ ਅਤੇ ਸੋਢੀ ਰਾਮ ਝੱਲੀ ਨੇ ਬੁੱਧ ਪੂਰਨਿਮਾ ਦੀ ਵਧਾਈ ਦਿੰਦਿਆ ਕਿਹਾ ਕਿ ਸਾਨੂੰ ਤਥਾਗਤ ਬੁੱਧ ਜੀ ਦੇ ਦਰਸਾਏ ਮਾਰਗ 'ਤੇ ਚੱਲਦਿਆ ਹਮੇਸ਼ਾ ਹੀ ਲੋੜਵੰਦਾਂ ਦੀ ਮਦਦ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਗੁਰਦਿਆਲ ਬੋਧ ਨੇ ਬੁੱਧ ਪੂਰਨਿਮਾ ਦੀ ਵਧਾਈ ਦਿੰਦਿਆ ਕਿਹਾ ਕਿ ਬੁੱਧ ਧੰਮ ਜਾਤਪਾਤ ਰਹਿਤ ਸਮਾਜ ਦਾ ਨਿਰਮਾਣ ਕਰਦਾ ਅਤੇ ਪਾਖੰਡਵਾਦ ਤੋਂ ਸਾਨੂੰ ਬਚਾਉਂਦਾ ਹੈ। ਬੋਧ ਨੇ ਕਿਹਾ ਕਿ ਬੁੱਧ ਧਰਮ ਨੂੰ ਆਪਣੇ ਜੀਵਨ ਵਿੱਚ ਅਪਨਾ ਕੇ ਸੁੱਖਮਈ ਜੀਵਨ ਬਤੀਤ ਕਰ ਸਕਦੇ ਹਾਂ। ਮੱਖਣ ਚੌਹਾਨ ਨੇ ਕਿਹਾ ਵੈਸਾਖ ਦੀ ਪੁੰਨਿਆ ਦਾ ਬੁੱਧ ਧੰਮ ਵਿੱਚ ਬਹੁਤ ਮਹੱਤਵ ਹੈ ਕਿਉਂਕਿ ਤਥਾਗਤ ਬੁੱਧ ਦਾ ਜਨਮ, ਤਥਾਗਤ ਨੂੰ ਗਿਆਨ ਦੀ ਪ੍ਰਾਪਤੀ ਅਤੇ ਪ੍ਰੀ ਨਿਰਮਾਣ ਨੂੰ ਪ੍ਰਾਪਤ ਹੋਣਾ ਇਹ ਤਿੰਨੇ ਘਟਨਾਵਾਂ ਵਿਸਾਖ ਦੀ ਪੁੰਨਿਆਂ ਨੂੰ ਵਾਪਰੀਆਂ ਹਨ। ਚੌਹਾਨ ਕਿਹਾ ਕਿ ਬੁੱਧ ਧੰਮ ਜਿੱਥੇ ਜਾਤ-ਪਾਤ ਰਹਿਤ ਸਮਾਜ ਦਾ ਨਿਰਮਾਣ ਕਰਦਾ ਹੈ, ਉੱਥੇ ਪਾਖੰਡਵਾਦ ਅਤੇ ਵਹਿਮਾ ਭਰਮਾਂ ਤੋਂ ਸਾਨੂੰ ਦੂਰ ਰੱਖਦਾ ਹੈ।ਗਾਇਕ ਹਰਮੇਸ਼ ਗਵਾਹਰ ਨੇ ਆਪਣੇ ਗੀਤਾਂ ਰਾਹੀਂ ਤਥਾਗਤ ਬੁੱਧ ਦੇ ਜੀਵਨ 'ਤੇ ਚਾਨਣਾ ਪਾਇਆ ਤੇ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਸੂੰਢ ਦੇ ਵਿਦਿਆਰਥੀਆਂ ਨੇ ਕਵਿਤਾਵਾਂ, ਗੀਤ ਅਤੇ ਕੋਰੀਓਗ੍ਰਾਫੀ ਰਾਹੀਂ ਤਥਾਗਤ ਬੁੱਧ ਤੇ ਬਾਬਾ ਸਾਹਿਬ ਅੰਬੇਡਕਰ ਜੀਵਨ ਤੇ ਸੰਘਰਸ਼ 'ਤੇ ਚਾਨਣਾ ਪਾਇਆ। ਇਸ ਮੌਕੇ ਰਮੇਸ਼ ਕੁਮਾਰ ਮੰਗੀ ਧੰਮਾ ਵਿੰਗ ਇੰਚਾਰਜ, ਬਲਵਿੰਦਰ ਢੰਡਾ ਆਸਟਰੀਆ, ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ, ਵਾਈਸ ਪ੍ਰਿੰਸੀਪਲ ਅੰਜਲੀ, ਮਨਜੋਤ ਲੌਂਗੀਆ, ਬਸਪਾ ਆਗੂ ਪ੍ਰਵੀਨ ਬੰਗਾ, ਰਮੇਸ਼ ਕੌਲ, ਚੇਅਰਮੈਨ ਰਜਿੰਦਰ ਘੇੜਾ, ਲੇਖਰਾਜ ਜਮਾਲਪੁਰ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ, ਹਰਬਲਾਸ ਬਸਰਾ, ਤਰਸੇਮ ਲਾਲ ਦੁੱਗ,ਅਮਰ ਚੰਦ ਅਟਾਰੀ, ਧਰਮਿੰਦਰ ਭੁੱਲਾਰਾਈ, ਮਨੀਸ਼ ਮਹਿਮੀ, ਮਨੀ ਅੰਬੇਡਕਰ, ਧਰਮਵੀਰ ਬੋਧ, ਐਡਵੋਕੇਟ ਪੀ.ਕੇ.ਸਰੋਆ, ਐਡਵੋਕੇਟ ਬਲਦੇਵ ਸਿੰਘ, ਐਡਵੋਕੇਟ ਸਨੀ ਦੇਵ, ਐਡਵੋਕੇਟ ਚੌਧਰੀ ਗੁਰਦੇਵ, ਐਡਵੋਕੇਟ ਮਨਜੀਤ ਫਰਾਲਾ, ਐਡਵੋਕੇਟ ਆਰ.ਡੀ.ਰੱਤੇਵਾਲ, ਨਿਤਿਨ ਥਾਬਲਕੇ, ਨਰਿੰਦਰ ਬਿੱਲਾ ਸਾਬਕਾ ਸਰਪੰਚ, ਬਲਵਿੰਦਰ ਬੋਧ, ਸਰਪੰਚ ਕਮਲਜੀਤ ਮਾਹੀ, ਸੁਰਿੰਦਰ ਪਾਲ ਹੀਰਾ, ਅਮਨਦੀਪ ਕੌਂਸਲਰ ਫਗਵਾੜਾ, ਬੀ.ਕੇ.ਰੱਤੂ, ਲਖਵੀਰ ਬੰਗੜ, ਸੋਨੀਆ ਮੱਲ, ਪ੍ਰਕਾਸ਼ ਫਰਾਲਾ, ਇੰਜ.ਜਸਵੀਰ ਮੋਰੋ, ਰੂਪ ਲਾਲ ਹੈਡਮਾਸਟਰ, ਚਰਨਜੀਤ ਬਸਰਾ, ਜੀਤ ਰਾਮ, ਵਿਜੇ ਗੁਣਾਚੌਰ, ਗਗਨਦੀਪ ਕੌਰ, ਅੰਸ਼ੂਮਨ ਬਸਰਾ, ਪਰਮਜੀਤ ਸੂੰਢ, ਰਮੇਸ਼ ਸੂੰਢ ਤੋਂ ਇਲਾਵਾ ਹੋਰ ਵੀ ਧੰਮ ਉਪਾਸ਼ਕ ਹਾਜ਼ਰ ਸਨ। ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਦੇ ਪੰਜਵੀਂ ਅਤੇ ਅੱਠਵੀਂ ਕਲਾਸ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਬੁੱਧ ਪੂਰਨਿਮਾ ਸਮਾਗਮ ਵਿੱਚ ਪਹੁੰਚੇ ਮੁੱਖ ਮਹਿਮਾਨ, ਪ੍ਰਮੁੱਖ ਸਖਸ਼ੀਅਤਾਂ ਅਤੇ ਦਾਨੀ ਸੱਜਣਾ ਨੂੰ ਸਨਮਾਨਿਤ ਅਤੇ ਦਿਲ ਦੀਆ ਗਹਿਰਾਈਆ ਤੋਂ ਧੰਨਵਾਦ ਕੀਤਾ।



# ਐੱਲ ਪੀ ਯੂ 'ਚ ਸ਼ਾਮਲ ਹੋਇਆ ਈਸ਼ਾਨ

**ਜਲੰਧਰ (ਸ਼ੈਲੀ ਐਲਬਰਟ)**- ਇੱਕ ਕ੍ਰਿਕਟ ਟੂਰਨਾਮੈਂਟ ਵਿੱਚ ਜਾਂਦੇ ਸਮੇਂ ਇੱਕ ਟ੍ਰੇਨ ਵਾਸ਼ਰੂਮ ਦੇ ਨੇੜੇ ਇੱਕ ਅਖ਼ਬਾਰ 'ਤੇ ਬੈਠਣ ਤੋਂ ਲੈ ਕੇ ਭਾਰਤ ਦੇ ਸਭ ਤੋਂ ਵੱਕਾਰੀ ਯੂਨੀਵਰਸਿਟੀ ਕੈਂਪਸ ਵਿੱਚ ਕਦਮ ਰੱਖਣ ਤੱਕ—ਈਸ਼ਾਨ ਕਿਸ਼ਨ ਇੱਕ ਵਿਦਿਆਰਥੀ ਵਜੋਂ ਦਾਖਲਾ ਲੈ ਰਿਹਾ ਹੈ, ਇੱਕ ਬ੍ਰਾਂਡ ਅੰਬੈਸਡਰ ਵਜੋਂ ਨਹੀਂ, ਸਗੋਂ ਇੱਕ ਵਿਦਿਆਰਥੀ ਵਜੋਂ।

ਐਲ ਪੀ ਯੂ ਨੇ ਕਿਸ਼ਨ ਨੂੰ ਕੈਂਪਸ ਦਾ ਦੌਰਾ ਕਰਨ ਲਈ ਸੱਦਾ ਦਿੱਤਾ। ਈਸ਼ਾਨ ਦੀ ਐਲ ਪੀ ਯੂ ਦੇ ਵਿਸ਼ਾਲ ਕੈਂਪਸ ਦੀ ਫੇਰੀ ਵਿਆਪਕ ਸੀ। ਉਸ ਨੂੰ ਇੱਕ ਗਾਈਡਡ ਟੂਰ 'ਤੇ ਲਿਜਾਇਆ ਗਿਆ। ਇੱਕ ਨੌਜਵਾਨ ਲਈ, ਜਿਸ ਨੇ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਸਮਾਂ ਹੋਟਲ ਦੇ ਕਮਰਿਆਂ ਅਤੇ ਕ੍ਰਿਕਟ ਸਟੇਡੀਅਮਾਂ ਵਿੱਚ ਬਿਤਾਇਆ ਸੀ, ਐਲ ਪੀ ਯੂ ਦੇ ਦਰਵਾਜ਼ਿਆਂ ਦੇ ਅੰਦਰ ਇਹ ਸਵੈ-ਨਿਰਭਰ ਦੁਨੀਆ ਇੱਕ ਬਿਲਕੁਲ ਨਵਾਂ ਅਨੁਭਵ ਸੀ।ਉਸ ਨੂੰ ਸਪੋਰਟਸ ਕੰਪਲੈਕਸ ਵੀ ਦਿਖਾਇਆ ਗਿਆ - ਇੱਕ ਅਤਿ-ਆਧੁਨਿਕ ਸਹੂਲਤ ਜਿਸ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਨ ਵਾਲੇ ਐਥਲੀਟ ਪੈਦਾ ਕੀਤੇ ਹਨ। ਇੱਕ ਵਿਦਿਆਰਥੀ ਜੋ ਕਦੇ ਰੇਲ ਗੱਡੀ ਦੇ ਵਾਸ਼ਰੂਮ ਦੇ ਨੇੜੇ ਫਰਸ਼ 'ਤੇ ਫੈਲੇ ਇੱਕ ਅਖਬਾਰ 'ਤੇ ਬੈਠਾ ਸੀ ਅਤੇ ਜੋ ਅੱਜ ਪੂਰੀ ਤਰ੍ਹਾਂ ਆਪਣੀਆਂ ਸ਼ਰਤਾਂ 'ਤੇ ਇੱਥੇ ਪਹੁੰਚਿਆ ਹੈ।




# ਦ ਨੋਬੇਲ ਸਕੂਲ ਦਾ ਸ਼ਿਮਲਾ ਟੂਰ ਯਾਦਗਾਰੀ ਰਿਹਾ

**ਕਰਤਾਰਪੁਰ (ਹਰਮੇਸ਼ ਦੱਤ)**- ਮੈਦਾਨੀ ਇਲਾਕਿਆਂ ਵਿੱਚ ਪੈ ਰਹੀ ਗਰਮੀ ਤੋਂ ਰਾਹਤ ਪਾਉਣ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੇ ਉਦੇਸ਼ ਨਾਲ ਦ ਨੋਬੇਲ ਸਕੂਲ ਵੱਲੋਂ ਪਹਾੜਾਂ ਦੀ ਰਾਣੀ ਸ਼ਿਮਲਾ ਦਾ ਇੱਕ ਸ਼ਾਨਦਾਰ ਵਿਦਿਅਕ ਅਤੇ ਸੈਰ-ਸਪਾਟਾ ਟ੍ਰਿਪ ਲਗਾਇਆ ਗਿਆ। ਇਸ ਟ੍ਰਿਪ ਵਿੱਚ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਕੁਦਰਤ ਦੇ ਨਜ਼ਾਰਿਆਂ ਦਾ ਖੂਬ ਆਨੰਦ ਮਾਣਿਆ।ਇਸ ਤਿੰਨ ਰੋਜ਼ਾ ਟ੍ਰਿਪ ਦੌਰਾਨ ਵਿਦਿਆਰਥੀਆਂ ਨੇ ਸ਼ਿਮਲਾ ਦੀਆਂ ਕਈ ਇਤਿਹਾਸਕ ਅਤੇ ਮਸ਼ਹੂਰ ਥਾਵਾਂ ਦੀ ਸੈਰ ਕੀਤੀ। ਸਭ ਤੋਂ ਪਹਿਲੇ ਦਿਨ ਬੱਚਿਆਂ ਨੇ ਭਦਰ ਕਾਲੀ ਮੰਦਰ ਵਿੱਚ ਮੱਥਾ ਟੇਕਿਆ। ਦੂਜੇ ਦਿਨ ਮਾਲ ਰੋਡ, ਇਤਿਹਾਸਕ ਰਿੱਜ ਮੈਦਾਨ, ਕ੍ਰਿਸਟ ਚਰਚ, ਰਾਜਿਆ ਸੰਗ੍ਰਹਿ ਹਾਲ ਮਿਊਜ਼ੀਅਮ ਅਤੇ ਜਾਖੂ ਮੰਦਰ ਦੇ ਦਰਸ਼ਨ ਕੀਤੇ। ਮਿਊਜ਼ੀਅਮ ਹਾਲ ਵਿੱਚ ਬੱਚਿਆਂ ਨੇ ਐਗਜੀਬਿਸ਼ਨ ਹਾਲ ਅਤੇ ਆਰਟ ਗੈਲਰੀ ਦੇਖੀ। ਇਸ ਤੋਂ ਇਲਾਵਾ ਕੁਫਰੀ ਦੀਆਂ ਹਸੀਨ ਵਾਦੀਆਂ ਵਿੱਚ ਹਿਮਾਲਿਅਨ ਨੇਚਰ ਪਾਰਕ ਵਿੱਚ ਬੱਚਿਆਂ ਨੇ ਅਲੱਗ-ਅਲੱਗ ਲੁਪਤ ਹੋ ਚੁੱਕੇ ਪੰਛੀਆਂ ਅਤੇ ਜਾਨਵਰਾਂ ਨੂੰ ਦੇਖਿਆ। ਬੱਚਿਆਂ ਨੇ ਘੋੜੇ ਦੀ ਸਵਾਰੀ, ਐਡਵੈਂਚਰ ਪਾਰਕ ਅਤੇ ਹੋਰ ਖੇਡਾਂ ਦਾ ਖੂਬ ਮਜ਼ਾ ਲਿਆ। ਸਕੂਲ ਦੇ ਚੇਅਰਮੈਨ ਸੀ. ਐੱਲ.ਕੋਛੜ, ਮੈਨੇਜਿੰਗ ਡਾਇਰੈਕਟਰ ਕੁਮਾਰ ਸ਼ਿਵ ਕੋਛੜ ਨੇ ਬੱਚਿਆਂ ਦੇ ਸ਼ਿਮਲੇ ਦੇ ਟੂਰ ਦੀ ਵਾਪਸੀ ਤੇ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਵਿਦਿਅਕ ਟੂਰ ਬੱਚਿਆਂ ਦੇ ਮਾਨਸਿਕ ਵਿਕਾਸ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਵਧਾਉਣ ਲਈ ਬਹੁਤ ਜ਼ਰੂਰੀ ਹਨ। ਬੱਚੇ ਜਦੋਂ ਮਿਲ-ਜੁਲ ਕੇ ਸਫ਼ਰ ਕਰਦੇ ਹਨ, ਤਾਂ ਉਨ੍ਹਾਂ ਵਿੱਚ ਏਕਤਾ ਅਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਹੁੰਦੀ ਹੈ।ਸਕੂਲ ਦੇ ਡਾਇਰੈਕਟਰ ਮੈਡਮ ਨੇ ਦੱਸਿਆ ਕਿ ਇਸ ਟੂਰ ਦਾ ਮੁੱਖ ਮਕਸਦ ਬੱਚਿਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਬਾਹਰੀ ਦੁਨੀਆ ਅਤੇ ਕੁਦਰਤ ਨਾਲ ਜੋੜਨਾ ਸੀ। ਇਹ ਸ਼ਿਮਲਾ ਟ੍ਰਿਪ ਬੱਚਿਆਂ ਲਈ ਇੱਕ ਨਾ ਭੁੱਲਣ ਵਾਲਾ ਤਜਰਬਾ ਬਣ ਨਿੱਬੜਿਆ।




# ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਮੀਟਿੰਗ

**ਟਾਂਡਾ ਉੜਮੁੜ ( ਮਿਥਲੇਸ਼ ਗਰਗ, ਜਸਵਿੰਦਰ ਸੰਧੂ)** ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਜਥੇਦਾਰ ਹਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਪਾਰਟੀ ਨੂੰ ਬੂਥ ਪੱਧਰ ਤੱਕ ਮਜਬੂਤ ਕਰਨ 'ਤੇ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣ ਲਈ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਨਵੀਂ ਜਥੇਬੰਦੀ ਬਣਾਉਣ ਲਈ ਜਿਲ੍ਹਾ ਹੁਸ਼ਿਆਰਪੁਰ ਦੇ ਸੀਨੀਅਰ ਆਗੂਆਂ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰਸਰਜੀਤ ਮਨਜੀਤ ਸਿੰਘ ਦਸੂਹਾ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਵਤਾਰ ਸਿੰਘ ਜੌਹਲ, ਕੌਮੀ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਜੰਡਾ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਮੂਨਕ, ਹਲਕਾ ਸ਼ਾਮ ਚੁਰਾਸੀ ਦੇ ਸੇਵਾਦਾਰ ਮਦਨ ਮੋਹਨ ਸਿੰਘ ਮੂਸਾ, ਸੀਨੀਅਰ ਟਕਸਾਲੀ ਆਗੂ ਚੀਫ ਨਿਰਮਲ ਸਿੰਘ ਮੁਕੇਰੀਆਂ ਨੇ ਇੱਕਜੁੱਟਤਾ ਨਾਲ ਕਿਹਾ ਕਿ ਜਿਲ੍ਹਾ ਹੁਸ਼ਿਆਰਪੁਰ ਵਿੱਚ ਜਲਦੀ ਹੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਜਥੇਬੰਦੀ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਦਸੂਹਾ ਵੱਲੋਂ ਬਣਾਈ ਜਾਵੇਗੀ। ਇਸ ਮੌਕੇ ਜਥੇਦਾਰ ਕਿਰਪਾਲ ਸਿੰਘ ਜਾਜਾ, ਜਥੇਦਾਰ ਮਲਕੀਤ ਸਿੰਘ, ਸਾਬਕਾ ਸਰਪੰਚ ਗੁਰਨਾਮ ਸਿੰਘ, ਕੌਂਸਲਰ ਸਾਬਕਾ ਬਲਵੀਰ ਸਿੰਘ ਕਾਲਾ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਰਵਿੰਦਰ ਸਿੰਘ ਮੋਮੀ, ਰਤਨ ਸਿੰਘ ਖੋਖਰ, ਅਮਰਜੀਤ ਸਿੰਘ ਖੋਖਰ, ਕੁਲਵੰਤ ਸਿੰਘ ਜੌਹਲ, ਚੌਹਾਨ ਢਡਿਆਲਾ, ਪੰਚ ਪ੍ਰਿਥੀ ਸਿੰਘ ਬੋਲੇਵਾਲ, ਨੰਬਰਦਾਰ ਹਜ਼ਾਰਾਂ ਸਿੰਘ ਬੋਲੇਵਾਲ, ਮੋਹਨ ਸਿੰਘ ਮੂਨਕ ਖੁਰਦ, ਇੰਦਰਜੀਤ ਸਿੰਘ ਕਾਕਾ ਭਾਰਦਵਾਜ, ਜਰਨੈਲ ਸਿੰਘ ਗੋਮਰਾ ਜੇ ਈ, ਪੰਚ ਤਜਿੰਦਰ ਸਿੰਘ ਲਾਡੀ, ਸੁਖਵਿੰਦਰ ਸਿੰਘ ਬਾਗੀ, ਗੁਰਦੇਵ ਸਿੰਘ ਜੀਆ ਨੱਥਾ, ਬਾਬਾ ਰਜਿੰਦਰ ਸਿੰਘ ਖੁੱਡਾ, ਜਥੇਦਾਰ ਪਰਮਜੀਤ ਸਿੰਘ ਮਿੱਠੂ ਖੁਣਖੁਣ, ਹੁਕਮਪ੍ਰੀਤ ਸਿੰਘ ਬਗੋਲਾ, ਸਾਬਕਾ ਸਰਪੰਚ ਸਰਬਜੀਤ ਸਿੰਘ, ਜੋਗਿੰਦਰ ਸਿੰਘ ਕੁਰਾਲਾ ਤੋਂ ਇਲਾਵਾ ਹੋਰ ਵਰਕਰ ਤੇ ਆਗੂ ਹਾਜਰ ਸਨ।



# ਪਰੋਵਾਲ ਟ੍ਰੇਡ ਵਿੰਗ ਦੇ ਜ਼ਿਲ੍ਹਾ ਇੰਚਾਰਜ ਨਿਯੁਕਤ

**ਚੰਡੀਗੜ੍ਹ**- ਆਮ ਆਦਮੀ ਪਾਰਟੀ ਪੰਜਾਬ ਨੇ ਆਪਣੇ ਟ੍ਰੇਡ ਵਿੰਗ ਵਿੱਚ ਅਹਿਮ ਸੰਗਠਨਾਤਮਕ ਨਿਯੁਕਤੀਆਂ ਕਰਨ ਦੇ ਨਾਲ-ਨਾਲ ਸੂਬੇ ਭਰ ਵਿੱਚ ਆਪਣੇ ਯੂਥ ਵਿੰਗ ਅਤੇ ਮਹਿਲਾ ਵਿੰਗ ਦੇ ਵੱਡੇ ਪੱਧਰ 'ਤੇ ਪੁਨਰਗਠਨ ਦਾ ਐਲਾਨ ਕੀਤਾ ਹੈ।ਟ੍ਰੇਡ ਵਿੰਗ ਵਿੱਚ ਚਰਨਜੀਤ ਸਿੰਘ ਪਰੋਵਾਲ ਨੂੰ ਗੁਰਦਾਸਪੁਰ ਦਾ ਜ਼ਿਲ੍ਹਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਜਦਕਿ ਰਾਕੇਸ਼ ਕੁਮਾਰ ਮਹਿਤਾ ਨੂੰ ਬਟਾਲਾ ਲਈ ਟ੍ਰੇਡ ਵਿੰਗ ਦਾ ਹਲਕਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਪਾਰਟੀ ਨੇ ਦੋਵਾਂ ਆਗੂਆਂ ਨੂੰ ਨਵੀਆਂ ਜ਼ਿੰਮੇਵਾਰੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਭਰੋਸਾ ਪ੍ਰਗਟਾਇਆ ਕਿ ਉਹ ਜ਼ਮੀਨੀ ਪੱਧਰ 'ਤੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨਗੇ। ਇਸ ਤੋਂ ਇਲਾਵਾ, ਪਾਰਟੀ ਨੇ ਕਈ ਜ਼ਿਲ੍ਹਿਆਂ ਅਤੇ ਹਲਕਿਆਂ ਵਿੱਚ ਯੂਥ ਵਿੰਗ ਵਿੱਚ ਕਈ ਅਹੁਦੇਦਾਰ ਨਿਯੁਕਤ ਕੀਤੇ ਹਨ, ਜਿਨ੍ਹਾਂ ਨੂੰ ਜ਼ਿਲ੍ਹਾ ਇੰਚਾਰਜ ਅਤੇ ਜ਼ਿਲ੍ਹਾ ਸਕੱਤਰ ਵਰਗੀਆਂ ਭੂਮਿਕਾਵਾਂ ਸੌਂਪੀਆਂ ਗਈਆਂ ਹਨ ਤਾਂ ਜੋ ਕੇਡਰ ਵਿੱਚ ਨਵੀਂ ਰੂਹ ਫੂਕੀ ਜਾ ਸਕੇ ਅਤੇ ਨੌਜਵਾਨਾਂ ਵਿੱਚ ਪਾਰਟੀ ਦਾ ਦਾਇਰਾ ਵਧਾਇਆ ਜਾ ਸਕੇ।ਮਹਿਲਾ ਵਿੰਗ ਵਿੱਚ ਦਸੂਹਾ ਅਤੇ ਮੁਕੇਰੀਆਂ ਸਮੇਤ ਵੱਖ-ਵੱਖ ਹਲਕਿਆਂ ਵਿੱਚ ਬਲਾਕ ਪੱਧਰ 'ਤੇ ਨਿਯੁਕਤੀਆਂ ਕੀਤੀਆਂ ਗਈਆਂ ਹਨ, ਜਿੱਥੇ ਕਈ ਆਗੂਆਂ ਨੂੰ ਬਲਾਕ ਕੋਆਰਡੀਨੇਟਰਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਔਰਤਾਂ ਦੀ ਭਾਗੀਦਾਰੀ ਅਤੇ ਜਥੇਬੰਦਕ ਮੌਜੂਦਗੀ ਨੂੰ ਵਧਾਇਆ ਜਾ ਸਕੇ।

# ਮਜ਼ਦੂਰ ਦਿਵਸ 'ਤੇ ਮਜ਼ਦੂਰਾਂ ਲਈ 15 ਫੀਸਦੀ ਉਜਰਤ ਵਾਧੇ ਦਾ ਐਲਾਨ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਮਜ਼ਦੂਰ ਦਿਵਸ ਦੇ ਮੌਕੇ ਡੇਰਾਬੱਸੀ ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਹਲਕੇ ਦੇ ਸਮੂਹ ਮਜ਼ਦੂਰ ਵਰਗ ਨੂੰ ਦਿਲੋਂ ਵਧਾਈ ਦਿੱਤੀ ਗਈ। ਇਸ ਮੌਕੇ ਉਹ ਪਿੰਡ ਅਮਲਾਲਾ ਦੇ ਸਰਪੰਚ ਸਾਹਿਬ ਦੇ ਨਾਲ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਪਹੁੰਚੇ ਕਿਰਤੀ ਸਾਥੀਆਂ ਨਾਲ ਮੁਲਾਕਾਤ ਕਰਦੇ ਹੋਏ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਵੀ ਦਿੱਤੀਆਂ।ਵਿਧਾਇਕ ਰੰਧਾਵਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਮਜ਼ਦੂਰਾਂ ਦੇ ਮੁੱਦਿਆਂ 'ਤੇ ਗੰਭੀਰ ਚਰਚਾ ਲਈ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਬੁਲਾਉਣਾ ਆਪਣੇ ਆਪ ਵਿੱਚ ਇੱਕ ਇਤਿਹਾਸਕ ਕਦਮ ਹੈ।

ਉਨ੍ਹਾਂ ਹੋਰ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਜ਼ਦੂਰ ਦਿਵਸ ਦੇ ਮੌਕੇ ਘੱਟੋ-ਘੱਟ ਉਜਰਤ ਵਿੱਚ 15 ਫੀਸਦੀ ਵਾਧੇ ਦਾ ਐਲਾਨ ਕਰਕੇ ਮਜ਼ਦੂਰ ਵਰਗ ਨੂੰ ਵੱਡਾ ਅਤੇ ਸਤਿਕਾਰਯੋਗ ਤੋਹਫ਼ਾ ਦਿੱਤਾ ਗਿਆ ਹੈ। ਇਹ ਵਾਧਾ ਸਰਕਾਰੀ ਅਤੇ ਨਿੱਜੀ ਦੋਵੇਂ ਖੇਤਰਾਂ ਵਿੱਚ ਇੱਕਸਾਰ ਲਾਗੂ ਕੀਤਾ ਜਾਵੇਗਾ, ਜਿਸ ਨਾਲ ਹਜ਼ਾਰਾਂ ਮਜ਼ਦੂਰ ਪਰਿਵਾਰਾਂ ਨੂੰ ਸਿੱਧਾ ਲਾਭ ਮਿਲੇਗਾ।

## ਨਜਾਇਜ ਸ਼ਰਾਬ ਸਮੇਤ ਔਰਤ ਗ੍ਰਿਫਤਾਰ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਪਿੰਡ ਮਿਆਣੀ ਵਿਖੇ ਟਾਂਡਾ ਪੁਲਸ ਨੇ ਇੱਕ ਔਰਤ ਨੂੰ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਟਾਂਡਾ ਦੇ ਮੁਖੀ ਇੰਸਪੈਕਟਰ ਗੁਰਜਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਾਲਿਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ ਟਾਂਡਾ ਸੁਖਪਾਲ ਸਿੰਘ ਦੀ ਅਗਵਾਈ ਵਿੱਚ ਮੁਖਬਰ ਦੀ ਇਤਲਾਹ 'ਤੇ ਕੀਤੀ ਗਈ ਛਾਪੇਮਾਰੀ ਦੌਰਾਨ ਏ.ਐਸ.ਆਈ ਰਾਜਵਿੰਦਰ ਸਿੰਘ ਦੀ ਟੀਮ ਵੱਲੋਂ ਕਾਬੂ ਕੀਤੀ ਗਈ ਔਰਤ ਦੀ ਪਹਿਚਾਣ ਅਮਰਜੀਤ ਕੌਰ ਉਰਫ ਭੋਲੀ ਪਤਨੀ ਜਸਵੀਰ ਸਿੰਘ ਵਾਸੀ ਪਿੰਡ ਮਿਆਣੀ ਨੂੰ 10 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

## ਰੰਧਾਵਾ ਨੇ ਬਲਾਕ ਕੋਆਰਡੀਨੇਟਰਾਂ ਨਾਲ ਕੀਤੀ ਰਣਨੀਤਿਕ ਮੀਟਿੰਗ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਡੇਰਾਬੱਸੀ ਹਲਕੇ ਦੇ ਬਲਾਕ ਕੋਆਰਡੀਨੇਟਰਾਂ ਨਾਲ ਇਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਹਲਕੇ ਭਰ ਵਿੱਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਯੋਜਨਾਬੰਦੀ ਕੀਤੀ ਗਈ।ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਕਿ ਹਰ ਪਿੰਡ ਅਤੇ ਵਾਰਡ ਪੱਧਰ 'ਤੇ ਜਾਗਰੂਕਤਾ ਕੈਂਪ ਲਗਾਏ ਜਾਣਗੇ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਨੁਕਸਾਨ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾਵੇਗਾ। ਇਸ ਤੋਂ ਇਲਾਵਾ, ਸਥਾਨਕ ਪੱਧਰ 'ਤੇ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਵੱਖ-ਵੱਖ ਟੀਮਾਂ ਵੀ ਤਾਇਨਾਤ ਕੀਤੀਆਂ ਜਾਣਗੀਆਂ।ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਨੂੰ ਖਤਮ ਕਰਨ ਲਈ ਸਰਕਾਰ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਇਹ ਲੜਾਈ ਸਾਂਝੇ ਤੌਰ 'ਤੇ ਲੜਨੀ ਪਵੇਗੀ ।ਮੀਟਿੰਗ ਵਿੱਚ ਮਾਲਵਾ ਈਸਟ ਜ਼ੋਨ ਇੰਚਾਰਜ ਅਨੂ ਬੱਬਰ ਅਤੇ ਹੋਰ ਸੀਨੀਅਰ ਆਗੂਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।



# ਜਨਤਕ ਜਥੇਬੰਦੀਆਂ ਨੇ ਮਜ਼ਦੂਰ ਵਰਗ ਦੇ ਹੱਕ 'ਚ ਅਵਾਜ਼ ਬੁਲੰਦ ਕਰਕੇ ਮਨਾਇਆ ਮਜ਼ਦੂਰ ਦਿਵਸ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਜਨਤਕ ਜਥੇਬੰਦੀਆਂ (ਜੇ.ਪੀ.ਐਮ.ਓ) ਵੱਲੋਂ ਮਾਹਿਲਪੁਰ ਦੇ ਵਿਸ਼ਵਕਰਮਾ ਮੰਦਰ ਵਿਖੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਮੱਖਣ ਸਿੰਘ ਲੰਗੇਰੀ, ਅਮਰਜੀਤ ਕੁਮਾਰ, ਕਮਲਜੀਤ ਕੌਰ ਖੜੌਦੀ ਅਤੇ ਮਲਕੀਤ ਸਿੰਘ ਬਾਹੋਵਾਲ ਦੀ ਅਗਵਾਈ ਵਿੱਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਮਰਪਤ ਮਜ਼ਦੂਰ ਦਿਵਸ ਮਨਾਇਆ।ਬੁਲਾਰਿਆਂ ਨੇ ਸੰਬੋਧਨ ਦੌਰਾਨ ਕਿਹਾ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਅਤੇ ਕੇਂਦਰ ਵਿੱਚ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਰਾਜ ਕੀਤਾ ਪ੍ਰੰਤੂ ਮਜ਼ਦੂਰਾਂ, ਕਿਰਤੀਆਂ, ਕਾਮਿਆਂ ਅਤੇ ਮਿਹਨਤਕਸ਼ ਲੋਕਾਂ ਦੀ ਸਥਿਤੀ ਵਿੱਚ ਕਿਸੇ ਪ੍ਰਕਾਰ ਦਾ ਸੁਧਾਰ ਨਹੀਂ ਹੋਇਆ।ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਅਤੇ ਸ਼ੇਰ ਜੰਗ ਬਹਾਦਰ ਸਿੰਘ ਨੇ ਕਿਹਾ ਕਿ ਮਿਹਨਤਕਸ਼ ਲੋਕਾਂ ਵੱਲੋਂ ਜਦੋਂ ਵੀ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਗਈ ਤਾਂ ਸਮੇਂ ਦੀਆਂ ਸਰਕਾਰਾਂ ਨੇ ਉਹਨਾਂ ਦੇ ਹੱਕਾਂ ਨੂੰ ਦਬਾਉਣ ਦੇ ਹਰ ਹੀਲੇ ਦਬਾਉਣ ਦੀ ਕੋਸ਼ਿਸ਼ ਕੀਤੀ।ਆਗੂਆਂ ਨੇ ਕਿਹਾ ਕਿ ਮਿਹਨਤਕਸ਼ ਮਜ਼ਦੂਰਾਂ ਲਈ ਸਰਕਾਰਾਂ ਵਧੀਆ ਸਿਹਤ ਸਹੂਲਤਾਂ, ਬੀਮੇ, ਘੱਟੋ ਘੱਟ ਉਜਰਤਾਂ ਅਤੇ ਸੋਸ਼ਲ ਸਿਕਿਊਰਿਟੀ ਆਦਿ ਸਹੂਲਤਾਂ ਸਰਕਾਰ ਵੱਲੋਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਵੀ ਆਪਣੇ ਪਰਵਾਰ ਦਾ ਚੰਗੀ ਤਰਾਂ ਨਾਲ ਜੀਵਨ ਬਸਰ ਕਰ ਸਕਣ।ਇਸ ਮੌਕੇ ਪਰਮਜੀਤ ਕਾਤਿਬ ਅਤੇ ਨਰਿੰਦਰ ਮਹਿਰਮ ਨੇ ਇਨਕਲਾਬੀ ਗੀਤ ਪੇਸ਼ ਕਰਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਹਰਬੰਸ ਕੌਰ, ਅੰਮ੍ਰਿਤਪਾਲ ਸਿੰਘ, ਸਤਿੰਦਰਜੀਤ ਕੌਰ, ਬਲਵੀਰ ਚੰਦ ਵਰਮਾ, ਹਰਭਜਨ ਸਿੰਘ, ਸਰਬਜੀਤ ਸਿੰਘ, ਮਨਜਿੰਦਰ ਸਿੰਘ, ਅਮਰਜੀਤ ਸਿੰਘ, ਕਮਲਜੀਤ ਸਿੰਘ, ਸਤਨਾਮ ਸਿੰਘ, ਪਰਮਿੰਦਰ ਸਿੰਘ, ਜੈਰਾਮ ਬਾੜੀਆਂ, ਤਰਸੇਮ ਲਾਲ, ਸ਼ਿੰਦਰ ਪਾਲ, ਰਕੇਸ਼ ਕੁਮਾਰ, ਗੁਰਪਾਲ ਸਿੰਘ, ਭੂਸ਼ਣ ਸਿੰਘ, ਨਵਜੋਤ ਸਿੰਘ, ਪਰਮਜੀਤ ਮੇਘੋਵਾਲ, ਰਾਮਪਾਲ, ਦਿਲਵਾਗ ਸਿੰਘ, ਗੁਰਦੇਵ ਚੰਦ, ਗਿਆਨ ਚੰਦ, ਜੋਗਾ ਸਿੰਘ, ਸੀਨੀਅਰ ਬੈਂਕ ਮੈਨੇਜਰ ਜੈ ਰਾਮ, ਵਰਿੰਦਰ ਸ਼ਰਮਾ, ਬਲਵਿੰਦਰ ਰਾਮ, ਬਲਦੇਵ ਸਿੰਘ ਬੰਗਾ ਬੈਂਕ ਮੈਨੇਜਰ, ਬਲਵਿੰਦਰ ਕੌਰ, ਮਹਿੰਦਰ ਕੌਰ, ਚਰਨਜੀਤ ਕੌਰ, ਕਿਰਨ ਬਾਲਾ, ਸੁਰਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਹਾਜ਼ਰ ਸਨ।



# ਸ ਬ ਭ ਸ 'ਵਰਸਿਟੀ ਵੱਲੋਂ ਗੈਸਟ ਲੈਕਚਰ

**ਆਦਮਪੁਰ (ਪਰਮਪੀਤ ਸਿੰਘ)**- ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਮਾਣਯੋਗ ਚਾਂਸਲਰ ਸੰਤ ਬਾਬਾ ਮਨਮੋਹਨ ਸਿੰਘ ਅਤੇ ਹਰਦਮਨ ਸਿੰਘ ਮਿਨਹਾਸ (ਸਕੱਤਰ), ਉਪ-ਕੁਲਪਤੀ ਡਾ. ਵਿਜੇ ਧੀਰ ਦੀ ਅਗਵਾਈ ਵਿਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਕੈਂਪਸ ਦੇ ਡਿਪਾਰਟਮੈਂਟ ਆਫ ਫਿਜ਼ੀਕਲ ਐਜੂਕੇਸ਼ਨ ਐਂਡ ਸਪੋਰਟਸ ਵੱਲੋਂ ਇੱਕ ਵਿਸ਼ੇਸ਼ ਗੈਸਟ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਲੈਕਚਰ ਦਾ ਵਿਸ਼ਾ '21ਵੀਂ ਸਦੀ ਵਿੱਚ ਫਿਜ਼ੀਕਲ ਐਜੂਕੇਸ਼ਨ ਅਤੇ ਖੇਡਾਂ ਦੇ ਮੁਢਲੇ ਸਿਧਾਂਤਾਂ ਦੀ ਮੁੜ ਸਮੀਖਿਆ' ਸੀ, ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਇਸ ਮੌਕੇ ਮੁੱਖ ਵਕਤਾ ਡਾ. ਜਸਪਾਲ ਸਿੰਘ ਨੇ ਸ਼ਿਰਕਤ ਕੀਤੀ। ਉਹ ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਸਾਬਕਾ ਪ੍ਰਿੰਸੀਪਲ ਰਹਿ ਚੁੱਕੇ ਹਨ ਅਤੇ ਇੱਕ ਪ੍ਰਸਿੱਧ ਖੇਡ ਪ੍ਰਬੰਧਕ, ਲੇਖਕ ਅਤੇ ਖੋਜਕਰਤਾ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ 21ਵੀਂ ਸਦੀ ਵਿੱਚ ਫਿਜ਼ੀਕਲ ਐਜੂਕੇਸ਼ਨ ਅਤੇ ਖੇਡਾਂ ਦੀ ਵਧ ਰਹੀ ਮਹੱਤਤਾ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਸਿਰਫ ਕਿਤਾਬੀ ਗਿਆਨ ਹੀ ਕਾਫੀ ਨਹੀਂ, ਸਗੋਂ ਸਰੀਰਕ ਤੰਦਰੁਸਤੀ ਵੀ ਬਹੁਤ ਜ਼ਰੂਰੀ ਹੈ। ਇਸ ਮੌਕੇ ਰਜਿੰਦਰ ਕੁਮਾਰ (ਰਜਿਸਟਰਾਰ), ਰੂਪ ਸਿੰਘ (ਡਿਪਟੀ ਰਜਿਸਟਰਾਰ) ਵੱਖ ਵੱਖ ਵਿਭਾਗਾਂ ਦੇ ਡੀਨ ਡਾ. ਗੁਰਮਾਨਿਕ ਕੌਰ (ਡਿਪਟੀ ਡੀਨ ਅਕਾਦਮਿਕਸ), ਡਾ. ਜਗਦੀਪ ਕੌਰ (ਡੀਨ ਯੂ. ਆਈ. ਈ.ਟੀ),ਡਾ. ਪੂਜਾ ਬਾਲੀ (ਡੀਨ ਯੂ. ਆਈ ਐਲ) ਡਾ. ਨੀਸ਼ਾ (ਆਰ.ਐਂਡ. ਡੀ.ਡਾਇਰੈਕਟਰ), ਡਾ. ਅਨੀਲ ਕੁਮਾਰ (ਆਈ. ਕਿਊ.ਏ.ਸੀ), ਡਾ. ਜਗਤੇਸ਼ਵਰ ਸਿੰਘ (ਡਾਇਰੈਕਟਰ ਟ੍ਰੇਨਿੰਗ ਐਂਡ ਪਲੇਸਮੈਂਟ), ਡਾ. ਅਮਰਿੰਦਰ ਸਿੰਘ, (ਡੀਨ ਐਲੂਮਨਾਈਜ) ਡਾ. ਕੁਲਵੀਰ ਸਿੰਘ (ਡੀਨ ਯੂ. ਆਈ. ਏ), ਡਾ.ਅਮਰਜੀਤ ਸਿੰਘ, (ਡੀਨ. ਯੂ.ਆਈ. ਈ) ਡਾ. ਮਨਦੀਪ ਸਿੰਘ (ਡੀਨ ਯੂ. ਆਈ. ਐੱਚ) ਡਾ. ਸ਼ਵੇਤਾ ਸਿੰਘ (ਡੀਨ ਯੂ. ਆਈ ਏ.ਐੱਚ.ਐੱਸ),ਮੁਖੀ ਅਤੇ ਪ੍ਰੋਫ਼ੈਸਰ ਸਹਿਬਾਨ ਵੀ ਹਾਜ਼ਰ ਸਨ।ਇਹ ਪ੍ਰੋਗਰਾਮ ਡਾ. ਅਮਰਜੀਤ ਸਿੰਘ, (ਡੀਨ.ਯੂ. ਆਈ. ਈ) ਦੀ ਨਿਗਰਾਨੀ ਹੇਠ ਯੂਨੀਵਰਸਿਟੀ ਦੇ ਸੈਮੀਨਾਰ ਹਾਲ ਵਿੱਚ ਆਯੋਜਿਤ ਕੀਤਾ ਗਿਆ।

ਆਖਿਰ ਵਿੱਚ ਵਿਭਾਗ ਵੱਲੋਂ ਮੁੱਖ ਵਕਤਾ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।




## ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਗੁਰਮਤਿ ਸਮਾਗਮ 12 ਨੂੰ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**- ਧੰਨ ਧੰਨ ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ 316ਵੇਂ ਸਰਹੰਦ ਫਤਹਿ ਦਿਵਸ ਦੀ ਖ਼ੁਸ਼ੀ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ 12 ਮਈ ਨੂੰ ਕਰਵਾਇਆ ਜਾ ਰਿਹਾ ਹੈ । ਸਰਹੰਦ ਫਿਤਹ ਦਿਵਸ ਦੀ ਖ਼ੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ । ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥੇ, ਇੰਟਰਨੈਸ਼ਨਲ ਢਾਡੀ ਜਥੇ ਅਤੇ ਉਚਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਹਰਜੱਸ ਸੁਣਾ ਕੇ ਨਿਹਾਲ ਕਰਨਗੇ । ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿੱਚ ਮੁੱਖ ਮੰਤਰੀ ਪੰਜਾਬ ਲਈ ਮੰਗ ਪੱਤਰ ਨਾਇਬ ਤਹਿਸੀਲਦਾਰ ਵਰਿੰਦਰ ਸ਼ਰਮਾ ਹੁਸ਼ਿਆਰਪੁਰ ਨੂੰ ਸੌਂਪਿਆ।ਜਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਜਨਰਲ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿੱਚ ਕਿਸਾਨਾਂ ਦੇ ਵਫਦ ਨੇ ਮੰਗ ਪੱਤਰ ਦੇਣ ਉਪਰੰਤ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗੰਨੇ ਦੀ ਸਬਸਿਡੀ 68 ਰੁਪਏ 50 ਪੈਸੇ ਦੇਣ ਦਾ ਜੋ ਵਾਅਦਾ ਕੀਤਾ ਸੀ, ਪਰ ਹੁਣ ਤੱਕ ਕਿਸੇ ਵੀ ਕਿਸਾਨ ਦੇ ਖਾਤਿਆਂ ਵਿੱਚ ਪੈਸੇ ਨਹੀਂ ਆਏ ਕਿਸਾਨਾਂ ਨੇ ਮੰਗ ਕੀਤੀ ਕਿ ਇਹ ਅਦਾਇਗੀ ਤੁਰੰਤ ਕੀਤੀ ਜਾਵੇ। ਇਸ ਮੌਕੇ ਕਸ਼ਮੀਰ ਸਿੰਘ ਫੱਤਾ ਕੁੱਲਾ, ਜਗਦੀਪ ਸਿੰਘ ਜੱਗੀ ਗਿੱਲ, ਗੁਰਜੀਤ ਸਿੰਘ ਕੰਗ, ਗਣੇਸ਼ ਦੋਸਾਂਝ, ਰਮਨਦੀਪ ਸਿੰਘ ਮੋਖਾ, ਉਪਕਾਰ ਸਿੰਘ ਭੱਕਲ, ਸੁਖਵੀਰ ਸਿੰਘ ਨਰਵਾਲ, ਲਭਿੰਦਰ ਸਿੰਘ ਜੌੜਾ, ਸਰਪੰਚ ਹੀਰਾ ਸਿੰਘ, ਮੋਹਦੀਪ ਸਿੰਘ ਚੌਹਾਨ, ਪ੍ਰਦੀਪ ਖੁੱਡਾ, ਸਰਵਣ ਕੁਮਾਰ ਸ਼ਰਮਾ, ਗੁਰਮੇਲ ਸਿੰਘ, ਸਤਨਾਮ ਸਿੰਘ ਭੁੱਲਰ, ਲਖਵਿੰਦਰ ਸਿੰਘ ਬਾਠ, ਬੀਬੀ ਰਾਜਵਿੰਦਰ ਕੌਰ, ਬੀਬੀ ਕਮਲਜੀਤ ਕੌਰ ਆਦਿ ਮੌਜੂਦ ਸਨ।

## ਸੰਤ ਫਰਾਂਸਿਸ ਕਾਨਵੈਂਟ ਸਕੂਲ ਦਾ 10ਵੀਂ ਦਾ ਨਤੀਜਾ 100 ਫੀਸਦੀ

**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਫਰਾਂਸਿਸ ਕਾਨਵੈਂਟ ਸਕੂਲ ਕਰਤਾਰਪੁਰ ਦਾ 10ਵੀਂ ਜਮਾਤ ਦਾ ਰਿਜ਼ਲਟ 100% ਰਿਹਾ। 10ਵੀਂ ਜਮਾਤ ਵਿਚੋਂ ਹਰਸ਼ਿਤ ਬੱਧਣ ਨੇ 99% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਜਸਪ੍ਰੀਤ ਸਿੰਘ ਨੇ 97.8% ਅੰਕਾਂ ਨਾਲ ਦੂਜਾ ਅਤੇ ਏਰਨਜੋਤ ਕੌਰ ਨੇ 97.2% ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਬੋਰਡ ਵਲੋਂ ਲਈ ਗਈਆਂ ਪ੍ਰੀਖਿਆਵਾਂ ਸਕੂਲ ਵਿੱਚ ਕੁੱਲ 187 ਵਿਦਿਆਰਥੀਆਂ ਨੇ ਪੇਪਰ ਦਿੱਤਾ ਜਿਸ ਵਿੱਚ 29 ਵਿਦਿਆਰਥੀਆਂ ਨੇ 90% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸਕੂਲ ਪ੍ਰਿੰਸੀਪਲ ਰੇਵਲੇਨ ਸਿਸਟਰ ਜਸਲੀਨ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ।



## ਕਾਹਮਾ ਵੱਲੋਂ ਖ਼ਾਲਸਾ ਕਾਲਜ ਨੂੰ 2 ਲੱਖ ਦੀ ਰਾਸ਼ੀ ਭੇਟ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਉੱਘੇ ਸਮਾਜ ਸੇਵੀ ਤੇ ਕਾਰੋਬਾਰੀ ਹਰਦੇਵ ਸਿੰਘ ਕਾਹਮਾ ਵੱਲੋਂ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਵਿਕਾਸ ਅਤੇ ਖੇਡਾਂ ਲਈ 2 ਲੱਖ ਦੀ ਮਾਇਕ ਰਾਸ਼ੀ ਭੇਟ ਕੀਤੀ ਗਈ।ਹਰਦੇਵ ਸਿੰਘ ਕਾਹਮਾ ਵਲੋਂ ਕਾਲਜ ਦੀ ਸਾਲਾਨਾ ਅਥਲੈਟਿਕ ਮੀਟ ਵਿਚ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਕਾਲਜ ਦੇ ਵਿਕਾਸ ਅਤੇ ਖੇਡਾਂ ਲਈ 2 ਲੱਖ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ ਸੀ।ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੂੰ ਕਾਲਜ ਦੀ ਐਲੂਮਨੀ ਐਸੋਸੀਏਸ਼ਨ ਲਈ ਮਾਇਕ ਰਾਸ਼ੀ ਦਾ ਚੈੱਕ ਭੇਟ ਕਰਦਿਆਂ ਹਰਦੇਵ ਸਿੰਘ ਕਾਹਮਾ ਨੇ ਭਵਿੱਖ ਵਿਚ ਵੀ ਅਦਾਰੇ ਦੀ ਬੇਹਤਰੀ ਲਈ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ।ਉਨ੍ਹਾਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਪ੍ਰੇਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਵਿਚ ਵਿਦਿਆਰਥੀਆਂ ਦਾ ਹੁਨਰਮੰਦ ਹੋਣਾ ਬਹੁਤ ਲਾਜ਼ਮੀ ਹੈ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਵਲੋਂ ਸ. ਹਰਦੇਵ ਸਿੰਘ ਕਾਹਮਾ ਵਲੋਂ ਕਾਲਜ ਦੀ ਬੇਹਤਰੀ ਲਈ ਪਾਏ ਜਾ ਰਹੇ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਦਾ ਅਦਾਰੇ ਵਲੋਂ ਧੰਨਵਾਦ ਕੀਤਾ। ਇਸ ਮੌਕੇ ਡਾ. ਜਾਨਕੀ ਅਗਰਵਾਲ ਤੇ ਲਖਵਿੰਦਰ ਸਿੰਘ ਧਾਲੀਵਾਲ ਹਾਜ਼ਰ ਸਨ।



## ਮਾਊਂਟ ਕਾਰਮਲ ਸਕੂਲ ਦੇ ਵਿਦਿਆਰਥੀਆਂ ਦਾ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਦਰਸ਼ਨ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਆਈ ਸੀ ਐਸ ਈ ਦੀਆਂ ਪ੍ਰੀਖਿਆਵਾਂ ਦਾ ਨਤੀਜਾ 30 ਅਪ੍ਰੈਲ ਨੂੰ ਐਲਾਨਿਆ ਗਿਆ, ਜਿਸ ਵਿੱਚ ਮਾਊਂਟ ਕਾਰਮਲ ਸਕੂਲ, ਗੜ੍ਹਸ਼ੰਕਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਨਾਮਣਾ ਖੱਟਿਆ ਹੈ।ਅਮੋਦ ਪ੍ਰਭਾਕਰ ਨੇ 98.6% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੋਸ਼ਨ ਕਰਦੇ ਹੋਏ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਵੰਸ਼ ਕਪੂਰ ਨੇ 98% ਅੰਕਾਂ ਨਾਲ ਦੂਸਰਾ ਅਤੇ ਆਦਰਸ਼ ਸੀਹਰਾ ਨੇ 96.6% ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦੀ ਮਜ਼ਬੂਤ ਅਕਾਦਮਿਕ ਉੱਤਮਤਾ ਨੂੰ ਦਿਖਾਇਆ ਹੈ।ਪ੍ਰਿੰਸੀਪਲ ਸਿਸਟਰ ਮੈਰੀਅਟਾ ਥੋਮਸ ਨੇ ਕਿਹਾ ਕਿ ਅਧਿਆਪਕਾਂ ਦੀ ਯੋਗ ਅਗਵਾਈ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਸਦਕਾ ਇਹ ਮੁਕਾਮ ਹਾਸਲ ਕੀਤਾ ਗਿਆ ਹੈ।



# ਦਰਜਨਾਂ ਭਾਜਪਾ ਆਗੂਆਂ ਨੇ ਅਕਾਲੀ ਦਲ ਦਾ ਫੜਿਆ ਪੱਲਾ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਸਥਾਨਕ ਸਵਾਸਤਿਕ ਵਿਹਾਰ ਵਿਖੇ ਆਯੋਜਿਤ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਭਾਜਪਾ ਮੰਡਲ 1 ਯੂਥ ਪ੍ਰਧਾਨ ਬਬੀਤਾ ਕਾਮਰਾ ਸਮੇਤ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਸਥਾਨਕ ਲੋਕ ਭਾਜਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ। ਐੱਨ ਕੇ ਸ਼ਰਮਾ ਨੇ ਕਿਹਾ ਕਿ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਵਿਕਾਸ ਦੀ ਗੱਲ ਕਰ ਰਿਹਾ ਹੈ। ਕੇਵਲ ਅਕਾਲੀ ਦਲ ਹੀ ਇੱਕੋ ਇੱਕ ਪਾਰਟੀ ਹੈ ਜਿਸ ਨੇ ਜ਼ੀਰਕਪੁਰ ਵਿੱਚ ਵਿਕਾਸ ਯੋਜਨਾਵਾਂ ਲਾਗੂ ਕੀਤੀਆਂ ਹਨ।ਭਾਜਪਾ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਵਾਲੇ ਵਰਕਰਾਂ ਅਤੇ ਆਗੂਆਂ ਦਾ ਸਵਾਗਤ ਕਰਦਿਆਂ ਐੱਨ ਕੇ ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਔਰਤਾਂ ਨੂੰ ਬਣਦਾ ਸਤਿਕਾਰ ਦਿੱਤਾ ਹੈ। ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪਹਿਲੇ ਦਿਨ ਤੋਂ ਹੀ ਔਰਤਾਂ ਦੇ ਹਿੱਤ ਲਈ ਕਈ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ। ਇਸ ਮੌਕੇ ਪ੍ਰਦੀਪ ਸਿੱਕਾ, ਸੀਮਾ ਸਿੱਕਾ, ਜਤਿੰਦਰ, ਅਤੁਲ ਮਹਿਰਾ, ਪੰਕਜ ਬੱਤਰਾ, ਨੀਤੂ ਨੈਥਾਨੀ, ਸੰਦੀਪ ਗਰਗ, ਸੁਰੇਸ਼ ਸ਼ਰਮਾ, ਅੰਜੂ, ਸੰਗੀਤਾ ਸ਼ਰਮਾ, ਵਿਮਲ ਬੱਤਰਾ, ਬੀਨੂ ਬੱਤਰਾ, ਅਮਿਤ ਨਾਗਪਾਲ, ਅਮਰੀਕ ਸਿੰਘ ਸਮੇਤ ਕਈ ਪਤਵੰਤੇ ਮੌਜੂਦ ਸਨ।



# ਕਲਿਆਣਪੁਰ 'ਚ 8ਵਾਂ ਅੰਮ੍ਰਿਤ ਸੰਚਾਰ ਕਰਵਾਇਆ

**ਨਕੋਦਰ ( ਮਨਜੀਤ ਮਾਨ)**- ਛਾਉਣੀ ਨਿਹੰਗ ਸਿੰਘਾਂ ਕਲਿਆਣਪੁਰ ਵਿਖੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਤ ਇੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਜਥੇਦਾਰ ਮਹਾਂਕਾਲ ਬਾਬਾ ਹਰੀ ਸਿੰਘ ਕਲਿਆਣਪੁਰ (ਮੁਖੀ ਮਿਸਲ ਸ਼ਹੀਦ ਬਾਬਾ ਤਾਰਾ ਸਿੰਘ , ਤਰਨਾ ਦਲ) ਦੀ ਯੋਗ ਅਗਵਾਈ ਹੇਠ ਬਹੁਤ ਹੀ ਉਤਸ਼ਾਹ ਤੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ, ਉਪਰੰਤ ਰਾਗੀ ਸਿੰਘਾਂ ਵੱਲੋਂ ਇਲਾਹੀ ਕੀਰਤਨ ਅਤੇ ਵਿਦਵਾਨਾਂ ਵੱਲੋਂ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਜਥੇਦਾਰ ਮਹਾਂਪੁਰਸ਼ ਬਾਬਾ ਹਰੀ ਸਿੰਘ ਬਟਾਲਾ (ਗ੍ਰੰਥੀਆਂ ਵਾਲੇ) ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਦਰਬਾਰ ਸਾਹਿਬ ਅਤੇ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ। ਸ੍ਰੀ ਗੁਰੂ ਰਵਿਦਾਸ ਗੁਰਦੁਆਰਾ (ਧਰਮਸ਼ਾਲਾ) ਕਲਿਆਣਪੁਰ ਵਿਖੇ 8ਵਾਂ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਪ੍ਰਧਾਨ ਅਮਰਜੀਤ ਕਲੇਰ, ਸਕੱਤਰ ਕੁਲਬੀਰ ਪਾਲ, ਉਪ ਪ੍ਰਧਾਨ ਰਣਜੀਤ ਸਿੰਘ ਅਤੇ ਸਮੂਹ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ 27 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕਰਕੇ ਗੁਰੂ ਵਾਲੇ ਬਣਨ ਦਾ ਸੁਭਾਗ ਪ੍ਰਾਪਤ ਕੀਤਾ।ਸਮਾਗਮ ਵਿੱਚ ਜਥੇਦਾਰ ਬਾਬਾ ਜਸਪ੍ਰੀਤ ਸਿੰਘ ਕਪੂਰਥਲਾ (ਮਿਸਲ ਸ਼ਹੀਦ ਬਾਬਾ ਉਦੇ ਸਿੰਘ), ਜਥੇਦਾਰ ਜਗਮੋਹਨ ਸਿੰਘ ਹਮੀਰਾ, ਜਥੇਦਾਰ ਬਲਜਿੰਦਰ ਸਿੰਘ ਬਟਾਲਾ, ਜਥੇਦਾਰ ਬਾਬਾ ਲਖਬੀਰ ਸਿੰਘ ਚੌਲਾਂਗ (ਮਿਸਲ ਸ਼ਹੀਦਾਂ ਤਰਨਾਦਲ), ਅਰਸ਼ਦੀਪ ਸਿੰਘ (ਹੈੱਡ ਗ੍ਰੰਥੀ, ਦਸ਼ਮੇਸ਼ ਤਰਨਾਦਲ), ਜਥੇਦਾਰ ਮਲਕੀਤ ਸਿੰਘ ਗੜ੍ਹਸ਼ੰਕਰ (ਬੁੱਢਾ ਦਲ), ਜਥੇਦਾਰ ਗੁਰਦੀਪ ਸਿੰਘ ਜਗਰਾਉਂ, ਅਭੀ ਬਖਸ਼ੀ ਲਾਂਬੜਾ (ਯੂਥ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ), ਅਤੇ ਪੰਜਾਬ ਚੇਅਰਮੈਨ ਵਿਜੈ ਘਾਰੂ ਸਮੇਤ ਕਈ ਧਾਰਮਿਕ ਅਤੇ ਸਿਆਸੀ ਸ਼ਖਸੀਅਤਾਂ ਨੇ ਹਾਜ਼ਰੀ ਭਰੀ।ਬਾਬਾ ਹਰੀ ਸਿੰਘ ਨੇ ਸੰਗਤਾਂ ਅਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਦਾ ਧੰਨਵਾਦ ਕੀਤਾ ।



# ਵਧੀਆਂ ਕੀਮਤਾਂ ਖ਼ਿਲਾਫ਼ ਸਿੱਧੂ ਦਾ ਭਾਜਪਾ 'ਤੇ ਤਿੱਖਾ ਹਮਲਾ

**ਮੋਹਾਲੀ (ਗੁਰਜੀਤ ਬਿੱਲਾ)**- ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਮਰਸ਼ੀਅਲ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਕੀਤੇ ਗਏ ਭਾਰੀ ਵਾਧੇ ਨੂੰ ਦੇਸ਼ ਦੀ ਆਰਥਿਕ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਛੋਟੇ ਕਾਰੋਬਾਰੀਆਂ ਅਤੇ ਆਮ ਲੋਕਾਂ ਖ਼ਿਲਾਫ਼ ਸੋਚੀ-ਸਮਝੀ ਸਾਜ਼ਿਸ਼ ਕਰਾਰ ਦਿੱਤਾ ਹੈ।ਸਿੱਧੂ ਨੇ ਕਿਹਾ ਕਿ ਇੱਕ ਹੀ ਦਿਨ ਵਿੱਚ ਗੈਸ ਸਿਲੰਡਰਾਂ ਦੀ ਕੀਮਤ ਵਿੱਚ ਕੀਤਾ ਗਿਆ ਵੱਡਾ ਵਾਧਾ ਸਾਬਤ ਕਰਦਾ ਹੈ ਕਿ ਭਾਜਪਾ ਸਰਕਾਰ ਨੂੰ ਨਾ ਤਾਂ ਛੋਟੇ ਵਪਾਰੀਆਂ ਦੀ ਚਿੰਤਾ ਹੈ ਅਤੇ ਨਾ ਹੀ ਆਮ ਘਰਾਂ ਦੀ ਰਸੋਈ ਦੀ ਪਰਵਾਹ। ਪਹਿਲਾਂ ਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਟੈਕਸਾਂ ਦੇ ਬੋਝ ਹੇਠ ਦਬੇ ਲੋਕਾਂ 'ਤੇ ਹੁਣ ਗੈਸ ਦੀਆਂ ਕੀਮਤਾਂ ਵਧਾ ਕੇ ਹੋਰ ਜ਼ੁਲਮ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਚਾਹ ਵਾਲਿਆਂ, ਢਾਬਾ ਮਾਲਕਾਂ, ਹੋਟਲ ਕਾਰੋਬਾਰੀਆਂ, ਬੇਕਰੀ ਸੰਚਾਲਕਾਂ, ਹਲਵਾਈ ਭਾਈਚਾਰੇ ਅਤੇ ਛੋਟੇ ਫੂਡ ਬਿਜ਼ਨਸ ਨਾਲ ਜੁੜੇ ਹਜ਼ਾਰਾਂ ਪਰਵਾਰਾਂ ਲਈ ਇਹ ਫੈਸਲਾ ਸਿੱਧਾ ਆਰਥਿਕ ਝਟਕਾ ਹੈ। ਇਸ ਵਾਧੇ ਦਾ ਅਸਰ ਸਿਰਫ਼ ਕਾਰੋਬਾਰੀਆਂ ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਹਰ ਆਮ ਪਰਵਾਰ ਦੀ ਥਾਲੀ, ਬੱਚਿਆਂ ਦੇ ਖਰਚੇ ਅਤੇ ਘਰੇਲੂ ਬਜਟ 'ਤੇ ਵੀ ਪਵੇਗਾ।ਸਿੱਧੂ ਨੇ ਦੋਸ਼ ਲਾਇਆ ਕਿ ਇੱਕ ਪਾਸੇ ਭਾਜਪਾ ਸਰਕਾਰ ਚੋਣੀ ਮੰਚਾਂ ਤੋਂ ਮਹਿੰਗਾਈ ਘਟਾਉਣ ਦੇ ਵਾਅਦੇ ਕਰਦੀ ਹੈ, ਦੂਜੇ ਪਾਸੇ ਲੋਕਾਂ ਦੀ ਜੇਬ 'ਤੇ ਲਗਾਤਾਰ ਡਾਕਾ ਮਾਰਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਸਰਕਾਰ ਆਮ ਲੋਕਾਂ ਦੀ ਕਮਾਈ ਨਾਲ ਖੇਡਣਾ ਬੰਦ ਕਰੇ, ਨਹੀਂ ਤਾਂ ਕਾਂਗਰਸ ਪਾਰਟੀ ਦੇਸ਼ ਭਰ ਵਿੱਚ ਵਪਾਰੀਆਂ, ਨੌਜਵਾਨਾਂ ਅਤੇ ਆਮ ਜਨਤਾ ਨੂੰ ਨਾਲ ਲੈ ਕੇ ਵੱਡਾ ਜਨ ਅੰਦੋਲਨ ਕਰੇਗੀ। ਲੋਕਾਂ ਦੀ ਰਸੋਈ 'ਤੇ ਵਾਰ ਕਰਨ ਵਾਲੀ ਹਰ ਜਨ ਵਿਰੋਧੀ ਨੀਤੀ ਦਾ ਕਾਂਗਰਸ ਡੱਟ ਕੇ ਮੁਕਾਬਲਾ ਕਰੇਗੀ ।

# ਨਾੜ ਤੇ ਸੁੱਕੀ ਖੜ੍ਹੀ ਕਣਕ ਨੂੰ ਅੱਗ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਬਿਸਤ ਦੁਆਬ ਨਹਿਰ ਕਿਨਾਰੇ ਪਿੰਡ ਝੱਜ ਦੇ ਖੇਤਾਂ ਵਿੱਚ ਸੁੱਕੀ ਖੜ੍ਹੀ ਕਣਕ ਦੀ ਫਸਲ ਅਤੇ ਕਣਕ ਦੇ ਨਾੜ ਨੂੰ ਅਚਾਨਕ ਅੱਗ ਲੱਗਣ ਦਾ ਸਮਾਚਾਰ ਹੈ।ਮਿਲੀ ਜਾਣਕਾਰੀ ਉਕਤ ਪਿੰਡ ਦੇ ਖੇਤਾਂ ਵਿੱਚ ਸੁੱਕੀ ਖੜ੍ਹੀ ਕਣਕ ਦੀ ਫਸਲ ਨੂੰ ਅਚਾਨਕ ਅੱਗ ਲੱਗਣ ਨਾਲ ਕਾਫੀ ਧੂੰਆ ਪੈਦਾ ਹੋਇਆ ਜਿਸ ਨਾਲ ਬਿਸਤ ਦੋਆਬ ਨਹਿਰ ਵਾਲੇ ਕੋਟ ਫਤੂਹੀ-ਗੜ੍ਹਸ਼ੰਕਰ ਮਾਰਗ ਤੋਂ ਲੰਘਣ ਵਾਲੇ ਰਾਹਗੀਰ ਵੀ ਇਸ ਲੱਗੀ ਅੱਗ ਨਾਲ ਪੈਦਾ ਹੋਏ ਧੂੰਏ ਕਰਕੇ ਕਾਫੀ ਪ੍ਰੇਸ਼ਾਨ ਹੋਏ ਅੱਗ ਨੂੰ ਕਾਬੂ ਕਰਨ ਲਈ ਪਿੰਡ ਦੇ ਨੌਜਵਾਨਾਂ ਨੇ ਟਰੈਕਟਰਾਂ ਨਾਲ ਖੇਤਾਂ ਨੂੰ ਆਲੇ ਦੁਆਲੇ ਤੋਂ ਵਾਹ ਕੇ ਬਾਕੀ ਰਹਿੰਦੀ ਫ਼ਸਲ ਦਾ ਬਚਾਅ ਕੀਤਾ, ਉਪਰੰਤ ਗੁਰੂ ਕੀ ਰਸੋਈ ਦੇ ਮੈਂਬਰਾਂ, ਆਲੇ ਦੁਆਲੇ ਦੇ ਲੋਕਾਂ ਨੇ ਤੇ ਫਾਇਰ ਬ੍ਰਿਗੇਡ ਦੀ ਗੱਡੀ ਮੰਗਵਾ ਕੇ ਅੱਗ ਉੱਤੇ ਕਾਬੂ ਪਾਇਆ ਗਿਆ।ਕਮਲਜੀਤ ਸਿੰਘ ਪੁੱਤਰ ਮੇਲਾ ਸਿੰਘ ਪਿੰਡ ਝੱਜ ਦੇ ਤਿੰਨ ਸਵਾ ਤਿੰਨ ਦੇ ਕਰੀਬ ਕਣਕ ਦੇ ਖੇਤ ਸੜ ਕੇ ਸੁਆਹ ਹੋ ਗਏ, ਕੁਲਵਿੰਦਰ ਸਿੰਘ ਉਰਫ਼ ਗੋਗੀ ਪੁੱਤਰ ਅਮਰੀਕ ਸਿੰਘ ਦੇ ਖੇਤ ਦੇ ਨਾੜ ਤੇ ਲਾਗਲੇ ਖੇਤ ਵਿੱਚ ਪਈ ਤੂੜੀ ਵੀ ਅੱਗ ਦੀ ਭੇਟ ਚੜ੍ਹ ਗਈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਅੱਗ ਨੇੜੇ ਚੱਲ ਰਹੀ ਕੰਬਾਈਨ ਦੇ ਬਿਜਲੀ ਦੀ ਤਾਰ ਨਾਲ ਟਕਰਾਉਣ ਤੇ ਚਿੰਗਾਰੀ ਨਿਕਲਣ ਨਾਲ ਵਾਪਰੀ। ਕਿਸਾਨਾਂ ਨੇ ਪ੍ਰਸ਼ਾਸਨ ਕੋਲੋਂ ਨੁਕਸਾਨ ਦੇ ਮੁਆਵਜੇ ਦੀ ਮੰਗ ਕੀਤੀ ਹੈ।ਇਸ ਮੌਕੇ ਚੌਕੀ ਇੰਚਾਰਜ ਸੁਖਵਿੰਦਰ ਸਿੰਘ ਨੇ ਮੁਣਸ਼ੀ ਬਲਵਿੰਦਰ ਸਿੰਘ, ਸੁਰਜੀਤ ਸਿੰਘ ਪੀ ਐੱਚ ਜੀ ਨੂੰ ਮੌਕੇ 'ਤੇ ਭੇਜ ਕੇ ਫਾਇਰ ਬ੍ਰਿਗੇਡ ਗੜ੍ਹਸ਼ੰਕਰ ਤੋਂ ਮੰਗਵਾਈ ਤੇ ਸਿਮਰਨ ਸਿੰਘ ਖੈਰੜ, ਗੁਰਮੁਖ ਸਿੰਘ, ਦਲਜੀਤ ਸਿੰਘ, ਪੰਕਜ ਕੁਮਾਰ ਆਦਿ ਨੇ ਅੱਗ 'ਤੇ ਕਾਬੂ ਪਉਣ ਲਈ ਸੇਵਾਵਾਂ ਨਿਭਾਈਆਂ ।



# ਖ਼ੂਨਦਾਨ ਕੈਂਪ ਲਗਾਇਆ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਨੂਰ ਮਲਟੀਸਪੈਸ਼ਲਟੀ ਚੈਰਿਟੇਬਲ ਹਸਪਤਾਲ ਮੋਰਿੰਡਾ ਵੱਲੋਂ ਨੂਰ ਹਸਪਤਾਲ, ਚੁੰਨੀ ਰੋਡ ਵਿਖੇ 20ਵਾਂ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਐਮ.ਡੀ. ਗੁਰਸੇਵਕ ਸਿੰਘ ਨੇ ਦੱਸਿਆ ਕਿ ਇਹ ਕੈਂਪ ਹਰ ਸਾਲ ਬੇਟੀ ਜਸਨੂਰ ਕੌਰ ਨੂਰ ਦੇ ਜਨਮਦਿਨ ਦੇ ਮੌਕੇ 'ਤੇ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦਾ ਉਦਘਾਟਨ ਪੰਚਾਇਤ ਸੰਮਤੀ ਚੇਅਰਪ੍ਰਸਨ ਹਰਵਿੰਦਰ ਕੌਰ ਸੰਧੂ ਵੱਲੋਂ ਕੀਤਾ ਗਿਆ। ਇਸ ਮੌਕੇ ਸਰਕਾਰੀ ਹਸਪਤਾਲ ਰੂਪਨਗਰ ਦੇ ਬਲੱਡ ਬੈਂਕ ਦੀ ਟੀਮ ਵੱਲੋਂ ਕੁੱਲ 42 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।ਚੇਅਰਪ੍ਰਸਨ ਹਰਵਿੰਦਰ ਕੌਰ ਸੰਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖ਼ੂਨ ਦੀ ਲੋੜ ਕਿਸੇ ਵੀ ਵੇਲੇ ਪੈ ਸਕਦੀ ਹੈ, ਇਸ ਲਈ ਹਰ ਯੋਗ ਵਿਅਕਤੀ ਨੂੰ ਖ਼ੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਬਿੱਟੂ ਸਰਪੰਚ ਰੋਡ ਮਾਜਰਾ ਵੱਲੋਂ 51ਵੀਂ ਵਾਰ ਖ਼ੂਨਦਾਨ ਕਰਕੇ ਹੋਰਨਾਂ ਲਈ ਪ੍ਰੇਰਨਾ ਬਣੇ। ਕੈਂਪ ਦੌਰਾਨ ਖ਼ੂਨਦਾਤਾਵਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਦਰਸ਼ਨ ਸਿੰਘ ਸੰਧੂ, ਰਾਹੁਲ ਸ਼ਰਮਾ, ਜਗਤਾਰ ਅਰਨੌਲੀ, ਹਰਜਿੰਦਰ ਸਿੰਘ ਪਵਾਰ, ਅਰਸ ਸਿੱਧੂ, ਗੁਰਮੀਤ ਰਾਏ , ਡਾਕਟਰ ਅਰਵਿੰਦ ਕੁਮਾਰ, ਡਾਕਟਰ ਕੇ ਡੀ ਬੈਂਸ, ਡਾਕਟਰ ਦਰਸ਼ਨ ਸਿੰਘ, ਵਾਰਸ ਨੂਰ ਸਿੰਘ , ਮਨਪ੍ਰੀਤ ਕੌਰ, ਸਿਮਰਨ ਅਤੇ ਜਸਪ੍ਰੀਤ ਕੌਰ ਆਦਿ ਵੀ ਮੌਜੂਦ ਸਨ।



# ਪਾਣੀ ਦੀ ਸਪਲਾਈ ਪ੍ਰਾਥਮਿਕਤਾ ਦੇ ਆਧਾਰ 'ਤੇ ਯਕੀਨੀ ਬਣਾਓ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਸੂਬੇ ਦੇ ਸਾਰੇ ਹਿੱਸਿਆਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਪ੍ਰਾਥਮਿਕਤਾ ਦੇ ਆਧਾਰ 'ਤੇ ਯਕੀਨੀ ਬਣਾਇਆ ਜਾਵੇ। ਸਾਰੇ ਤਾਲਾਬ, ਵਾਟਰ ਵਰਕਸ (ਜਲਘਰ) ਅਤੇ ਹੋਰ ਜਲ ਭੰਡਾਰ ਭਰ ਕੇ ਰੱਖੇ ਜਾਣ।ਇਹ ਨਿਰਦੇਸ਼ ਮੁੱਖ ਮੰਤਰੀ ਨੇ ਸ਼ਨੀਵਾਰ ਨੂੰ ਸਕੱਤਰੇਤ ਵਿਖੇ ਜਨ ਸਿਹਤ ਵਿਭਾਗ ਅਤੇ ਸਿੰਚਾਈ ਵਿਭਾਗ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਪੀਣ ਵਾਲੇ ਅਤੇ ਖੇਤੀਬਾੜੀ ਸਿੰਚਾਈ ਲਈ ਪਾਣੀ ਦੀ ਸਥਿਤੀ ਦੀ ਸਮੀਖਿਆ ਕਰਦਿਆਂ ਦਿੱਤੇ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਨਾਲ ਸਬੰਧਤ ਕਿਸ਼ਾਊ ਸਮੇਤ ਹੋਰ ਜਲ ਪ੍ਰੋਜੈਕਟਾਂ ਦੇ ਸਬੰਧ ਵਿੱਚ ਜਲਦੀ ਹੀ ਜਲ ਸ਼ਕਤੀ ਮੰਤਰਾਲੇ ਨਾਲ ਮੀਟਿੰਗ ਕੀਤੀ ਜਾਵੇਗੀ, ਜਿਸ ਵਿੱਚ ਇਨ੍ਹਾਂ ਰਾਜਾਂ ਦੇ ਅਧਿਕਾਰੀ ਵੀ ਸ਼ਾਮਲ ਹੋਣਗੇ।ਮੁੱਖ ਮੰਤਰੀ ਨੇ ਕਿਹਾ ਸੂਬੇ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪੀਣ ਵਾਲੇ ਅਤੇ ਸਿੰਚਾਈ ਵਾਲੇ ਪਾਣੀ ਦੀ ਕਮੀ ਨਾ ਰਹਿਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪੀਣ ਵਾਲੇ ਪਾਣੀ ਲਈ ਨਹਿਰਾਂ ਨਾਲ ਜੁੜੇ ਸਾਰੇ ਵਾਟਰ ਵਰਕਸ ਅਤੇ ਤਾਲਾਬਾਂ ਨੂੰ ਭਰ ਕੇ ਰੱਖਿਆ ਜਾਵੇ। ਜਿੱਥੇ ਟਿਊਬਵੈੱਲ ਅਧਾਰਤ ਜਲ ਸਪਲਾਈ ਹੁੰਦੀ ਹੈ, ਜੇਕਰ ਉੱਥੇ ਕੋਈ ਟਿਊਬਵੈੱਲ ਖਰਾਬ ਹੋ ਜਾਂਦਾ ਹੈ ਤਾਂ ਉਸ ਨੂੰ ਤਰਜੀਹ ਦੇ ਆਧਾਰ 'ਤੇ ਠੀਕ ਕਰਵਾਇਆ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਜੇਕਰ ਲੋੜ ਪਵੇ ਤਾਂ ਲੋਕਾਂ ਨੂੰ ਟੈਂਕਰਾਂ ਰਾਹੀਂ ਵੀ ਪਾਣੀ ਮੁਹੱਈਆ ਕਰਵਾਇਆ ਜਾਵੇ।ਮੀਟਿੰਗ ਵਿੱਚ ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਇਸ ਵਾਰ ਭਾਖੜਾ ਡੈਮ ਵਿੱਚ ਪਾਣੀ ਦੀ ਸਥਿਤੀ ਕਾਫ਼ੀ ਚੰਗੀ ਹੈ। ਇਸ ਸਮੇਂ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 36 ਫੁੱਟ ਵੱਧ ਹੈ।

## ਹੋਲੀ ਹਾਰਟ ਸਕੂਲ 'ਚ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਮੱਥੇ ਰੱਖਦਿਆਂ ਵੱਖ-ਵੱਖ ਰਚਨਾਤਮਕ ਤੇ ਮਨੋਰੰਜਕ ਗਤੀਵਿਧੀਆਂ ਦਾ ਵਿਸ਼ਾਲ ਆਯੋਜਨ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਛੋਟੇ ਬੱਚਿਆਂ ਨੇ ਬੜੇ ਹੀ ਉਤਸ਼ਾਹ ਤੇ ਖੁਸ਼ੀ ਨਾਲ ਭਾਗ ਲਿਆ ਅਤੇ ਆਪਣੇ ਅੰਦਰ ਲੁਕਿਆ ਹੋਇਆ ਹੁਨਰ ਸਭ ਦੇ ਸਾਹਮਣੇ ਪੇਸ਼ ਕੀਤਾ।ਬੱਚਿਆਂ ਨੇ ਕਾਗਜ਼ ਤੇ ਹੋਰ ਸਮੱਗਰੀ ਦੀ ਵਰਤੋਂ ਕਰਕੇ ਬਹੁਤ ਹੀ ਸੁੰਦਰ ਤੇ ਰੰਗ-ਬਰੰਗੇ ਕ੍ਰਾਫਟ ਆਈਟਮ ਤਿਆਰ ਕੀਤੇ, ਜਿਹੜੇ ਉਨ੍ਹਾਂ ਦੀ ਕਲਪਨਾ ਸ਼ਕਤੀ, ਸਿਰਜਣਾਤਮਕ ਸੋਚ ਤੇ ਕਲਾਤਮਕ ਕਾਬਲੀਅਤ ਦਾ ਜੀਵੰਤ ਪ੍ਰਤੀਕ ਸਨ।ਇਸ ਗਤੀਵਿਧੀ ਦੌਰਾਨ ਬੱਚਿਆਂ ਨੂੰ ਨਵੀਆਂ-ਨਵੀਆਂ ਤਕਨੀਕਾਂ ਸਿਖਾਈਆਂ ਗਈਆਂ ਤੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਵਿਚਾਰਾਂ ਨੂੰ ਰੂਪ ਦੇਣ ਤੇ ਨਵੀਆਂ ਚੀਜ਼ਾਂ ਬਣਾਉਣ ਵਿੱਚ ਰੁਚੀ ਲੈਣ।ਇਸ ਮੌਕੇ ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਸਿੱਖਿਆ ਦੇ ਨਾਲ-ਨਾਲ ਗਤੀਵਿਧੀਆਂ ਬੱਚਿਆਂ ਦੇ ਆਤਮ-ਵਿਸ਼ਵਾਸ ਨੂੰ ਵਧਾਉਂਦੀਆਂ ਹਨ ਤੇ ਉਨ੍ਹਾਂ ਨੂੰ ਆਪਣੇ ਟੈਲੇਂਟ ਨੂੰ ਨਿਖਾਰਨ ਦਾ ਮੌਕਾ ਦਿੰਦੀਆਂ ਹਨ।ਉਨ੍ਹਾਂ ਕਿਹਾ ਕਿ ਸਕੂਲ ਦਾ ਮੁੱਖ ਉਦੇਸ਼ ਸਿਰਫ਼ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ, ਸਗੋਂ ਬੱਚਿਆਂ ਨੂੰ ਹਰ ਖੇਤਰ ਵਿੱਚ ਅੱਗੇ ਵਧਾਉਣਾ ਹੈ।ਅੰਤ ਵਿੱਚ ਬੱਚਿਆਂ ਵੱਲੋਂ ਤਿਆਰ ਕੀਤੇ ਗਏ ਸੁੰਦਰ ਕ੍ਰਾਫਟ ਆਈਟਮਾਂ ਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਨੂੰ ਦੇਖ ਕੇ ਅਧਿਆਪਕਾਂ ਅਤੇ ਹੋਰ ਸਟਾਫ਼ ਮੈਂਬਰਾਂ ਨੇ ਬੱਚਿਆਂ ਦੀ ਖੂਬ ਪ੍ਰਸੰਸਾ ਕੀਤੀ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਿੱਖਿਆਤਮਕ ਤੇ ਰਚਨਾਤਮਕ ਗਤੀਵਿਧੀਆਂ ਜਾਰੀ ਰੱਖੀਆਂ ਜਾਣਗੀਆਂ, ਤਾਂ ਜੋ ਬੱਚਿਆਂ ਦਾ ਸਰਵਪੱਖੀ ਵਿਕਾਸ ਹੋ ਸਕੇ।

## ਪਾਥਵੇਜ਼ ਗਲੋਬਲ ਸਕੂਲ ਵੱਲੋਂ ਸ਼ਾਨਦਾਰ ਨਤੀਜਿਆਂ ਦੇ ਸੰਬੰਧ 'ਚ ਰੋਡ ਸ਼ੋਅ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਦੀ ਮੈਨੇਜਮੈਂਟ ਵੱਲੋਂ ਦਸਵੀਂ ਤੇ ਬਾਰਵੀਂ ਦੇ ਸ਼ਾਨਦਾਰ ਨਤੀਜਿਆਂ ਨੂੰ ਦੇਖਦਿਆਂ ਇੱਕ ਵਿਸ਼ੇਸ਼ ਰੋਡ ਸ਼ੋਅ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦਸਵੀਂ ਤੇ ਬਾਰਵੀਂ ਦੇ ਮੈਰਿਟ ਲਿਸਟ ਵਿੱਚ ਰਹਿਣ ਵਾਲੇ ਸਾਰੇ ਹੀ ਬੱਚਿਆਂ ਨੇ ਭਾਗ ਲਿਆ।ਸਮੂਹ ਮੈਨੇਜਮੈਂਟ ਕਮੇਟੀ ਤੇ ਪ੍ਰਿੰਸੀਪਲ ਅਰਵਿੰਦ ਕੁਮਾਰ ਸ਼ਰਮਾ ਨੇ ਅੱਵਲ ਰਹਿਣ ਵਾਲੇ ਸਾਰੇ ਹੀ ਵਿਦਿਆਰਥੀਆਂ ਨੂੰ ਸਿਰਪਾਓ ਤੇ ਹਾਰ ਪਾ ਕੇ ਸਨਮਾਨਤ ਕੀਤਾ ਗਿਆ।ਰੋਡ ਸ਼ੋਅ ਰੈਲੀ ਪਾਥਵੇਜ਼ ਗਲੋਬਲ ਸਕੂਲ ਤੋਂ ਚੱਲ ਕੇ ਜ਼ੀਰਾ ਰੋਡ, ਗਲੋਟੀ, ਮੋਗਾ ਰੋਡ ਤੇ ਅੰਮ੍ਰਿਤਸਰ ਰੋਡ ਹੁੰਦੀ ਹੋਈ ਵਾਪਸ ਸਕੂਲ ਆ ਕੇ ਖਤਮ ਹੋਈ।ਇਹ ਰਿਜ਼ਲਟ ਸਿਰਫ ਅੰਕਾਂ ਦੀ ਗਿਣਤੀ ਨਹੀਂ, ਸਗੋਂ ਸਾਡੇ ਸੰਘਰਸ਼, ਅਨੁਸ਼ਾਸਨ ਤੇ ਲਗਨ ਦੀ ਕਹਾਣੀ ਹੈ।ਅੱਜ ਦਾ ਦਿਨ ਪਾਥਵੇਜ਼ ਲਈ ਇੱਕ ਬਹੁਤ ਹੀ ਮਹੱਤਵਪੂਰਨ ਦਿਨ ਸੀ।ਪ੍ਰਿੰਸੀਪਲ ਨੇ ਦੱਸਿਆ ਕਿ ਰਿਜ਼ਲਟ ਸਾਡੀ ਕਾਬਲੀਅਤ ਦੀ ਪਹਿਚਾਣ ਹੁੰਦਾ ਹੈ। ਸਾਡੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ ਪਿੱਛੇ ਸਾਡੇ ਅਧਿਆਪਕਾਂ ਦਾ ਬਹੁਤ ਵੱਡਾ ਯੋਗਦਾਨ ਹੈ, ਉਨ੍ਹਾਂ ਦੀ ਰਹਿਨੁਮਾਈ ਵਿਦਿਆਰਥੀਆਂ ਨੂੰ ਸਹੀ ਰਾਹ 'ਤੇ ਲੈ ਕੇ ਜਾਂਦੀ ਹੈ।ਉਨ੍ਹਾਂ ਸਾਰੇ ਹੀ ਅਧਿਆਪਕਾਂ ਤੇ ਸਮੂਹ ਮੈਨੇਜਮੈਂਟ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਬੱਚਿਆਂ ਨੂੰ ਕਿਹਾ ਕਿ ਆਓ ਸਾਰੇ ਰਲ ਕੇ ਇਹ ਨਿਰਣਾ ਲਈਏ ਕਿ ਹਾਰ ਜਾਂ ਜਿੱਤ ਤੋਂ ਬਿਨਾਂ ਅਸੀਂ ਕਦੇ ਵੀ ਸਿੱਖਣਾ ਨਹੀਂ ਛੱਡਾਂਗੇ ਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸੌਂਧ, ਪ੍ਰਧਾਨ ਜਸਵਿੰਦਰ ਸਿੰਘ ਸਿੱਧੂ, ਸਿਮਰਨਜੀਤ ਸਿੰਘ ਸਿੱਧੂ ਤੇ ਪ੍ਰਿੰਸੀਪਲ ਡਾਕਟਰ ਅਰਵਿੰਦ ਕੁਮਾਰ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਵਧੀਆ ਨਤੀਜੇ ਆਉਣ 'ਤੇ ਵਧਾਈਆਂ ਦਿੱਤੀਆਂ।

## ਜ਼ਿਲ੍ਹਾ ਰੂਰਲ ਯੂਥ ਕਲੱਬ ਨੇ ਮਨਾਇਆ ਮਜ਼ਦੂਰ ਦਿਹਾੜਾ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਵੱਲੋਂ ਬੁਢਲਾਡਾ ਤੇ ਮਾਨਸਾ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਗਿਆ।ਇਸ ਸਮਾਗਮ ਦਾ ਮਕਸਦ ਮਜ਼ਦੂਰ ਵਰਗ ਦੀ ਦੇਸ਼ ਦੇ ਅਰਥਚਾਰੇ ਤੇ ਸਮਾਜ ਦੇ ਵਿਕਾਸ ਲਈ ਨਿਭਾਈ ਜਾ ਰਹੀ ਭੂਮਿਕਾ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਦੇ ਹੱਕਾਂ ਪ੍ਰਤੀ ਲੋਕਾਂ 'ਚ



ਜਾਗਰੂਕਤਾ ਪੈਦਾ ਕਰਨਾ ਸੀ।ਸਮਾਗਮ ਦੌਰਾਨ ਐਸੋਸੀਏਸ਼ਨ ਦੇ ਪ੍ਰਧਾਨ ਸਟੇਟ ਅਵਾਰਡੀ ਰਜਿੰਦਰ ਵਰਮਾ ਤੇ ਚੰਦਨ ਕੁਮਾਰ ਨੇ ਮਜ਼ਦੂਰਾਂ ਨੂੰ ਦਰਪੇਸ਼ ਸਮੱਸਿਆਵਾਂ ਤੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਚਾਰ ਲੇਬਰ ਕੋਡਾਂ ਨੂੰ ਰੱਦ ਕਰਨ ਤੇ ਕੰਮ ਦੇ ਘੰਟੇ ਅੱਠ ਤੋਂ ਵਧਾ ਕੇ ਬਾਰਾਂ ਕਰਨ ਤੇ ਉਨ੍ਹਾਂ ਤੋਂ ਯੂਨੀਅਨ ਬਣਾਉਣ ਆਦਿ ਵਰਗੇ ਅਧਿਕਾਰ ਖੋਹਣ ਦੀ ਸਖ਼ਤ ਨਿੰਦਾ ਕੀਤੀ ਗਈ ਅਤੇ ਉਕਤ ਲੇਬਰ ਕੋਡਾਂ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਗਈ।ਇਸ ਮੌਕੇ ਕਲੱਬ ਦੇ ਹੋਰਨਾਂ ਮੈਂਬਰਾਂ ਨੇ ਵੀ ਮਜ਼ਦੂਰ ਦਿਵਸ ਦੀ ਮਹੱਤਤਾ 'ਤੇ ਚਰਚਾ ਕੀਤੀ ਤੇ ਮਜ਼ਦੂਰਾਂ ਦੀ ਭਲਾਈ ਲਈ ਸਰਕਾਰ ਤੇ ਸਮਾਜ ਨੂੰ ਅੱਗੇ ਆਉਣ ਦੀ ਅਪੀਲ ਕੀਤੀ।ਸਮਾਗਮ 'ਚ ਮੌਜੂਦ ਮਜ਼ਦੂਰਾਂ ਨੂੰ ਸਨਮਾਨਤ ਕੀਤਾ ਗਿਆ।ਉਨ੍ਹਾਂ ਨੂੰ ਸੁਰੱਖਿਅਤ ਤੇ ਸੁਚੱਜੇ ਕੰਮਕਾਜੀ ਮਾਹੌਲ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਚਾਹ ਤੇ ਲੱਡੂ ਵੰਡ ਕੇ ਮਜ਼ਦੂਰ ਏਕਤਾ ਦਾ ਸੰਦੇਸ਼ ਵੀ ਦਿੱਤਾ ਗਿਆ। ਇਸ ਸਮਾਗਮ 'ਚ ਕਈ ਯੂਥ ਕਲੱਬਾਂ ਦੇ ਮੈਂਬਰ, ਰਵਿੰਦਰ ਕੁਮਾਰ ਮਹਿੰਦਰ ਪਾਲ ਸਿੰਘਲਾ ਯੋਗੇਸ਼ ਸ਼ਰਮਾ, ਮਨੋਜ ਕੁਮਾਰ ਸਲੂਜਾ, ਹਰੀਹਰ ਧਰੁੱਵ ਸੂਰੀਆ, ਪ੍ਰੇਮ ਮਨਚੰਦਾ, ਹੇਮ ਰਾਜ ਸ਼ਰਮਾ, ਮੈਡਮ ਪੂਨਮ ਸ਼ਰਮਾ ਤੇ ਮੰਜੂ ਰਾਣੀ, ਰੇਖਾ ਰਾਣੀ, ਮੈਡਮ ਰਿੰਪੀ ਰਾਣੀ, ਸੋਨੀਆ, ਮਨਦੀਪ, ਰੁਪਿੰਦਰ ਵਾਸੀ ਤੇ ਹੋਰ ਸਮਾਜ ਸੇਵੀ ਵੀ ਵੱਡੀ ਗਿਣਤੀ 'ਚ ਹਾਜ਼ਰ ਸਨ।

## ਸੁਤੰਤਰਤਾ ਸੰਗਰਾਮੀ ਡਾ. ਸ਼ਾਮ ਲਾਲ ਥਾਪਰ ਦੀ 51ਵੀਂ ਬਰਸੀ ਮਨਾਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਉੱਘੇ ਸੁਤੰਤਰਤਾ ਸੰਗਰਾਮੀ ਤੇ ਗਰੀਬਾਂ ਦੇ ਮਸੀਹਾ ਡਾ. ਸ਼ਾਮ ਲਾਲ ਥਾਪਰ ਦੀ 51ਵੀਂ ਬਰਸੀ ਮੌਕੇ ਡਾ. ਮਾਲਤੀ ਥਾਪਰ ਜੀ, ਡਾ. ਪਵਨ ਥਾਪਰ ਤੇ ਸਮੁੱਚੇ ਕਾਲਜ ਪ੍ਰਬੰਧਕਾਂ ਵੱਲੋਂ ਤਸਵੀਰ 'ਤੇ ਫੁੱਲ ਮਾਲਾਵਾਂ ਅਰਪਣ ਕੀਤੀਆਂ ਤੇ ਆਪਣੀ ਅਕੀਦਤ ਭੇਟ ਕੀਤੀ ਗਈ। ਇਸ ਮੌਕੇ ਬੋਲਦੇ ਹੋਏ ਡਾ. ਮਾਲਤੀ ਥਾਪਰ ਚੇਅਰਪਰਸਨ ਡਾ. ਸ਼ਾਮ ਲਾਲ ਥਾਪਰ ਨਰਸਿੰਗ ਕਾਲਜ ਮੋਗਾ ਨੇ ਕਿਹਾ ਕਿ ਡਾ. ਸ਼ਾਮ ਲਾਲ ਥਾਪਰ ਇੱਕ ਬਹੁਤ ਹੀ ਹੋਣਹਾਰ ਡਾਕਟਰ ਵੀ ਸਨ, ਜਿਨ੍ਹਾਂ ਨੇ ਪੰਜਾਬ ਦੇ ਇਸ ਖਿੱਤੇ ਵਿੱਚ ਲੋਕਾਂ ਦੀ ਬਹੁਤ ਸੇਵਾ ਕੀਤੀ ਤੇ ਮੋਗਾ ਦੇ ਅੰਦਰ ਪਹਿਲਾ ਪ੍ਰਾਈਵੇਟ ਟੀਵੀ ਸਾਈਟੋਰੀਅਮ ਵੀ ਬਣਾਈਆ।ਸੁਤੰਤਰਤਾ ਸੰਗਰਾਮ ਅੰਦਰ ਜੇਲ੍ਹਾਂ ਵੀ ਕੱਟੀਆਂ।ਭਾਰਤ ਸਰਕਾਰ ਨੇ ਉਨ੍ਹਾ ਨੂੰ ਤਾਮਰ ਪੱਤਰ ਨਾਲ ਸਨਮਾਨਤ ਵੀ ਕੀਤਾ।ਸੰਨ 1921 ਤੋਂ ਲੈ ਕੇ 1975 ਤੱਕ ਲਗਾਤਾਰ ਗਾਂਧੀ ਜੀ ਦੇ ਅਸੂਲਾਂ 'ਤੇ ਚੱਲਦੇ ਰਹੇ ਤੇ ਲੋਕਾਂ ਨੂੰ ਵੀ ਉਨ੍ਹਾਂ ਦੇ ਸਿਧਾਂਤਾਂ 'ਤੇ ਚੱਲਣ ਲਈ ਪ੍ਰੇਰਿਤ ਕਰਦੇ ਰਹੇ।ਇਸ ਮੌਕੇ ਬੋਲਦੇ ਹੋਏ ਡਾ. ਪਵਨ ਥਾਪਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੇਸ਼ ਨੂੰ ਬਚਾਉਣ ਲਈ ਸਿਰਫ ਤੇ ਸਿਰਫ ਗਾਂਧੀ ਜੀ ਦਾ ਦੱਸਿਆ ਹੋਇਆ ਮਾਰਗ ਇਹੀ ਹੈ।

## ਕਿਸਾਨਾਂ ਦੀ ਡੀ ਸੀ ਨਾਲ ਮੀਟਿੰਗ ਅੱਜ

**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ (ਬਲਾਕ ਦਿੜ੍ਹਬਾ) ਦੇ ਆਗੂਆਂ ਦੀ ਮੀਟਿੰਗ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਹੋਈ। ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਸੂਬਾ ਆਗੂ ਦਿਲਬਾਗ ਸਿੰਘ ਹਰੀਗੜ੍ਹ,ਬਲਾਕ ਪ੍ਰਧਾਨ ਨਾਇਬ ਸਿੰਘ ਗੁੱਜਰਾਂ ਨੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਜਿਸਟਰਾਰ ਕੋਆਪ੍ਰੇਟਿਵ ਸੁਸਾਇਟੀ ਪੰਜਾਬ ਵੱਲੋਂ 10 ਅਪ੍ਰੈਲ ਨੂੰ ਜਾਰੀ ਪੱਤਰ (ਮੀਮੋ ਨੰਬਰ ਰਸਸ/ ਰਿਨ-1 ਸੀਏ-2/79) ਰਾਹੀਂ ਖਾਦਾਂ, ਬੀਜਾਂ ਤੇ ਦਵਾਈਆਂ ਦੀਆਂ ਵਧੀਆਂ ਕੀਮਤਾਂ ਨੂੰ ਮੁੱਖ ਰੱਖਦਿਆਂ ਕਿਸਾਨਾਂ ਦੇ ਫ਼ਸਲੀ ਹੱਦ ਕਰਜ਼ਿਆਂ ਵਿੱਚ ਵਾਧਾ ਕੀਤਾ ਗਿਆ ਹੈ। ਇਸ ਫ਼ੈਸਲੇ ਨਾਲ ਕਿਸਾਨਾਂ ਨੂੰ ਆਸ ਬੱਝੀ ਸੀ ਕਿ ਉਹ ਆਪਣੀਆਂ ਖੇਤੀ ਲੋੜਾਂ ਸੁਖਾਲੀਆਂ ਪੂਰੀਆਂ ਕਰ ਸਕਣਗੇ। ਹਾੜੀ ਦੀ ਫ਼ਸਲ ਦੀ ਖ਼ਰੀਦ ਸਟੋਰੇਜ ਤੇ ਭੁਗਤਾਨ ਲਈ ਸਰਕਾਰ ਵੱਲੋਂ ਕੀਤੇ ਗਏ ਮਾੜੇ ਪ੍ਰਬੰਧਾਂ ਬਾਰੇ ਚਰਚਾ ਕੀਤੀ ਗਈ, ਕਿਉਂਕਿ ਕਿਸਾਨਾਂ ਨੂੰ ਫ਼ਸਲ ਦੀ ਅਦਾਇਗੀ ਦਸ ਬਾਰਾਂ ਦਿਨ ਬਾਅਦ ਮਿਲ ਰਹੀ ਹੈ, ਜਿਨ੍ਹਾਂ ਕਿਸਾਨਾਂ ਨੇ ਸੁਸਾਇਟੀ ਦੀਆਂ ਫ਼ਸਲੀ ਕਰਜ਼ੇ ਵਾਪਸ ਕਰ ਦਿੱਤੇ ਹਨ, ਉਨ੍ਹਾਂ ਨੂੰ ਬੈਂਕ ਵੱਲੋਂ ਅਗਲਾ ਫ਼ਸਲੀ ਕਰਜ਼ਾ ਨਹੀਂ ਦਿੱਤਾ ਜਾ ਰਿਹਾ। ਪੰਜਾਬ ਸਰਕਾਰ ਵੱਲੋਂ ਬਣਾਈ ਗਈ ਹੱਦ ਕਰਜ਼ਾ ਵਧਾਉਣ ਵਾਲੀ ਕਮੇਟੀ ਵੱਲੋਂ ਹੱਦ ਕਰਜ਼ਾ ਵਧਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਿਸ ਨੂੰ ਪੰਜਾਬ ਸਰਕਾਰ ਵੱਲੋਂ ਲਾਗੂ ਵੀ ਕੀਤਾ ਗਿਆ ਹੈ, ਜਿਸ ਵਿੱਚ ਪਹਿਲਾ 14 ਤੋਂ 16 ਹਜ਼ਾਰ ਰੁਪਿਆ ਪ੍ਰਤੀ ਏਕੜ ਹੱਦ ਕਰਜ਼ਾ ਸੀ, ਉਹ 23 ਹਜ਼ਾਰ ਰੁਪਏ ਪ੍ਰਤੀ ਏਕੜ ਕੀਤਾ ਗਿਆ ਹੈ ਕਿਉਂਕਿ ਲੇਬਰ, ਦਵਾਈਆਂ, ਬੀਜ ਤੇ ਹੋਰ ਖ਼ਰਚੇ ਕਾਫ਼ੀ ਵਧ ਗਏ ਹਨ ਪ੍ਰੰਤੂ ਸਹਿਕਾਰਤਾ ਵਿਭਾਗ ਦੇ ਅਧਿਕਾਰੀ ਤੇ ਉਨ੍ਹਾਂ ਦੀਆਂ ਯੂਨੀਅਨਾਂ ਵਧੇ ਹੱਦ ਦਾ ਦੇਣ ਤੋਂ ਵਿਰੋਧ ਕਰ ਰਹੀਆਂ ਹਨ। ਇਨ੍ਹਾਂ ਦਾ ਤਰਕ ਹੈ ਕਿ ਇਸ ਨਾਲ ਸਾਡੀਆਂ ਬੈਂਕਾਂ ਡੁੱਬ ਜਾਣਗੀਆਂ, ਜਦੋਂਕਿ ਇਹ ਕਿਸਾਨੀ ਕਰਜ਼ਾ ਨਬਾਰਡ ਬੈਂਕ ਵੱਲੋਂ ਦਿੱਤਾ ਜਾਂਦਾ ਹੈ। ਇਹ ਬੈਂਕਾਂ ਤਾਂ ਸਿਰਫ ਲੈਣ ਦੇਣ ਹੀ ਕਰਦੀਆਂ ਹਨ। ਕੀ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਜੀ ਦਾ ਕੀਤਾ ਫ਼ੈਸਲਾ ਬੈਂਕ ਅਧਿਕਾਰੀ ਮੰਨਣ ਤੋਂ ਇਨਕਾਰੀ ਹਨ? ਦੂਜੇ ਪਾਸੇ ਦੇਸ਼ ਦੇ ਕੋਆਪ੍ਰੇਟਿਵ ਮਨਿਸਟਰ ਅਮਿਤ ਸ਼ਾਹ ਜੀ ਕੋਆਪਰੇਟਿਵ ਅਦਾਰਿਆਂ ਰਾਹੀਂ ਕਿਸਾਨੀ ਨੂੰ ਉੱਪਰ ਚੁੱਕਣ ਦੀ ਗੱਲ ਕਰਦੇ ਹਨ, ਸੋ ਅਸੀਂ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਵਧਾਏ ਗਏ ਹੱਦ ਕਰਜ਼ੇ ਦੇ ਅਧਾਰ ਤੇ ਕਿਸਾਨਾਂ ਨੂੰ ਸਹਿਕਾਰੀ ਬੈਂਕਾਂ ਫ਼ਸਲੀ ਕਰਜ਼ਾ ਛੇਤੀ ਤੋਂ ਛੇਤੀ ਦੇਣ ਅਗਰ ਸਰਕਾਰ ਇਨ੍ਹਾਂ ਅਧਿਕਾਰੀਆਂ ਦੇ ਦਬਾਅ ਹੇਠਾਂ ਆਵੇਗੀ ਤਾਂ ਬੀਕੇਯੂ ਏਕਤਾ ਅਜ਼ਾਦ ਵੱਲੋਂ ਵੱਡਾ ਸੰਘਰਸ਼ ਉਲੀਕਿਆ ਜਾਵੇਗਾ। 4 ਮਈ ਨੂੰ ਜ਼ਿਲ੍ਹਾ ਸੰਗਰੂਰ ਦੇ ਡਿਪਟੀ ਕਮਿਸ਼ਨਰ ਨਾਲ ਮੀਟਿੰਗ ਵਿੱਚ ਵੀ ਇਹ ਮੰਗ ਰੱਖੀ ਜਾਵੇਗੀ।

# ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਕੀਤੀ ਜਾਵੇ ਫਸਲਾਂ ਦੀ ਕਾਸ਼ਤ : ਖੁੱਡੀਆਂ

**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ (ਸ਼ਮਿੰਦਰਪਾਲ/ਪੂਜਾ/ਪਰਮਜੀਤ ਸਿੰਘ/ਜਸਵੰਤ ਗਿੱਲ)**




ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਤੇ ਫਸਲੀ ਵਿਭਿੰਨਤਾ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰ ਦਾ ਕਿਸਾਨ ਸਿਖਲਾਈ ਕੈਂਪ ਸ੍ਰੀ ਮੁਕਤਸਰ ਸਾਹਿਬ ਵਿਖੇ ਲਗਾਇਆ ਗਿਆ।ਇਸ ਕੈਂਪ ਦੀ ਪ੍ਰਧਾਨਗੀ ਸ੍ਰ. ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਮੰਤਰੀ ਪੰਜਾਬ ਨੇ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਸ੍ਰ. ਖੁੱਡੀਆਂ ਨੇ ਕਿਹਾ ਕਿ ਖੇਤੀਬਾੜੀ ਵਿੱਚ ਵਿਭਿੰਨਤਾ ਲਿਆਉਣ ਲਈ ਰਿਵਾਇਤੀ ਫਸਲਾਂ ਨੂੰ ਛੱਡ ਕੇ ਖੇਤੀਬਾੜੀ ਧੰਦੇ ਨਾਲ ਜੁੜੇ ਸਹਾਇਕ ਧੰਦਿਆਂ ਨੂੰ ਅਪਨਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਕਿਸਾਨ ਦਾਲਾਂ, ਸਬਜ਼ੀਆਂ, ਫ਼ਲਾਂ, ਬਾਗਬਾਨੀ ਤੇ ਚੰਗੀਆਂ ਨਸਲਾਂ ਦੇ ਪਸ਼ੂ ਪਾਲਨ ਵਰਗੇ ਸਹਾਇਕ ਧੰਦੇ ਅਪਨਾ ਕੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਉਣ ਲਈ ਸਿੱਧੀ ਝੋਨੇ ਦੀ ਬਿਜਾਈ ਕਰਨੀ ਚਾਹੀਦੀ ਹੈ ਤੇ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਬਸਿਡੀ ਦਿੱਤੀ ਜਾ ਰਹੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 30 ਕਰੋੜ ਰੁਪਏ ਦੀ ਰਕਮ ਉਨ੍ਹਾਂ ਦੇ ਬੈਂਕ ਖਾਤਿਆਂ ਰਾਹੀਂ ਟਰਾਂਸਫਰ ਕੀਤੀ ਗਈ ਹੈ।ਉਨ੍ਹਾਂ ਅਪੀਲ ਕੀਤੀ ਕਿ ਸਾਨੂੰ ਰਸਾਇਣਕ ਖਾਦਾਂ ਦੀ ਬਿਜਾਏ ਆਰਗੈਨਿਕ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤੇ ਜਲਦੀ ਹੀ ਉਨ੍ਹਾਂ ਨੂੰ ਜੰਤਰ ਦਾ ਬੀਜ ਹਰੀ ਖਾਦ ਲਈ ਉਪਲਬੱਧ ਕਰਵਾਇਆ ਜਾਵੇਗਾ।ਇਸ ਮੌਕੇ ਵਿਭਾਗ ਦੇ ਜਾਇੰਟ ਡਾਇਰੈਕਟਰ ਡਾ. ਕਰਨਜੀਤ ਸਿੰਘ ਗਿੱਲ ਨੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਸਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ।ਡਾ: ਜਗਸੀਰ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਖੇਤੀਬਾੜੀ ਨਾਲ ਸਬੰਧਤ ਕੋਈ ਪ੍ਰੇਸ਼ਾਨੀ ਪੇਸ਼ ਆਉਂਦੀ ਹੈ ਤਾਂ ਕਿਸਾਨ ਖੇਤੀਬਾੜੀ ਵਿਭਾਗ ਦੇ ਦਫਤਰ ਨਾਲ ਰਾਬਤਾ ਕਾਇਮ ਕਰ ਸਕਦੇ ਹਨ।ਇਸ ਮੌਕੇ ਖੇਤੀਬਾੜੀ ਵਿਭਾਗ ਨਾਲ ਸਬੰਧਤ ਸਰਕਾਰੀ, ਅਰਧ ਸਰਕਾਰੀ ਤੇ ਪ੍ਰਾਈਵੇਟ ਸਟਾਲਾਂ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਸ੍ਰੀ ਡੈਵੀ ਗੋਇਲ ਵਧੀਕ ਡਿਪਟੀ ਕਮਿਸ਼ਨਰ ਜਨਰਲ, ਸ੍ਰੀ ਗੁਰਕਿਰਨਦੀਪ ਸਿੰਘ ਸਿੱਧੂ ਉਪ ਮੰਡਲ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ ਸਾਹਿਬ, ਸ੍ਰੀ ਜਸ਼ਨ ਬਰਾੜ ਚੇਅਰਮੈਨ ਮਾਰਕੀਟ ਕਮੇਟੀ ਮਲੋਟ, ਸ੍ਰੀ ਸੁਰਜੀਤ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਸੀਨੀਅਰ ਆਪ ਆਗੂ ਗੁਰਬਾਜ ਸਿੰਘ, ਅਭੈ ਸਿੰਘ ਢਿੱਲੋਂ, ਬਿਕਰਮ ਸਿੰਘ ਬਰਾੜ, ਸੁਖਜਿੰਦਰ ਸਿੰਘ ਬਰਾੜ ਪ੍ਰਧਾਨ ਟਰੱਕ ਯੂਨੀਅਨ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਗੁਰਦਿੱਤ ਸਿੰਘ ਆਦਿ ਮੌਜੂਦ ਸਨ।ਇਸ ਕੈਂਪ ਦਾ ਸਮੁੱਚਾ ਪ੍ਰਬੰਧ ਆਤਮਾ ਸਕੀਮ ਅਧੀਨ ਡਾ. ਕਰਨਜੀਤ ਸਿੰਘ ਪ੍ਰੋਜੈਕਟ ਡਾਇਰੈਕਟਰ, ਡਾ. ਸੁਖਜਿੰਦਰ ਸਿੰਘ ਤੇ ਡਾ. ਜਸ਼ਨਪ੍ਰੀਤ ਸਿੰਘ ਬਰਾੜ ਨੇ ਕੀਤਾ।

## ਪ੍ਰਾਚੀਨ ਸ਼ਿਵ ਮੰਦਰ ਵਿਖੇ ਮਾਂ ਚਿੰਤਪੁਰਨੀ ਦਾ ਜਨਮ ਦਿਹਾੜਾ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਮੋਗਾ ਰੋਡ 'ਤੇ ਸਥਿਤ ਸ੍ਰੀ ਸ਼ਿਵ ਮੰਦਿਰ ਵਿਖੇ ਮਾਂ ਚਿੰਤਪੁਰਨੀ ਜੀ ਦਾ ਪਾਵਨ ਜਨਮ ਦਿਹਾੜਾ ਪ੍ਰਧਾਨ ਬਲਵਿੰਦਰ ਗਰਗ, ਸੰਦੀਪ ਗੋਇਲ ਠੰਡੂ, ਅਸ਼ੂਵਨੀ ਸ਼ਰਮਾ, ਰੋਸ਼ਨ ਲਾਲ ਰੋਸ਼ੀ, ਅਰੁਣ ਬਾਂਸਲ ਡੀ ਐੱਮ ਵਾਲੇ ਦੀ ਅਗਵਾਈ ਵਿੱਚ ਬੜੀ ਸ਼ਰਧਾ, ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਧਾਰਮਿਕ ਸਮਾਗਮ ਦੌਰਾਨ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਮੰਦਰ ਵਿੱਚ ਇਕੱਠੀਆਂ ਹੋਈਆਂ ਤੇ ਮਾਂ ਦੇ ਦਰਬਾਰ ਵਿੱਚ ਨਤਮਸਤਕ ਹੋ ਕੇ ਅਸੀਸਾਂ ਪ੍ਰਾਪਤ ਕੀਤੀਆਂ।ਮੰਦਰ ਪ੍ਰਾਂਗਣ ਵਿੱਚ ਸਵੇਰ ਤੋਂ ਹੀ ਭਗਤੀਮਈ ਮਾਹੌਲ ਬਣਿਆ ਹੋਇਆ ਸੀ, ਜਿੱਥੇ ਹਰ ਪਾਸੇ ਜੈਕਾਰਿਆਂ ਦੀ ਗੂੰਜ ਸੁਣਾਈ ਦੇ ਰਹੀ ਸੀ।ਸਮਾਗਮ ਦੀ ਸ਼ੁਰੂਆਤ ਮਾਂ ਦੀ ਚੌਂਕੀ ਨਾਲ ਕੀਤੀ ਗਈ, ਜਿਸ ਦੌਰਾਨ ਭਗਤਾਂ ਵੱਲੋਂ ਭਾਵਪੂਰਨ ਕੀਰਤਨ ਤੇ ਭਜਨ ਗਾਏ ਗਏ।ਗਾਇਕਾਂ ਨੇ ਆਪਣੀ ਮਿੱਠੀ ਆਵਾਜ਼ ਨਾਲ ਮਾਂ ਦੀ ਮਹਿਮਾ ਦਾ ਗੁਣਗਾਨ ਕੀਤਾ, ਜਿਸ ਨਾਲ ਮੌਜੂਦ ਸੰਗਤ ਭਗਤੀ ਰੰਗ ਵਿੱਚ ਰੰਗੀ ਗਈ।ਇਸ ਮੌਕੇ ਮਾਂ ਚਿੰਤਪੁਰਨੀ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਕੇਕ ਵੀ ਕੱਟਿਆ ਗਿਆ।ਸਮਾਗਮ ਵਿੱਚ ਸ਼ਾਮਲ ਹੋਏ ਭਗਤਾਂ ਨੇ ਮਾਂ ਦੇ ਦਰਬਾਰ ਵਿੱਚ ਅਰਦਾਸ ਕਰਕੇ ਆਪਣੇ ਪਰਿਵਾਰਾਂ ਦੀ ਖੁਸ਼ਹਾਲੀ ਤੇ ਚੜ੍ਹਦੀ ਕਲਾ ਲਈ ਦੁਆ ਕੀਤੀ।ਪੂਰੇ ਸਮਾਗਮ ਦੌਰਾਨ ਖੁਸ਼ੀ, ਭਗਤੀ ਤੇ ਆਤਮਿਕ ਸ਼ਾਂਤੀ ਦਾ ਮਾਹੌਲ ਬਣਿਆ ਰਿਹਾ।ਇਸ ਮੌਕੇ ਧਾਣਾ ਮੁੱਖੀ ਜਨਕ ਰਾਜ ਸ਼ਰਮਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਕ੍ਰਿਸ਼ਨ ਗਰਗ, ਵਿਜੇ ਸ਼ਰਮਾ, ਰਜਿੰਦਰ ਗੋਇਲ, ਦਵਿੰਦਰ ਸਿੰਗਲਾ ਚੀਕਾ, ਰਨਦੀਪ ਗਰਗ ਕਾਲਾ, ਲਲਿਤ ਗਰਗ ਜੋਨੀ ਗਰਗ, ਭੂਸ਼ਣ ਜੈਨ, ਯਾਦਵਿੰਦਰ ਬਾਂਸਲ ਠੇਕੇਦਾਰ, ਰਜੀਵ ਮਿੱਤਲ ਰਿੰਕੂ, ਗੁਰਪ੍ਰੀਤ ਮਨਚੰਦਾ ਕੌਂਸਲਰ, ਟੀਟੂ ਗਰਗ, ਪ੍ਰਧਾਨ ਵਿਜੇ ਗੁਪਤਾ, ਐਡਵੋਕੇਟ ਅਮਿਤ ਅਗਰਵਾਲ, ਭੂਸ਼ਨ ਜੈਨ, ਹਰਪ੍ਰੀਤ ਘੋਟੂ, ਰਕੇਸ਼ ਜਿੰਦਲ ਤੋਤਾ, ਅਜੇ ਪੁਰੀ, ਪ੍ਰਸ਼ੰਨ ਕੁਮਾਰ, ਬਿਮਲ ਗੋਇਲ, ਮੋਹਿਤ ਸਿੰਗਲਾ, ਮਨੋਜ ਗੋਇਲ, ਵਿਜੇ ਬੰਟੀ ਜਿੰਦਲ, ਦੀਪਕ ਗਰਗ ਬੋਬੀ, ਨਰੋਤਮ ਕੰਬੋਜ, ਪ੍ਰਧਾਨ ਵਿਜੇ ਗੁਪਤਾ, ਗੁਰਪ੍ਰੀਤ ਸਿੰਘ ਮਨਚੰਦਾ, ਪਵਨ ਗੋਇਲ, ਤੀਰਥ ਬਾਂਸਲ, ਬਿੰਦੂ ਜੈਦਕਾ, ਸੁਰਿੰਦਰ ਬਾਂਸਲ ਡੀਐੱਮ, ਯਾਦਵਿੰਦਰ ਬਾਸਲ, ਅਸ਼ਵਨੀ ਗੋਇਲ ਸਮੇਤ ਹੋਰ ਕਈ ਵਿਅਕਤੀ ਹਾਜ਼ਰ ਸਨ।

## ਨਿਰਭੈ ਸਿੰਘ ਨੇ ਦਸਤਾਰ ਮੁਕਾਬਲੇ 'ਚ ਪਹਿਲਾ ਸਥਾਨ ਜਿੱਤਿਆ



**ਜਗਰਾਉਂ (ਅਮਿਤ ਖੰਨਾ)**-ਸਮਾਜਿਕ ਸੰਸਥਾ ਖਾਲਸਾ ਏਡ ਨੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਮਨਾਉਣ ਲਈ ਇੱਕ ਦਸਤਾਰ ਬੰਨ੍ਹਣ ਤੇ ਕਵਿਤਾ ਪਾਠ ਮੁਕਾਬਲੇ ਦਾ ਆਯੋਜਨ ਕੀਤਾ।ਤਾਰਾ ਦੇਵੀ ਜਿੰਦਲ ਆਰੀਆ ਮੰਦਰ ਦੇ ਵਿਦਿਆਰਥੀ ਨਿਰਭੈ ਸਿੰਘ ਨੇ ਦਸਤਾਰ ਬੰਨ੍ਹਣ ਵਾਲੇ ਵਰਗ ਵਿੱਚ ਹਿੱਸਾ ਲਿਆ।ਮੁਕਾਬਲੇ ਵਿੱਚ 80 ਵਿਦਿਆਰਥੀਆਂ ਨੇ ਹਿੱਸਾ ਲਿਆ।ਨਿਰਭੈ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਜੇਤੂ ਵਿਦਿਆਰਥੀ ਨੂੰ ਸਾਈਕਲ, ਟਰਾਫੀ ਤੇ ਸੋਨੇ ਦੇ ਤਮਗੇ ਨਾਲ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮਨੂ ਪ੍ਰਿਆ ਨੇ ਖਾਲਸਾ ਏਡ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮ ਦੀ ਪ੍ਰਸੰਸਾ ਕੀਤੀ।

## ਗੁਰੂ ਨਾਨਕ ਦੇਵ ਪਬਲਿਕ ਸਕੂਲ 'ਚ ਕਰਮਚਾਰੀਆਂ ਨੂੰ ਵੰਡੀਆਂ ਵਰਦੀਆਂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਗੁਰੂ ਨਾਨਕ ਦੇਵ ਪਬਲਿਕ ਸ. ਸ. ਸਕੂਲ ਕਮਲਾ ਨਹਿਰੂ ਨਗਰ ਬਠਿੰਡਾ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਮੈਨੇਜਮੈਂਟ ਤੇ ਪ੍ਰਿੰਸੀਪਲ ਜਸਦੀਪ ਕੌਰ ਮਾਨ ਵੱਲੋਂ ਸੰਸਥਾ ਦੀ ਰੀੜ੍ਹ ਦੀ ਹੱਡੀ ਮੰਨੇ ਜਾਣ ਵਾਲੇ ਚੌਥਾ ਦਰਜਾ ਕਰਮਚਾਰੀਆਂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਇਸ ਪ੍ਰੋਗਰਾਮ ਦੌਰਾਨ ਸਕੂਲ ਪ੍ਰਬੰਧਕਾਂ ਤੇ ਪ੍ਰਿੰਸੀਪਲ ਸਾਹਿਬਾ ਨੇ ਆਪਣੇ ਕਰ ਕਮਲਾਂ ਨਾਲ ਸਮੂਹ ਚੌਥਾ ਦਰਜਾ ਕਰਮਚਾਰੀਆਂ ਨੂੰ ਨਵੀਆਂ ਵਰਦੀਆਂ ਵੰਡੀਆਂ।ਮੈਨੇਜਮੈਂਟ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਜ਼ਦੂਰ ਦਿਵਸ ਸਾਨੂੰ ਮਿਹਨਤਕਸ਼ ਲੋਕਾਂ ਦੇ ਅਧਿਕਾਰਾਂ ਤੇ ਉਨ੍ਹਾਂ ਦੀ ਅਹਿਮੀਅਤ ਦੀ ਯਾਦ ਦਿਵਾਉਂਦਾ ਹੈ।ਉਨ੍ਹਾਂ ਕਿਹਾ ਕਿ ਸਕੂਲ ਦੇ ਹਰ ਮੈਂਬਰ, ਭਾਵੇਂ ਕਿਸੇ ਵੀ ਅਹੁਦੇ ਉੱਤੇ ਹੋਵੇ, ਦਾ ਸਤਿਕਾਰ ਕਰਨਾ ਸਾਡਾ ਫਰਜ਼ ਹੈ।

## ਪ੍ਰੈੱਸ ਦੀ ਆਜ਼ਾਦੀ ਬਿਨਾਂ ਲੋਕਤੰਤਰ ਅਧੂਰਾ : ਸੰਜੈ ਰਾਠੀ



**ਹਠੂਰ (ਲਵਲੀ ਕੁਮਾਰ)**-ਵਿਸ਼ਵ ਪੱਧਰ 'ਤੇ ਮਨਾਏ ਜਾਂਦੇ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਮੌਕੇ ਮੀਡੀਆ ਕੌਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੈ ਰਾਠੀ ਨੇ ਕਿਹਾ ਕਿ ਅਭਿਵਿਅਕਤੀ ਦੀ ਆਜ਼ਾਦੀ ਲੋਕਤੰਤਰ ਦੀ ਆਤਮਾ ਹੈ ਤੇ ਇਸ ਤੋਂ ਬਿਨਾਂ ਲੋਕਤੰਤਰ ਦੀ ਕਲਪਨਾ ਅਧੂਰੀ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪ੍ਰੈੱਸ ਦੀ ਆਜ਼ਾਦੀ ਕਈ ਚੁਣੌਤੀਆਂ ਨਾਲ ਘਿਰੀ ਹੋਈ ਹੈ, ਜੋ ਲੋਕਤੰਤਰਿਕ ਮੁੱਲਾਂ ਲਈ ਗੰਭੀਰ ਖਤਰਾ ਬਣ ਰਹੀਆਂ ਹਨ।ਸੰਜੈ ਰਾਠੀ ਨੇ ਕਿਹਾ ਕਿ ਰਿਪੋਰਟਰਜ਼ ਵਿਦਆਊਟ ਬਾਰਡਰਜ਼ ਵੱਲੋਂ ਜਾਰੀ ਵਿਸ਼ਵ ਪ੍ਰੈੱਸ ਆਜ਼ਾਦੀ ਸੂਚਕਾਂਕ 2026 ਵਿੱਚ ਭਾਰਤ ਦਾ 157ਵਾਂ ਸਥਾਨ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਦੇਸ਼ ਵਿੱਚ ਪੱਤਰਕਾਰਾਂ ਲਈ ਕੰਮ ਕਰਨ ਦਾ ਮਾਹੌਲ ਲਗਾਤਾਰ ਮੁਸ਼ਕਲ ਹੁੰਦਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਸਥਿਤੀ ਨਾ ਸਿਰਫ਼ ਮੀਡੀਆ ਜਗਤ, ਸਗੋਂ ਪੂਰੇ ਲੋਕਤੰਤਰ ਲਈ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਪੱਤਰਕਾਰਾਂ 'ਤੇ ਵੱਧ ਰਹੇ ਹਮਲਿਆਂ ਤੇ ਹੱਤਿਆਵਾਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਯੂਨੈਸਕੋ ਦੇ ਅਨੁਸਾਰ ਸਾਲ 2024 ਵਿੱਚ ਘੱਟੋ-ਘੱਟ 68 ਪੱਤਰਕਾਰਾਂ ਦੀ ਹੱਤਿਆ ਹੋਈ, ਜਦਕਿ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਮੁਤਾਬਕ ਸਾਲ 2025 ਵਿੱਚ 129 ਪੱਤਰਕਾਰਾਂ ਦੀਆਂ ਹੱਤਿਆਵਾਂ ਦਰਜ ਕੀਤੀਆਂ ਗਈਆਂ, ਜੋ ਬਹੁਤ ਹੀ ਚਿੰਤਾਜਨਕ ਰੁਝਾਨ ਨੂੰ ਦਰਸਾਉਂਦੀਆਂ ਹਨ।ਇਸ ਤੋਂ ਇਲਾਵਾ ਜ਼ਿਆਦਾਤਰ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਨਾ ਮਿਲਣਾ ਦੰਡਮੁਕਤੀ ਦੀ ਗੰਭੀਰ ਸਮੱਸਿਆ ਨੂੰ ਉਜਾਗਰ ਕਰਦਾ ਹੈ।ਸੰਜੈ ਰਾਠੀ ਨੇ ਕਿਹਾ ਕਿ ਭਾਰਤ ਵਿੱਚ ਵੀ ਪੱਤਰਕਾਰਾਂ ਨੂੰ ਧਮਕੀਆਂ, ਹਮਲਿਆਂ ਤੇ ਝੂਠੇ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖ਼ਾਸ ਕਰਕੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਪੱਤਰਕਾਰ ਵੱਧ ਅਸੁਰੱਖਿਅਤ ਹਨ।ਜਦੋਂ ਸੱਚ ਸਾਹਮਣੇ ਲਿਆਉਣ ਦੀ ਕੀਮਤ ਜਾਨ ਦੇ ਕੇ ਚੁਕਾਉਣੀ ਪਵੇ, ਤਾਂ ਇਹ ਲੋਕਤੰਤਰ ਲਈ ਇੱਕ ਗੰਭੀਰ ਚੇਤਾਵਨੀ ਹੈ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਕਾਨੂੰਨ ਬਣਾਏ ਜਾਣ ਅਤੇ ਹਮਲਿਆਂ ਤੇ ਹੱਤਿਆਵਾਂ ਦੇ ਮਾਮਲਿਆਂ ਵਿੱਚ ਤੁਰੰਤ ਤੇ ਨਿਰਪੱਖ ਕਾਰਵਾਈ ਯਕੀਨੀ ਬਣਾਈ ਜਾਵੇ।ਅੰਤ ਵਿੱਚ ਸੰਜਯ ਰਾਠੀ ਨੇ ਕਿਹਾ ਕਿ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਸਿਰਫ਼ ਇੱਕ ਰਸਮੀ ਮੌਕਾ ਨਹੀਂ, ਸਗੋਂ ਇਹ ਸੰਕਲਪ ਲੈਣ ਦਾ ਦਿਨ ਹੈ ਕਿ ਅਸੀਂ ਪ੍ਰੈੱਸ ਦੀ ਆਜ਼ਾਦੀ ਦੀ ਰੱਖਿਆ ਕਰਾਂਗੇ ਤੇ ਇੱਕ ਸੁਰੱਖਿਅਤ, ਸੁਤੰਤਰ ਤੇ ਜ਼ਿੰਮੇਵਾਰ ਮੀਡੀਆ ਮਾਹੌਲ ਦਾ ਨਿਰਮਾਣ ਕਰਾਂਗੇ।

## ਚੇਅਰਮੈਨ ਬਰਾੜ ਵੱਲੋਂ ਮਹਿਲ ਸਿੰਘ ਮੌਲਵੀਵਾਲਾ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪ੍ਰਸ਼ਾਸਨ ਨੂੰ ਚੁਸਤ ਦਰੁਸਤ ਬਣਾਉਣ ਦੇ ਮਕਸਦ ਨਾਲ ਕਿਰਤ ਵਿਭਾਗ ਪੰਜਾਬ ਦੇ ਬਣਾਏ ਗਏ ਅਹੁਦੇਦਾਰਾਂ ਵਿੱਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਪਾਰਟੀ ਦੇ ਸੀਨੀਅਰ ਆਗੂ ਮਹਿਲ ਸਿੰਘ ਮੌਲਵੀਵਾਲਾ ਨੂੰ ਮੈਂਬਰ ਬਣਾਇਆ ਗਿਆ ਹੈ।

ਕਿਰਤ ਵਿਭਾਗ ਵੱਲੋਂ ਕੀਤੀ ਗਈ ਨਿਯੁਕਤੀ ਉੱਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਦੌਰਾਨ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਰਕਰਾਂ ਨੂੰ ਹਮੇਸ਼ਾ ਮਾਨ ਸਨਮਾਨ ਦਿੰਦੀ ਰਹੀ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵੱਲੋਂ ਕੀਤੀ ਗਈ ਇਸ ਨਿਯੁਕਤੀ ਲਈ ਆਪ ਆਗੂ ਮਹਿਲ ਸਿੰਘ ਮੌਲਵੀਵਾਲਾ ਨੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਤੇ ਯੂਥ ਵਿੰਗ ਦੇ ਸੂਬਾ ਜਨਰਲ ਸਕੱਤਰ ਨਵਲਦੀਪ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦੇ ਹਲਕਾ ਕੋਆਰਡੀਨੇਟਰ ਬਲਜੀਤ ਸਿੰਘ ਮੌਲਵੀਵਾਲਾ, ਕਾਰ ਡੀਲਰ ਐਸੋਸੀਏਸ਼ਨ ਪਾਤੜਾਂ ਦੇ ਸਾਬਕਾ ਪ੍ਰਧਾਨ ਪ੍ਰੀਤ ਗਿੱਲ, ਡਾਕਟਰ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

## ਭਾਰਤ ਗਰੁੱਪ ਵੱਲੋਂ ਫੇਅਰਵੈੱਲ-ਕਮ-ਫ੍ਰੈਸ਼ਰ ਪਾਰਟੀ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਭਾਰਤ ਗਰੁੱਪ ਆਫ਼ ਕਾਲਜਿਜ਼, ਸਰਦੂਲਗੜ੍ਹ ਨੇ ਆਪਣੇ ਕੈਂਪਸ ਵਿੱਚ ਸਾਂਝ ਪਾਰਟੀ ਦਾ ਆਯੋਜਨ ਕੀਤਾ।ਰਾਜੇਸ਼ ਗਰਗ, ਸੀਈਓ ਤੇ ਮੋਹਿਤ ਜੈਨ, ਐਡਮਿਸ਼ਨ ਡਾਇਰੈਕਟਰ, ਭਾਰਤ ਗਰੁੱਪ, ਇਸ ਸਮਾਗਮ ਦੇ ਮੁੱਖ ਮਹਿਮਾਨ ਸਨ।ਇਹ ਸਮਾਗਮ ਇੱਕ ਨਵੀਂ ਸ਼ੁਰੂਆਤ ਲਈ ਉਤਸ਼ਾਹ ਤੇ ਪਿਆਰੀਆਂ ਯਾਦਾਂ ਨੂੰ ਤਾਜ਼ਾ ਕਰਨ ਦਾ ਇੱਕ ਯਾਦਗਾਰੀ ਮਿਸ਼ਰਣ ਸੀ।ਇਸ ਦਾ ਉਦੇਸ਼ ਕਾਲਜ ਵਿੱਚ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਨਾ ਤੇ ਅੰਤਿਮ ਸਾਲ ਦੇ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੇ ਕਰੀਅਰ ਦੀ ਸ਼ੁਰੂਆਤ ਕਰਦੇ ਹੋਏ ਨਿੱਘੀ ਵਿਦਾਇਗੀ ਦੇਣਾ ਸੀ।ਸਮਾਗਮ ਦੀ ਸ਼ੁਰੂਆਤ ਇੱਕ ਰਵਾਇਤੀ ਦੀਵੇ ਜਗਾਉਣ ਸਮਾਰੋਹ ਨਾਲ ਹੋਈ।ਪਹਿਲੇ ਸਾਲ ਤੇ ਅੰਤਿਮ ਸਾਲ ਦੇ ਵਿਦਿਆਰਥੀਆਂ ਲਈ ਫੇਅਰਵੈੱਲ-ਕਮ-ਫ੍ਰੈਸ਼ਰ ਪਾਰਟੀ ਸਮਾਰੋਹ ਕੀਤਾ ਗਿਆ।ਵਿਦਿਆਰਥੀਆਂ ਨੇ ਸੰਗੀਤ, ਡਾਂਸ, ਰੈਪ ਵਾਕ ਤੇ ਵੱਖ-ਵੱਖ ਮਨੋਰੰਜਨ ਪ੍ਰੋਗਰਾਮ ਪੇਸ਼ ਕੀਤੇ, ਜਿਸ ਨਾਲ ਵਿਦਿਆਰਥੀਆਂ ਤੇ ਫੈਕਲਟੀ ਨੂੰ ਜੁੜਨ ਤੇ ਨਵੀਆਂ ਯਾਦਾਂ ਬਣਾਉਣ ਦਾ ਮੌਕਾ ਮਿਲਿਆ।ਵਿਦਿਆਰਥੀਆਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨਾਂ ਨਾਲ ਦਰਸ਼ਕਾਂ ਨੂੰ ਮੋਹਿਤ ਕੀਤਾ।ਹਰਵੀਰ ਕੌਰ (ਨਾਨ-ਮੈਡੀਕਲ ਪਹਿਲਾ ਸਾਲ) ਤੇ ਕੋਮਲ (ਨਾਨ-ਮੈਡੀਕਲ ਅੰਤਿਮ ਸਾਲ) ਨੂੰ ਉਨ੍ਹਾਂ ਦੇ ਪ੍ਰਦਰਸ਼ਨ ਤੇ ਸ਼ਖਸੀਅਤ ਦੇ ਆਧਾਰ 'ਤੇ ਮਿਸ ਫਰੈਸ਼ਰ ਤੇ ਮਿਸ ਫੇਅਰਵੈੱਲ ਨਾਲ ਸਨਮਾਨਤ ਕੀਤਾ ਗਿਆ।ਪ੍ਰੋਗਰਾਮ ਦੀ ਸਟਾਰ ਹਰਮਨ ਬੀਸੀਏ ਪਹਿਲਾ ਸਾਲ ਸੀ।ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਗਏ।ਡਾ. ਗੀਤੇਸ਼ ਗੋਗਾ, ਡਾਇਰੈਕਟਰ-ਪ੍ਰਿੰਸੀਪਲ, ਭਾਰਤ ਗਰੁੱਪ ਨੇ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਵਿਭਾਗ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਤੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਕਿਹਾ ਕਿ ਇੱਕ ਉੱਜਵਲ ਭਵਿੱਖ ਲਈ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਦੀ ਲੋੜ ਹੈ ਤੇ ਜੀਵਨ ਵਿੱਚ ਉੱਚ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

# ਸਪਾਰਕਲਿੰਗ ਕਿਡਜ਼ ਵੱਲੋਂ ਪ੍ਰੈੱਸ ਆਜ਼ਾਦੀ ਦਿਵਸ ਮੌਕੇ ਪੱਤਰਕਾਰਾਂ ਦਾ ਸਨਮਾਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**



ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ ਮੌਕੇ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਪਾਰਕਲਿੰਗ ਕਿਡਜ਼ ਦਾ ਫਾਊਂਡੇਸ਼ਨ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਵੱਲੋਂ ਭਾਸ਼ਣ ਮੁਕਾਬਲੇ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ।ਇਸ ਮੌਕੇ ਲੋਕਤੰਤਰਿਕ ਸਮਾਜ ਵਿੱਚ ਆਜ਼ਾਦ ਤੇ ਜ਼ਿੰਮੇਵਾਰ ਮੀਡੀਆ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ।ਸਮਾਗਮ ਵਿੱਚ ਇਲਾਕੇ ਦੇ ਵੱਖ-ਵੱਖ ਮੀਡੀਆ ਹਾਊਸਾਂ ਨਾਲ ਜੁੜੇ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਸਮਾਗਮ ਦਾ ਸੰਚਾਲਨ ਸਕੂਲ ਦੇ ਹੈੱਡ ਬੁਆਏ ਗਰਵਿਤ ਮਿੱਤਲ ਤੇ ਹੈੱਡ ਗਰਲ ਸਵਰੀਨ ਕੌਰ ਵੱਲੋਂ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥਣ ਐਲਿਸ ਦੇ ਸੁਆਗਤ ਭਾਸ਼ਣ ਨਾਲ ਹੋਈ, ਜਿਸ ਵਿੱਚ ਉਸ ਨੇ ਪ੍ਰੈੱਸ ਦੀ ਆਜ਼ਾਦੀ ਤੇ ਮੀਡੀਆ ਦੀ ਅਹਿਮ ਭੂਮਿਕਾ 'ਤੇ ਰੋਸ਼ਨੀ ਪਾਈ।ਵਿਦਿਆਰਥੀਆਂ ਨੇ ਅੰਤਰਰਾਸ਼ਟਰੀ, ਰਾਸ਼ਟਰੀ ਤੇ ਰਾਜ ਪੱਧਰ ਦੇ ਪ੍ਰਸਿੱਧ ਨਿਊਜ਼ ਐਂਕਰਾਂ ਦੀ ਨਕਲ ਬੜੀ ਨਿਪੁੰਨਤਾ ਨਾਲ ਕੀਤੀ।ਦਸਵੀਂ ਕਲਾਸ ਦੇ ਚਾਹਤ ਨੇ ਰਵੀ ਸ਼ੰਕਰ ਦੇ ਅੰਦਾਜ਼ ਵਿੱਚ ਇਜ਼ਰਾਇਲ-ਈਰਾਨ ਟਕਰਾਅ ਬਾਰੇ ਮਿਮਿਕਰੀ ਕੀਤੀ, ਜਦਕਿ ਸਾਹਿਲ ਨੇ ਰਿਹਾਨ ਫ਼ਾਜ਼ਿਲ ਦਾ ਰੂਪ ਧਾਰ ਕੇ ਵੈਸਟ ਬੰਗਾਲ ਚੋਣਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਬਾਰਵੀਂ ਦੀ ਸ੍ਰਿਸ਼ਟੀ ਬੱਤਰਾ ਨੇ ਅੰਜਨਾ ਕਸ਼ੱਯਪ ਤੇ ਗਿਆਰਵੀਂ ਦੀ ਸਵਰੀਨ ਕੌਰ ਨੇ ਪਾਲਕੀ ਸ਼ਰਮਾ ਦੇ ਅੰਦਾਜ਼ ਵਿੱਚ ਬੇਰੁਜ਼ਗਾਰੀ ਦੇ ਮਸਲੇ 'ਤੇ ਵਿਚਾਰ ਪ੍ਰਗਟ ਕੀਤੇ।ਇਸ ਤੋਂ ਇਲਾਵਾ ਇਨਾਯਤ ਨੇ ਗਰੀਮਾ ਸਿੰਘ ਤੇ ਜਗਨੀਸ਼ ਕੌਰ ਨੇ ਪ੍ਰਤਿਭਾ ਮਿਸ਼ਰਾ ਦੇ ਰੂਪ ਵਿੱਚ ਖ਼ਬਰਾਂ ਪੇਸ਼ ਕੀਤੀਆਂ।ਵਿਸ਼ਵਦੀਪ ਸਿੰਘ ਨੇ ਹਰਪ੍ਰੀਤ ਸਿੰਘ ਸੈਣੀ ਦੇ ਅੰਦਾਜ਼ ਵਿੱਚ ਆਈਪੀਐੱਲ ਮੈਚ ਬਾਰੇ ਜਾਣਕਾਰੀ ਦਿੱਤੀ, ਜਦਕਿ ਨੌਵੀਂ ਕਲਾਸ ਦੀ ਵਿਦਿਆਰਥਣ ਨੇ ਸ਼ਵੇਤਾ ਸਿੰਘ ਦਾ ਰੋਲ ਬਾਖੂਬੀ ਨਿਭਾਅ ਕੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਪ੍ਰਿੰਸੀਪਲ ਹਰਮਨਦੀਪ ਕੌਰ ਹਰੀਕਾ ਨੇ ਸਾਰੇ ਮੀਡੀਆ ਮਹਿਮਾਨਾਂ ਨੂੰ ਸਨਮਾਨਤ ਕਰਦੇ ਹੋਏ ਯਾਦਗਾਰੀ ਚਿੰਨ੍ਹ ਭੇਟ ਕੀਤੇ ਤੇ ਆਪਣੇ ਸੰਬੋਧਨ ਵਿੱਚ ਸੱਚੀ ਤੇ ਜ਼ਿੰਮੇਵਾਰ ਪੱਤਰਕਾਰਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਮੀਡੀਆ ਲੋਕਤੰਤਰ ਦਾ ਮਜ਼ਬੂਤ ਸਤੰਭ ਹੈ ਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਇਸ ਦੌਰਾਨ ਮੀਡੀਆ ਕਲੱਬ ਪਾਤੜਾਂ ਦੇ ਪ੍ਰਧਾਨ ਜਗਦੀਸ਼ ਸਿੰਘ ਕੰਬੋਜ ਤੇ ਸਰਪ੍ਰਸਤ ਗੁਰਨਾਮ ਸਿੰਘ ਚੌਹਾਨ ਨੇ ਪੱਤਰਕਾਰਾਂ ਦਾ ਸਨਮਾਨ ਕਰਨ ਲਈ ਸੰਸਥਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਅਜਿਹੇ ਸਨਮਾਨ ਜ਼ਿੰਮੇਵਾਰੀਆਂ ਦੀਆਂ ਭਾਵਨਾਵਾਂ ਵਿੱਚ ਵਾਧਾ ਕਰਦੇ ਹਨ।

## ਕਾਮਰੇਡ ਅਮਰਜੀਤ ਸਿੱਧੂ ਤਹਿਸੀਲ ਕਮੇਟੀ ਦੇ ਕਾਰਜਕਾਰੀ ਸਕੱਤਰ ਬਣੇ




**ਮਾਨਸਾ (ਆਤਮਾ ਸਿੰਘ ਪਮਾਰ)**-ਸੀ.ਪੀ.ਆਈ. (ਐੱਮ) ਤਹਿਸੀਲ ਕਮੇਟੀ ਮਾਨਸਾ ਦੀ ਮੀਟਿੰਗ ਕਾਮਰੇਡ ਜਗਦੇਵ ਸਿੰਘ ਢੈਪਈ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਪਾਰਟੀ ਦੇ ਜ਼ਿਲ੍ਹਾ ਸਕੱਤਰ ਤੇ ਸੂਬਾ ਸਕੱਤਰੇਤ ਮੈਂਬਰ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਕਈ ਮਹੱਤਵਪੂਰਨ ਏਜੰਡਿਆਂ 'ਤੇ ਵਿਚਾਰ ਵਟਾਂਦਰਾ ਕਰਦਿਆਂ ਫੈਸਲੇ ਵੀ ਲਏ ਗਏ।ਮੀਟਿੰਗ 'ਚ ਐਡਵੋਕੇਟ ਦਲਿਓ ਨੇ ਸੂਬਾ ਤੇ ਜ਼ਿਲ੍ਹਾ ਪੱਧਰ 'ਤੇ ਲਏ ਫੈਸਲਿਆਂ ਸਬੰਧੀ ਜਾਣਕਾਰੀ ਦਿੱਤੀ ਅਤੇ ਕੌਮਾਂਤਰੀ ਸਮੇਤ ਦੇਸ਼ ਤੇ ਪੰਜਾਬ ਦੀ ਮੌਜੂਦਾ ਰਾਜਸੀ ਸਥਿਤੀ 'ਤੇ ਸਮਾਜਿਕ ਸਥਿਤੀ 'ਤੇ ਵਿਸਥਾਰਤ ਚਰਚਾ ਕੀਤੀ ਗਈ।ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਕਿਸਾਨਾਂ ਮਜ਼ਦੂਰਾਂ ਦੀ 29 ਮਈ ਨੂੰ ਜਲੰਧਰ ਵਿਖੇ ਹੋ ਰਹੀ ਸੂਬਾਈ ਰੈਲੀ 'ਚ ਤਹਿਸੀਲ 'ਚੋਂ ਵੱਡੀ ਗਿਣਤੀ ਸਾਥੀ ਸ਼ਮੂਲੀਅਤ ਕਰਨਗੇ।ਇੱਕ ਜਥੇਬੰਦਕ ਫੈਸਲੇ ਤਹਿਤ ਸੀਨੀਅਰ ਆਗੂ ਕਾਮਰੇਡ ਅਮਰਜੀਤ ਸਿੰਘ ਸਿੱਧੂ ਨੂੰ ਤਹਿਸੀਲ ਕਮੇਟੀ ਮਾਨਸਾ ਦਾ ਕਾਰਜਕਾਰੀ ਸਕੱਤਰ ਚੁਣਿਆ ਗਿਆ।ਇਸ ਤੋਂ ਇਲਾਵਾ ਕਾਮਰੇਡ ਸੀਤਾ ਰਾਮ ਗੋਇਲ ਮਾਨਸਾ ਦੀ ਤਹਿਸੀਲ ਕਮੇਟੀ ਮੈਂਬਰ ਵਜੋਂ ਨਿਯੁਕਤੀ ਕੀਤੀ ਗਈ।ਇਸ ਸਮੇਂ ਕਾਮਰੇਡ ਸੁਰੇਸ਼ ਕੁਮਾਰ ਮਾਨਸਾ, ਪਰਵਿੰਦਰ ਸਿੰਘ ਭੀਖੀ, ਬੀਰਬਲ ਸਿੰਘ ਚੌਹਾਨ, ਗੁਰਜੰਟ ਸਿੰਘ ਕੋਟੜਾ, ਜਸਵਿੰਦਰ ਸਿੰਘ ਭੀਖੀ, ਸੰਜੀਤ ਕੁਮਾਰ ਮਾਨਸਾ, ਦਰਸ਼ਨ ਸਿੰਘ ਜੋਗਾ, ਜਸਵਿੰਦਰ ਬਬਲੂ, ਕਾ. ਅਮਨਦੀਪ ਸਿੰਘ ਬਿੱਟੂ, ਰਾਮ ਕੁਮਾਰ ਮਾਨਸਾ, ਸੁਨੀਲ ਕੁਮਾਰ ਮਾਨਸਾ ਆਦਿ ਆਗੂ ਹਾਜ਼ਰ ਸਨ।

## ਜੋਗਿੰਦਰਾ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀ.ਆਈ.ਐੱਸ.ਸੀ.ਈ., ਨਵੀਂ ਦਿੱਲੀ ਵੱਲੋਂ ਹਾਲ ਹੀ ਵਿੱਚ ਐਲਾਨੇ ਗਏ ਬਾਰਵੀਂ (ਆਈ.ਐੱਸ.ਸੀ.) ਤੇ ਦਸਵੀਂ (ਆਈ.ਸੀ.ਐੱਸ.ਈ.) ਜਮਾਤ ਦੇ ਨਤੀਜਿਆਂ ਵਿੱਚ ਜੋਗਿੰਦਰਾ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ। ਸਕੂਲ ਦੇ ਮਿਆਰੀ ਵਿੱਦਿਅਕ ਮਾਹੌਲ ਤੇ ਅਧਿਆਪਕਾਂ ਦੇ ਸੁਚੱਜੇ ਮਾਰਗਦਰਸ਼ਨ ਸਦਕਾ ਵਿਦਿਆਰਥੀਆਂ ਨੇ ਉੱਚੇ ਅੰਕ ਪ੍ਰਾਪਤ ਕਰਕੇ ਸੰਸਥਾ ਦਾ ਨਾਂ ਇਲਾਕੇ ਵਿੱਚ ਹੋਰ ਵੀ ਰੌਸ਼ਨ ਕੀਤਾ ਹੈ।? ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਹਰਨੂਰ ਕੌਰ ਨੇ 97.6 ਫੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਮੋਹਰੀ ਸਥਾਨ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਆਸਪ੍ਰੀਤ ਕੌਰ (97 ਫੀਸਦੀ), ਨਵਜੋਤ ਕੌਰ (96 ਫ਼ੀਸਦੀ), ਹਰਮਨਪ੍ਰੀਤ ਕੌਰ (94 ਫੀਸਦੀ), ਹਰਦਿਲਅਜ਼ੀਜ਼ ਸਿੰਘ ਢਿੱਲੋਂ (93.75 ਫੀਸਦੀ), ਯੁਵਰਾਜ ਸਿੰਘ (92.5 ਫੀਸਦੀ), ਗਗਨਪ੍ਰੀਤ ਸਿੰਘ (92.25 ਫੀਸਦੀ) ਤੇ ਮਨਵੀਰ ਕੌਰ (92 ਫੀਸਦੀ) ਨੇ ਵੀ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ ਹੈ। ਜ਼ਿਕਰਯੋਗ ਹੈ ਕਿ ਬਾਰਵੀਂ ਜਮਾਤ ਦੇ ਕੁੱਲ 33 ਵਿਦਿਆਰਥੀ ਪ੍ਰੀਖਿਆ ਵਿੱਚ ਸ਼ਾਮਲ ਹੋਏ, ਜਿਨ੍ਹਾਂ ਵਿੱਚੋਂ 15 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅਤੇ ਬਾਕੀ ਸਾਰੇ ਵਿਦਿਆਰਥੀਆਂ ਨੇ 70 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਜ਼ਾਹਰ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਸਿਮਰਨਦੀਪ ਸਿੰਘ ਧਾਲੀਵਾਲ ਤੇ ਚੇਅਰਮੈਨ ਹਰਦੀਪ ਸਿੰਘ ਧਾਲੀਵਾਲ ਨੇ ਸਮੂਹ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਲਗਨ ਤੇ ਅਧਿਆਪਕਾਂ ਦੀ ਮਿਹਨਤ ਦਾ ਸਾਂਝਾ ਨਤੀਜਾ ਹੈ। ਇਸ ਮੌਕੇ ਉੱਪ ਪ੍ਰਿੰਸੀਪਲ ਰਜਨੀ ਬਜਾਜ, ਕੋਆਰਡੀਨੇਟਰ ਪਵੀਤ ਸ਼ਰਮਾ, ਵਿਕਾਸ ਕੌਸ਼ਲ ਤੇ ਸ਼ਿਵਰਾਜ ਸਿੰਘ ਸਿੱਧੂ ਨੇ ਵੀ ਹਾਜ਼ਰ ਹੋ ਕੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

## ਇਕੋ ਹਨ ਸ਼ੰਕਰ ਜੀ ਤੇ ਹਨੂੰਮਾਨ ਜੀ : ਕਮਲਾਨੰਦ ਗਿਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਸ੍ਰੀ ਕਲਿਆਣ ਕਮਲ ਆਸ਼ਰਮ ਹਰਿਦੁਆਰ ਦੇ ਅਨੰਤ ਸ੍ਰੀ ਵਿਭੂਸ਼ਿਤ 1008 ਮਹਾਮੰਡਲੇਸ਼ਵਰ ਸੁਆਮੀ ਸ੍ਰੀ ਕਮਲਾਨੰਦ ਗਿਰੀ ਜੀ ਮਹਾਰਾਜ ਨੇ ਵੀਰ ਹਨੂੰਮਾਨ ਜੀ ਦੀ ਚਾਰੇ ਯੁੱਗਾਂ ਵਿੱਚ ਮਹਿਮਾ ਬਾਰੇ ਚਰਚਾ ਕਰਦਿਆਂ ਕਿਹਾ ਕਿ ਸ਼ੰਕਰ ਸੁਮਨ ਕੇਸਰੀ ਨੰਦਨ ਅਰਥਾਤ ਸ਼ੰਕਰ ਜੀ ਹੀ ਖੁਦ ਕੇਸਰੀਨੰਦਨ ਹਨ।ਇਸ ਲਈ ਸ਼ੰਕਰ ਜੀ ਸਿਰਫ਼ ਚਾਰਾਂ ਯੁੱਗਾਂ ਦੀ ਸ਼ਕਤੀ ਨਹੀਂ ਹਨ, ਸਗੋਂ ਇਹ ਚਤੁਰਯੁੱਗ ਕਈ ਵਾਰ ਬੀਤ ਚੁੱਕਿਆ ਹੈ, ਉਦੋਂ ਤੋਂ ਸ਼ੰਕਰ ਜੀ ਹਨ।ਬ੍ਰਹਮਾ ਜੀ ਦੇ ਮਾਤਾ-ਪਿਤਾ ਹਨ।ਵਿਸ਼ਨੂੰ ਜੀ ਦੇ ਮਾਤਾ-ਪਿਤਾ ਹਨ।ਸ਼ੰਕਰ ਜੀ ਦੇ ਮਾਤਾ-ਪਿਤਾ ਕੌਣ ਹਨ ? ਬ੍ਰਹਮਾ ਜੀ ਦੇਵ ਹਨ, ਵਿਸ਼ਨੂੰ ਜੀ ਦੇਵ ਹਨ, ਪਰ ਸ਼ੰਕਰ ਜੀ ਮਹਾਦੇਵ ਹਨ।ਜੇਕਰ ਸ਼ੰਕਰ ਜੀ ਮਹਾਦੇਵ ਹਨ, ਮਤਲਬ ਆਪ ਹੀ ਮਹਾਦੇਵ ਹਨ, ਤਾਂ ਇਨ੍ਹਾਂ ਤੋਂ ਮਹਾਨ, ਇਨ੍ਹਾਂ ਤੋਂ ਵੱਡਾ ਹੋਰ ਕੋਈ ਨਹੀਂ ਹੋ ਸਕਦਾ।ਇਸ ਲਈ ਸ਼ੰਕਰ ਜੀ ਤੇ ਹਨੂੰਮਾਨ ਜੀ ਇੱਕ ਹੀ ਹਨ।ਇਸ ਲਈ ਸਿਰਫ਼ ਚਾਰਾਂ ਯੁੱਗਾਂ ਵਿੱਚ ਹੀ ਨਹੀਂ, ਸਗੋਂ ਹਰ ਯੁੱਗ ਵਿੱਚ ਸ਼ੰਕਰ ਜੀ ਹੀ ਸ੍ਰੀ ਹਨੂੰਮਾਨ ਜੀ ਦੇ ਰੂਪ ਵਿੱਚ ਇਸ ਸ੍ਰਿਸ਼ਟੀ ਵਿੱਚ ਆਪਣੀ ਲੀਲਾ ਕਰ ਰਹੇ ਹਨ।ਜਗਤ ਦਾ ਕਲਿਆਣ ਕਰ ਰਹੇ ਹਨ।ਮਹਾਮੰਡਲੇਸ਼ਵਰ ਸੁਆਮੀ ਸ੍ਰੀ ਕਮਲਾਨੰਦ ਗਿਰੀ ਜੀ ਮਹਾਰਾਜ ਨੇ ਇਹ ਵਿਚਾਰ ਸ੍ਰੀ ਰਾਮ ਭਵਨ ਵਿਖੇ ਆਯੋਜਤ ਪੰਜ ਰੋਜ਼ਾ ਸ੍ਰੀ ਸੁੰਦਰ ਕਾਂਡ ਅਤੇ ਪ੍ਰਵਚਨ ਪ੍ਰੋਗਰਾਮ ਤਹਿਤ ਐਤਵਾਰ ਨੂੰ ਸ਼ਰਧਾਲੂਆਂ ਦੇ ਵਿਸ਼ਾਲ ਇਕੱਠ ਦੇ ਸਾਹਮਣੇ ਪ੍ਰਗਟ ਕੀਤੇ। ਚੌਥੇ ਦਿਨ ਸ੍ਰੀ ਸੁੰਦਰ ਕਾਂਡ ਦੇ ਪਾਠਾਂ ਦੇ ਯਜਮਾਨ ਰੁਦਰ-ਵਿਰਾਜ ਪਰਿਵਾਰ ਰਿਹਾ।ਮੰਦਰ ਦਾ ਵਿਹੜਾ ਭਗਵਾਨ ਸ੍ਰੀ ਰਾਮ ਚੰਦਰ ਤੇ ਵੀਰ ਹਨੂੰਮਾਨ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।4 ਮਈ ਨੂੰ ਮਹਾਰਾਜ ਜੀ ਆਪਣੀ ਸੇਵਕ ਮੰਡਲੀ ਸਮੇਤ ਸਵੇਰੇ ਅੱਠ ਵਜੇ ਮੁਕਤਸਰ ਤੋਂ ਕਪੂਰਥਲਾ ਲਈ ਰਵਾਨਾ ਹੋ ਜਾਣਗੇ।4 ਅਤੇ 5 ਮਈ ਨੂੰ ਸ੍ਰੀ ਸਨੇਹ ਬਿਹਾਰੀ ਮੰਦਰ ਜਲੌਅਤਖਾਨਾ ਕੰਪਲੈਕਸ ਕਪੂਰਥਲਾ ਵਿੱਚ ਪ੍ਰਵਾਸ ਤੋਂ ਬਾਅਦ ਮਹਾਰਾਜ 6 ਮਈ ਨੂੰ ਸਵੇਰੇ 08:00 ਵਜੇ ਅੰਬਾਲਾ ਲਈ ਰਵਾਨਾ ਹੋਣਗੇ।

## ਗਗੜਾ 'ਚ ਕਬੂਤਰਾਂ ਦੀ ਬਾਜ਼ੀ



**ਖੰਨਾ (ਭਾਦਲਾ, ਮੋਨੂੰ)**-ਬੀਤੇ ਦਿਨ ਪਿੰਡ ਗਗੜਾ ਵਿਖੇ ਨੌਜਵਾਨਾਂ ਵੱਲੋਂ ਹਰਜਿੰਦਰ ਸਿੰਘ ਸਵੈਚ ਦੀ ਅਗਵਾਈ ਵਿੱਚ ਕਬੂਤਰਬਾਜ਼ੀ ਕਰਵਾਈ ਗਈ।ਇਸ ਬਾਜ਼ੀ ਵਿੱਚ 200 ਦੇ ਕਰੀਬ ਕਬੂਤਰ ਰੱਖਣ ਵਾਲੇ ਸ਼ੌਕੀਨਾਂ ਵੱਲੋਂ ਭਾਗ ਲਿਆ ਗਿਆ।ਸਵੇਰੇ 6.30 ਵਜੇ ਨੌਜਵਾਨਾ ਵੱਲੋਂ ਬਣਾਈ ਗਈ ਕਮੇਟੀ, ਜਿਸ ਵਿਚ ਸੰਦੀਪ ਸਿੰਘ ਗਗੜਾ, ਹਰਮਨ ਗਗੜਾ, ਸਤਨਾਮ ਮਲੇਸੀਆ, ਨਿੱਕੂ ਸੇਹ, ਜਸ ਭੰਗੂ, ਸੰਦੀਪ ਗਗੜਾ ਜੱਸੀ ਗੁਰੂ ਪਿੰਡ ਦੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਪਿੰਡ ਦੀ ਸੱਥ ਵਿੱਚੋਂ ਉਡਾਰੀ ਲਈ ਕਬੂਤਰਾਂ ਨੂੰ ਛੱਡਿਆ ਗਿਆ।ਇਹ ਬਾਜ਼ੀ ਅਮਨ-ਅਮਾਨ ਨਾਲ ਸਾਰਾ ਦਿਨ ਚਲਦੀ ਰਹੀ।ਅਖੀਰ ਸ਼ਾਮ 6.30 ਵਜੇ 37 ਉੱਡ ਰਹੇ ਕਬੂਤਰਾਂ ਵਿੱਚ ਆਪਸੀ ਸਹਿਮਤੀ ਨਾਲ ਹਰਜਿੰਦਰ ਸਿੰਘ ਗਗੜਾ, ਬਲਜੀਤ ਸਿੰਘ ਮੰਜਾਲੀਆਂ ਕਲਾਂ ਸਰਪੰਚ ਭਾਜਪਾ ਆਗੂ, ਲੱਖੀ ਅਜਲੌਦ ਬਲਾਕ ਸੰਮਤੀ ਮੈਂਬਰ ਪ੍ਰਧਾਨ ਐੱਸ ਸੀ ਵਿੰਗ ਅਕਾਲੀ ਦਲ ਹਲਕਾ ਸਮਰਾਲਾ ਜਸ ਭੰਗੂ, ਕਾਕਾ ਪਹਿਲਵਾਨ ਸਲੌਦੀ ਸਿੰਘਾਂ ਦੀ ਆਦਿ ਵੱਲੋਂ ਇਨਾਮਾਂ ਦੀ ਵੰਡ ਕੀਤੀ ਗਈ।ਇਸ ਬਾਜ਼ੀ ਵਿੱਚ ਪਿੰਡ ਦੇ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਦੇਖਿਆ ਗਿਆ।ਹਰਜਿੰਦਰ ਸਿੰਘ ਗਗੜਾ, ਬਲਜੀਤ ਸਿੰਘ ਮੰਜਾਲੀਆਂ ਕਲਾਂ ਸਰਪੰਚ ਭਾਜਪਾ ਆਗੂ, ਲੱਖੀ ਅਜਲੌਦ ਬਲਾਕ ਸੰਮਤੀ ਮੈਂਬਰ ਪ੍ਰਧਾਨ ਐੱਸ ਸੀ ਵਿੰਗ ਅਕਾਲੀ ਦਲ ਹਲਕਾ ਸਮਰਾਲਾ, ਜਸ ਪੰਚ ਭੰਗੂ ਸੇਹ, ਕਾਕਾ ਪਹਿਲਵਾਨ ਸਲੌਦੀ ਸਿੰਘਾਂ ਦੀ ਆਦਿ ਨੂੰ ਪਿੰਡ ਦੇ ਨੌਜਵਾਨਾਂ ਵੱਲੋਂ ਸਨਮਾਨਿਆ ਗਿਆ।

## ਬਾਬਾ ਫਰੀਦ ਪਬਲਿਕ ਸਕੂਲ ਵਿਖੇ ਮਿਹਨਤਕਸ਼ਾਂ ਦਾ ਵਿਸ਼ੇਸ਼ ਸਨਮਾਨ




**ਬਠਿੰਡਾ/ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਥਾਨਕ ਬਾਬਾ ਫਰੀਦ ਪਬਲਿਕ ਸਕੂਲ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਕੂਲ ਕੈਂਪਸ ਵਿੱਚ ਕਰਵਾਏ ਗਏ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਸੰਸਥਾ ਦੇ ਸਮੂਹ ਸਹਾਇਕ ਸਟਾਫ਼ ਤੇ ਕਰਮਚਾਰੀਆਂ ਦੀ ਨਿਰਸਵਾਰਥ ਸੇਵਾ ਨੂੰ ਸਲਾਮ ਕਰਦਿਆਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਨੇ ਕਿਰਤੀ ਵਰਗ ਦੇ ਸੰਘਰਸ਼ ਤੇ ਮਹੱਤਤਾ ਨੂੰ ਦਰਸਾਉਂਦਾ ਪ੍ਰਸਿੱਧ ਗੀਤ ਤੂੰ ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ ਬਹੁਤ ਹੀ ਭਾਵਪੂਰਤ ਅੰਦਾਜ਼ ਵਿੱਚ ਪੇਸ਼ ਕੀਤਾ।ਇਸ ਮੌਕੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਉਨ੍ਹਾਂ ਸਕੂਲ ਦੇ ਸਫ਼ਾਈ ਕਰਮਚਾਰੀਆਂ, ਮਾਲੀਆਂ, ਡਰਾਈਵਰਾਂ ਤੇ ਸੁਰੱਖਿਆ ਗਾਰਡਾਂ ਨੂੰ ਆਪਣੇ ਹੱਥਾਂ ਨਾਲ ਬਣਾਏ ਧੰਨਵਾਦ ਕਾਰਡ ਭੇਟ ਕੀਤੇ। ਬੱਚਿਆਂ ਦੇ ਇਸ ਮੋਹ-ਪਿਆਰ ਤੇ ਸਤਿਕਾਰ ਨੂੰ ਦੇਖ ਕੇ ਕਈ ਕਰਮਚਾਰੀ ਭਾਵੁਕ ਹੋ ਗਏ।ਸ਼ਾਮ ਦੇ ਸਮੇਂ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਵਰਕਰਾਂ ਲਈ ਇੱਕ ਵਿਸ਼ੇਸ਼ ਚਾਹ ਪਾਰਟੀ ਦਾ ਪ੍ਰਬੰਧ ਕੀਤਾ ਗਿਆ, ਜਿੱਥੇ ਅਧਿਆਪਕਾਂ ਤੇ ਸਹਾਇਕ ਸਟਾਫ਼ ਨੇ ਇਕੱਠਿਆਂ ਬੈਠ ਕੇ ਸਮਾਂ ਬਿਤਾਇਆ।ਸਮਾਗਮ ਦੌਰਾਨ ਸੰਬੋਧਨ ਕਰਦਿਆਂ ਪ੍ਰਿੰਸੀਪਲ ਮੈਡਮ ਸੁਖਦੀਪ ਕੌਰ, ਵਾਈਸ ਪ੍ਰਿੰਸੀਪਲ ਮੈਡਮ ਹਰਸਿਮਰਨਜੀਤ ਕੌਰ ਨੇ ਕਿਹਾ ਕਿ ਇਹ ਦਿਨ ਸਾਨੂੰ ਅਹਿਸਾਸ ਕਰਵਾਉਂਦਾ ਹੈ ਕਿ ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ।ਉਨ੍ਹਾਂ ਕਿਹਾ ਕਿ ਸਮਾਜ ਦਾ ਹਰ ਵਰਗ ਬਰਾਬਰ ਦਾ ਮਹੱਤਵ ਰੱਖਦਾ ਹੈ ਤੇ ਆਪਸੀ ਸਤਿਕਾਰ ਨਾਲ ਹੀ ਇੱਕ ਮਜ਼ਬੂਤ ਰਾਸ਼ਟਰ ਦੀ ਸਿਰਜਣਾ ਸੰਭਵ ਹੈ।

## ਸੀਟੂ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਿਜਦਾ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਸੀਟੂ ਵੱਲੋਂ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮੌਕੇ ਕੀਤੀ ਦਫ਼ਤਰ ਵਿਚ ਲੋਡਿੰਗ ਅਨਲੋਡਿੰਗ ਵਰਕਰਜ਼ ਯੂਨੀਅਨ (ਸੀਟੂ) ਤੇ ਪੰਜਾਬ ਰੋਡਵੇਜ਼ ਦੀ ਵਰਕਸ਼ਾਪ, ਛੇਹਰਟਾ ਸੀਟੂ ਦਫ਼ਤਰ ਵਿਚ ਝੰਡੇ ਲਹਿਰਾਉਣ ਤੋਂ ਬਾਅਦ ਨਾਈਆਂ ਵਾਲਾ ਮੋੜ 'ਤੇ ਮਜ਼ਦੂਰਾਂ ਦਾ ਵਿਸ਼ਾਲ ਇੱਕਠ ਕਰਕੇ ਸੀਟੂ ਦਾ ਝੰਡਾ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਲਹਿਰਾਇਆ। ਇਸ ਉਪਰੰਤ ਵਿਸ਼ਾਲ ਇੱਕਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ 1886 ਵਿਚ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਮਜ਼ਦੂਰਾਂ ਦੇ ਵੱਡੇ ਇਕੱਠ 'ਤੇ ਹਾਕਮ ਵੱਲੋਂ ਗੋਲੀਬਾਰੀ ਕੀਤੀ ਗਈ ਅਤੇ ਅੰਨ੍ਹੇਵਾਹ ਲਾਠੀਚਾਰਜ ਕਰਕੇ ਕਈ ਮਜ਼ਦੂਰ ਸਾਥੀ ਸ਼ਹੀਦ ਕਰ ਦਿੱਤੇ ਗਏ। ਉਨ੍ਹਾਂ ਸ਼ਹੀਦਾਂ ਦੇ ਖ਼ੂਨ ਨਾਲ ਚਿੱਟਾ ਝੰਡਾ ਲਾਲ ਹੋ ਗਿਆ। ਇਸੇ ਲਈ ਅੱਜ ਸਾਡੇ ਝੰਡੇ ਦਾ ਰੰਗ ਲਾਲ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਕੇਂਦਰੀ ਸਰਕਾਰ ਨੇ ਮਜ਼ਦੂਰਾਂ ਦੇ ਚਾਰ ਲੇਬਰ ਕੋਡ ਲਾਗੂ ਕਰਕੇ 12 ਘੰਟੇ ਦੀ ਦਿਹਾੜੀ ਕਰ ਦਿੱਤੀ ਹੈ। ਮਜ਼ਦੂਰਾਂ ਦੀਆਂ ਛੁੱਟੀਆਂ ਤੇ ਬੋਨਸ ਖ਼ਤਮ ਕਰ ਦਿੱਤਾ ਅਤੇ ਯੂਨੀਅਨ ਬਣਾਉਣ ਦੇ ਹੱਕ 'ਤੇ ਵੀ ਡਾਕਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਡਰਾਮਾ ਕਰ ਰਹੀ ਹੈ।

ਮਜ਼ਦੂਰਾਂ ਦਾ ਮਿਹਨਤਾਨਾ ਵਧਾਉਣ ਦੀ ਥਾਂ 'ਤੇ ਉਨ੍ਹਾਂ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਇਸ ਮੌਕੇ ਚਰਨਜੀਤ ਮਜੀਠਾ, ਕਿਰਪਾ ਰਾਮ, ਮਨਜੀਤ ਕੌਰ, ਸੁਮਨ ਰਾਣੀ, ਕਵਲਜੀਤ ਕੌਰ, ਸਪਨਾ, ਪ੍ਰਤਾਪ ਸਿੰਘ, ਗੁਰਦੀਪ ਸਿੰਘ, ਵਿਜੈ, ਰਾਜਾ ਰਾਮ, ਸਾਹਿਬ ਸਿੰਘ, ਰਣਜੀਤ ਸਿੰਘ ਬੱਲ, ਭੁਪਿੰਦਰਜੀਤ ਸਿੰਘ ਛੀਨਾ, ਜਸਬੀਰ ਸਿੰਘ ਝਬਾਲ, ਗੁਰਨਾਮ ਸਿੰਘ, ਸਰਵਣ ਸਿੰਘ, ਕੁਲਵੰਤ ਸਿੰਘ, ਬਲਬੀਰ ਸਿੰਘ, ਧਰਮਪਾਲ, ਸੂਰਜ, ਜਸਵੰਤ ਸਿੰਘ, ਨਰਿੰਦਰ ਸਿੰਘ ਧੰਜਲ ਆਦਿ ਹਾਜ਼ਰ ਸਨ।

## ਤਰਕਸ਼ੀਲ ਸੁਸਾਇਟੀ ਵੱਲੋਂ ਡਾ. ਦਾਭੋਲਕਰ ਹੱਤਿਆ ਕੇਸ ਦੇ ਦੋਸ਼ੀ ਕਾਤਲ ਨੂੰ ਜ਼ਮਾਨਤ ਦੇਣ ਦਾ ਵਿਰੋਧ

** ਗੋਵਿੰਦ ਪਨਸਾਰੇ, ਪ੍ਰੋ. ਕਲਬੁਰਗੀ ਤੇ ਗੌਰੀ ਲੰਕੇਸ਼ ਦੇ ਫ਼ਿਰਕੂ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਕੀਤੀ ਮੰਗ*



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਬੰਬੇ ਹਾਈਕੋਰਟ ਵੱਲੋਂ ਮਹਾਂਰਾਸ਼ਟਰ ਦੀ ਤਰਕਸ਼ੀਲ ਸੰਸਥਾ ਅੰਧ ਸ਼ਰਧਾ ਨਿਰਮੂਲਨ ਸੰਮਤੀ ਦੇ ਸੰਸਥਾਪਕ ਡਾ. ਨਰਿੰਦਰ ਦਾਭੋਲਕਰ ਦੇ ਕਾਤਲ ਦੋਸ਼ੀ ਸ਼ਰਦ ਕਲਾਸਕਰ ਨੂੰ ਜ਼ਮਾਨਤ ਦੇਣ ਦੇ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਉਸਦੀ ਜ਼ਮਾਨਤ ਰੱਦ ਕਰਨ ਅਤੇ ਇਸ ਕਤਲ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਵਰਿੰਦਰ ਤਾਵੜੇ ਸਮੇਤ ਹੋਰਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।

ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਅਤੇ ਸੂਬਾ ਕਮੇਟੀ ਆਗੂਆਂ ਹੇਮ ਰਾਜ ਸਟੈਨੋ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਬੰਬੇ ਹਾਈਕੋਰਟ ਉਤੇ ਜ਼ਮਾਨਤ ਦੇਣ ਦੇ ਦੋਹਰੇ ਮਿਆਰ ਅਪਨਾਉਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਡਾ. ਦਾਭੋਲਕਰ ਅਤੇ ਕਾ. ਗੋਵਿੰਦ ਪਨਸਾਰੇ ਦੇ ਦੋਸ਼ੀ ਕਾਤਲਾਂ ਨੂੰ ਤਾਂ ਜ਼ਮਾਨਤ ਦਿੱਤੀ ਜਾ ਰਹੀ ਹੈ ਜਦਕਿ ਭੀਮਾ ਕੋਰੇਗਾਂਵ ਕਥਿਤ ਹਿੰਸਾ ਕੇਸ ਵਿੱਚ ਫਰਜ਼ੀ ਦੋਸ਼ਾਂ ਹੇਠ ਫਸਾਏ ਗਏ ਪੱਤਰਕਾਰ, ਵਕੀਲ ਅਤੇ ਸਮਾਜਿਕ ਕਾਰਕੁਨ ਬਿਨਾਂ ਕਿਸੇ ਸੁਣਵਾਈ ਦੇ ਪਿਛਲੇ ਸੱਤ ਸਾਲ ਤੋਂ ਜੇਲ੍ਹਾਂ ਵਿੱਚ ਸੜ ਰਹੇ ਹਨ ਪਰ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਬਾਰ ਬਾਰ ਇਨਕਾਰ ਕੀਤਾ ਜਾ ਰਿਹਾ ਹੈ।

ਸੂਬਾ ਕਮੇਟੀ ਆਗੂਆਂ ਰਾਜੇਸ਼ ਅਕਲੀਆ, ਜੋਗਿੰਦਰ ਕੁੱਲੇਵਾਲ, ਜਸਵੰਤ ਮੋਹਾਲੀ, ਜਸਵਿੰਦਰ ਫਗਵਾੜਾ, ਗੁਰਪ੍ਰੀਤ ਸ਼ਹਿਣਾ ਅਤੇ ਜੁਝਾਰ ਲੌਂਗੋਵਾਲ ਨੇ ਕਿਹਾ ਕਿ ਮੋਦੀ ਸਰਕਾਰ ਦੇ ਕਥਿਤ ਦਬਾਅ ਹੇਠ ਪੁਲਸ ਅਤੇ ਕੇਂਦਰੀ ਜਾਂਚ ਏਜੰਸੀਆਂ ਵੱਲੋਂ ਇਸ ਕਤਲ ਕਾਂਡ ਦੇ ਮੁੱਖ ਮੁਲਜ਼ਮ ਅਤੇ ਸਾਜ਼ਿਸ਼ ਘਾੜੇ ਡਾ. ਵਰਿੰਦਰ ਤਾਵੜੇ ਸਮੇਤ ਮੁਲਜ਼ਮਾਂ ਸੰਜੀਵ ਪੁਨਾਲੇਕਰ ਤੇ ਵਿਕਰਮ ਭਾਵੇ ਵਿਰੁੱਧ ਸਪੱਸ਼ਟ ਸਬੂਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜਾਣ ਬੁੱਝ ਕੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ।ਉਨ੍ਹਾਂ ਨੇ ਦੋਸ਼ ਲਾਇਆ ਮੋਦੀ ਸਰਕਾਰ ਆਪਣੇ ਹਿੰਦੂਤਵੀ ਦੇ ਫ਼ਿਰਕੂ ਫਾਸ਼ੀਵਾਦੀ ਏਜੰਡੇ ਹੇਠ ਦੇਸ਼ ਵਿੱਚ ਵਿਗਿਆਨਕ ਸੋਚ, ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਸੰਵਿਧਾਨ ਨੂੰ ਖਤਮ ਕਰਨ ਲਈ ਸਿੱਖਿਆ ਅਤੇ ਸੰਵਿਧਾਨਕ ਸੰਸਥਾਵਾਂ ਦਾ ਭਗਵਾਂਕਰਨ ਕਰ ਰਹੀ ਹੈ ਅਤੇ ਭਾਜਪਾ ਸੰਘ ਦੀ ਸਿਆਸੀ ਸਰਪ੍ਰਸਤੀ ਹੇਠ ਹਿੰਦੂਤਵੀ ਅਨਸਰਾਂ ਵੱਲੋਂ ਪਿਛਲੇ ਸਾਲਾਂ ਵਿੱਚ ਤਰਕਸ਼ੀਲ ਚਿੰਤਕਾਂ ਡਾ. ਦਾਭੋਲਕਰ, ਗੋਵਿੰਦ ਪਨਸਾਰੇ, ਪ੍ਰੋ. ਐੱਮ. ਐੱਮ. ਕਲਬੁਰਗੀ ਅਤੇ ਪੱਤਰਕਾਰ ਗੌਰੀ ਲੰਕੇਸ਼ ਦੀਆਂ ਹੱਤਿਆਵਾਂ ਕਰਕੇ ਮੁਲਕ ਵਿੱਚ ਤਰਕਸ਼ੀਲ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ।

ਤਰਕਸ਼ੀਲ ਆਗੂਆਂ ਨੇ ਬੰਬੇ ਹਾਈਕੋਰਟ ਤੋਂ ਮੰਗ ਕੀਤੀ ਕਿ ਡਾ. ਦਾਭੋਲਕਰ ਹੱਤਿਆ ਕੇਸ ਦੇ ਮੁੱਖ ਸਾਜ਼ਿਸ਼ ਘਾੜਿਆਂ ਡਾ. ਵਰਿੰਦਰ ਤਾਵੜੇ ਸਮੇਤ ਤਰਕਸ਼ੀਲ ਵਿਦਵਾਨਾਂ ਗੋਵਿੰਦ ਪਨਸਾਰੇ, ਪ੍ਰੋ. ਐੱਮ. ਐੱਮ. ਕਲਬੁਰਗੀ ਅਤੇ ਗੌਰੀ ਲੰਕੇਸ਼ ਦੇ ਫ਼ਿਰਕੂ ਕਾਤਲਾਂ ਨੂੰ ਬਿਨਾਂ ਕਿਸੇ ਹੋਰ ਦੇਰੀ ਦੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

## ਨਾਰੀ ਸ਼ਕਤੀ ਵੰਦਨ ਕਾਨੂੰਨ ਲਾਗੂ ਕਰਵਾਉਣ ਲਈ ਮੁਹਿੰਮ ਦਾ ਆਗਾਜ਼

ਅੰਮ੍ਰਿਤਸਰ (ਨ ਜ਼ ਸ)—ਪੰਜਾਬ ਇਸਤਰੀ ਸਭਾ ਅੰਮ੍ਰਿਤਸਰ ਨੇ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਅਤੇ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਕੌਰ ਦੀ ਅਗਵਾਈ ਵਿੱਚ ਅੰਮ੍ਰਿਤਸਰ ਦੇ ਪਾਰਲੀਮੈਂਟ ਮੈਂਬਰ ਸਰਦਾਰ ਗੁਰਜੀਤ ਸਿੰਘ ਔਜਲਾ ਨੂੰ ਮੰਗ ਪੱਤਰ ਦਿੱਤਾ।

ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦੇ ਸੱਦੇ 'ਤੇ ਪੰਜਾਬ ਸਭਾ ਨੇ ਇਕ ਮਈ ਤੋਂ ਨਾਰੀ ਸ਼ਕਤੀ ਵੰਦਨ ਕਾਨੂੰਨ ਲਾਗੂ ਕਰਵਾਉਣ ਲਈ ਇਹ ਮੁਹਿੰਮ ਸ਼ੁਰੂ ਕੀਤੀ।ਔਰਤਾਂ ਵਾਸਤੇ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿਚ 33% ਰਿਜ਼ਰਵੇਸ਼ਨ ਦਾ ਬਿੱਲ ਗੀਤਾ ਮੁਖਰਜੀ ਨੇ 1996 ਵਿੱਚ ਪੇਸ਼ ਕੀਤਾ ਸੀ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਬਿੱਲ 'ਤੇ ਵਿਚਾਰ ਵਟਾਂਦਰਾ ਕਰਨ ਲਈ ਕਮੇਟੀ ਵੀ ਬਣੀ ਸੀ ਪਰੰਤੂ ਵੱਖ-ਵੱਖ ਪਾਰਟੀਆਂ ਦੇ ਸਹਿਯੋਗ ਨਾ ਦੇਣ ਕਾਰਨ ਇਹ ਬਿੱਲ ਕਦੇ ਵੀ ਕਾਨੂੰਨ ਨਹੀਂ ਬਣ ਸਕਿਆ।2023 ਵਿੱਚ ਬੀਜੇਪੀ ਸਰਕਾਰ ਨੇ ਬੜੀ ਕਾਹਲੀ ਨਾਲ ਔਰਤਾਂ ਦੀਆਂ ਵੋਟਾਂ ਲੈਣ ਖਾਤਰ ਇਹ ਐਕਟ ਪਾਸ ਕਰ ਦਿੱਤਾ ਤਾਂ ਕਿ ਔਰਤਾਂ ਖੁਸ਼ ਹੋ ਕੇ ਬੀਜੇਪੀ ਨੂੰ ਵੋਟਾਂ ਪਾਉਣ ਪਰੰਤੂ ਇਸ ਐਕਟ ਨੂੰ ਲਾਗੂ ਨਹੀਂ ਕੀਤਾ ਗਿਆ ।2024 ਵਿੱਚ ਪਾਰਲੀਮੈਂਟ ਦੀ ਚੋਣਾਂ ਹੋਈਆਂ ਤਾਂ ਔਰਤਾਂ ਨੂੰ ਰਿਜ਼ਰਵੇਸ਼ਨ ਨਹੀਂ ਮਿਲੀ।ਉਸ ਤੋਂ ਬਾਅਦ ਕਈ ਸੂਬਿਆਂ ਦੀਆਂ ਚੋਣਾਂ ਹੋਈਆਂ ਪ੍ਰੰਤੂ ਔਰਤਾਂ ਨੂੰ ਰਿਜ਼ਰਵੇਸ਼ਨ ਦੇ ਇਸ ਐਕਟ ਦਾ ਲਾਭ ਨਹੀਂ ਮਿਲਿਆ।ਹੁਣ ਫਿਰ ਇਹ ਐਕਟ ਜਿਹੜਾ ਕਿ ਪਹਿਲਾਂ ਹੀ ਪਾਸ ਹੋ ਚੁੱਕਾ ਸੀ ਮੁੜ ਪਾਰਲੀਮੈਂਟ ਵਿੱਚ ਪੇਸ਼ ਕਰ ਦਿੱਤਾ ਗਿਆ ਅਤੇ ਸਰਕਾਰ ਵੱਲੋਂ ਕਿਹਾ ਗਿਆ ਕਿ ਔਰਤਾਂ ਨੂੰ ਰਿਜ਼ਰਵੇਸ਼ਨ ਦੇਣ ਵਾਸਤੇ 543 ਤੋਂ ਵਧਾ ਕੇ 840 ਸੀਟਾਂ ਕੀਤੀਆਂ ਜਾਣਗੀਆਂ ਅਤੇ ਉਸ ਵਾਸਤੇ 2011 ਦੇ ਜਨਗਣਨਾ ਦੇ ਅਨੁਸਾਰ ਹਲਕਾ ਬੰਦੀ ਕੀਤੀ ਜਾਵੇਗੀ ਸਰਕਾਰ ਇਸ ਢੰਗ ਨਾਲ ਹਲਕਾਬੰਦੀ ਕਰਨਾ ਚਾਹੁੰਦੇ ਸੀ ਕਿ ਵੱਧ ਤੋਂ ਵੱਧ ਆਪਣੇ ਨੁਮਾਇੰਦੇ ਜਿਤਾਏ ਜਾ ਸਕਣ।ਵਿਰੋਧੀ ਧਿਰ ਨੇ ਇਕਮੁੱਠ ਹੋ ਵਿਰੋਧ ਕੀਤਾ ਤਾਂ ਇਹ ਬਿੱਲ ਫੇਲ ਹੋ ਗਿਆ।ਸਾਡੀ ਪੰਜਾਬ ਇਸਤਰੀ ਸਭਾ ਨੇ 2023 ਵਿੱਚ ਪਾਸ ਹੋਏ ਐਕਟ ਨੂੰ ਲਾਗੂ ਕਰਵਾਉਣ ਵਾਸਤੇ ਮੀਟਿੰਗਾਂ ਅਤੇ ਮੈਮੋਰੰਡਮ ਦਾ ਦੌਰ ਸ਼ੁਰੂ ਕੀਤਾ ਹੈ।ਇਸ ਡੈਪੂਟੇਸ਼ਨ ਵਿੱਚ ਡਾਕਟਰ ਪ੍ਰਭਜੋਤ ਕੌਰ, ਸਿਮਰਜੀਤ ਕੌਰ, ਹੈਲਪ ਏ ਚਾਇਲਡ ਆਫ ਇੰਡੀਆ ਦੇ ਸੂਬਾਈ ਅਫਸਰ ਰੇਖਾ ਭੱਟੀ ਅਤੇ ਪਵਨ ਕੁਮਾਰ ਸ਼ਾਮਿਲ ਹਨ।

### ਬੀਬੀ ਕੌਲਾਂ ਜੀ ਹਸਪਤਾਲ 'ਚ ਬੱਚਿਆਂ ਦੀ ਓ ਪੀ ਡੀ ਸ਼ੁਰੂ



**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**-ਫਤਿਹਗੜ੍ਹ ਚੂੜੀਆਂ ਦੇ ਅਜਨਾਲਾ ਰੋਡ ਵਿਖੇ ਸਥਿਤ ਬੀਬੀ ਕੌਲਾਂ ਜੀ ਹਸਪਤਾਲ ਜੋ ਕਿ ਲੰਬੇ ਸਮੇਂ ਤੋਂ ਇਲਾਕੇ ਵਿੱਚ ਪਹਿਲਾਂ ਹੀ ਆਪਣੀਆਂ ਸਿਹਤ ਸੇਵਾਵਾਂ ਬਾਖੂਬੀ ਨਿਭਾ ਰਿਹਾ ਹੈ, ਵਿੱਚ ਹੋਰ ਵਾਧਾ ਕਰਦੇ ਹੋਏ ਬੱਚਿਆਂ ਦੀ ਦੇਖ-ਰੇਖ ਲਈ ਓਪੀਡੀ ਸ਼ੁਰੂ ਕੀਤੀ ਜਾ ਰਹੀ ਹੈ।ਬੱਚਿਆਂ ਦੀ ਓਪੀਡੀ ਦੇ ਲਈ ਮਾਹਿਰ ਡਾਕਟਰ ਮਨਬੀਰ ਸਿੰਘ ਵੇਰਕਾ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਦਿਨ ਬੁੱਧਵਾਰ ਅਤੇ ਸ਼ੁੱਕਰਵਾਰ ਆਪਣੀਆਂ ਸੇਵਾਵਾਂ ਦੇਣਗੇ। ਉਨ੍ਹਾਂ ਵੱਲੋਂ ਨਵ-ਜੰਮੇ ਬੱਚਿਆਂ ਦੇ ਇਲਾਜ ਲਈ ਨਿੱਕੂ ਪਿੱਕੂ ਆਈ ਸੀ ਯੂ ਸ਼ੁਰੂ ਕੀਤਾ ਜਾ ਰਿਹਾ ਹੈ।ਇਸ ਮੌਕੇ ਡਾਕਟਰ ਗਗਨਦੀਪ ਕੌਰ, ਡਾਕਟਰ ਕਸ਼ਿਸ਼ ਗੁਪਤਾ, ਡਾਕਟਰ ਅਮਨਿੰਦਰ ਸਿੰਘ, ਰਾਜਨ ਸ਼ਰਮਾ ਤੋਂ ਇਲਾਵਾ ਬੀਬੀ ਕੌਲਾਂ ਜੀ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸੀ।

### ਸ਼ੈਰੀ ਕਲਸੀ ਵੱਲੋਂ ਉੱਤਮ ਨਗਰ 'ਚ ਗਲੀਆਂ ਬਣਾਉਣ ਦਾ ਉਦਘਾਟਨ

ਬਟਾਲਾ, (ਡਾ. ਮਲਵਿੰਦਰ ਸਿੰਘ)-ਬਟਾਲਾ ਸ਼ਹਿਰ ਅੰਦਰ ਵਿਕਾਸ ਪੱਖੋਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਸ਼ਹਿਰ ਵਾਸੀਆਂ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰਬਰ 5 ਉੱਤਮ ਨਗਰ ਵਿਖੇ ਗਲੀਆਂ ਦਾ ਉਦਘਾਟਨ ਕਰਨ ਉਪਰੰਤ ਕੀਤਾ।



ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਦਹਾਕਿਆਂ ਤੋਂ ਗਲੀਆਂ ਨਾ ਬਣਨ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਹੁਣ ਉਹ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰ ਰਹੇ ਹਨ।ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਗਲੀ ਨਾ ਬਣਨ ਕਰਕੇ ਲੋਕ ਮੁਸ਼ਕਿਲ ਦਾ ਸਾਹਮਣਾ ਕਰ ਰਹੇ ਸਨ ਪਰ ਹੁਣ ਉਨ੍ਹਾਂ ਦੀ ਸਾਰ ਲਈ ਗਈ ਹੈ, ਜਿਸ ਨਾਲ ਇਥੋਂ ਦੇ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।

### ਸ਼ਿਵ ਸੈਨਾ ਸਮਾਜਵਾਦੀ ਵੱਲੋਂ 'ਆਪ' ਨੂੰ ਸਮਰਥਨ ਦੇਣ ਦਾ ਐਲਾਨ

ਬਟਾਲਾ (ਤਰਲੋਕ ਬੱਗਾ)-ਸ਼ਿਵ ਸੈਨਾ ਸਮਾਜਵਾਦੀ ਦੇ ਰਾਸ਼ਟਰੀ ਪ੍ਰਭਾਰੀ ਰਾਜੀਵ ਮਹਾਜਨ ਨੇ ਪਾਰਟੀ ਹਾਈ ਕਮਾਂਡ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਆਮ ਆਦਮੀ ਪਾਰਟੀ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਅਤੇ ਐੱਮ. ਐੱਲ. ਏ. ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਨੇਤਾਵਾਂ ਨੇ ਪ੍ਰੈੱਸ ਨੂੰ ਦੱਸਿਆ ਕਿ ਆਉਣ ਵਾਲੀਆ ਨਗਰ ਨਿਗਮ ਚੋਣਾਂ ਵਿੱਚ ਸ਼ਿਵ ਸੈਨਾ ਸਮਾਜਵਾਦੀ ਆਮ ਆਦਮੀ ਪਾਰਟੀ ਦਾ ਸਮਰਥਨ ਕਰੇਗੀ ਤੇ ਆਮ ਆਦਮੀ ਪਾਰਟੀ ਨਾਲ ਹਰ ਵਾਰਡ ਵਿੱਚ ਆਪਣੇ ਸਮਰਥਕਾਂ ਦੇ ਵੋਟ ਆਪ ਦੇ ਐੱਮ. ਸੀ. ਉਮੀਦਵਾਰ ਨੂੰ ਪਾਉਣ ਲਈ ਲੋਕਾਂ ਨੂੰ ਪ੍ਰੇਰਿਤ ਕਰੇਗੀ ਤਾਂ ਜੋ ਇਸ ਵਾਰ ਬਟਾਲਾ ਵਿੱਚ ਆਪ ਦੇ ਮੇਅਰ ਬਣਾ ਕੇ ਬਟਾਲਾ ਵਿੱਚ ਹੋ ਰਹੇ ਵਿਕਾਸ ਨੂੰ ਹੋਰ ਗਤੀ ਦਿੱਤੀ ਜਾ ਸਕੇ ਤੇ ਸ਼ਹਿਰ ਅੰਦਰ ਰਹਿੰਦੇ ਅਧੂਰੇ ਕੰਮਾਂ ਨੂੰ ਪੂਰਾ ਕਰਵਾਉਣ ਲਈ ਬਟਾਲਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਹੱਥ ਹੋਰ ਮਜ਼ਬੂਤ ਕਰ ਸਕੀਏ।



### ਬੇਸਿਕ ਬੀ ਐੱਸ ਸੀ ਨਰਸਿੰਗ ਕੋਰਸ 'ਚ ਦਾਖਲੇ ਲਈ ਪ੍ਰਵੇਸ਼ ਪ੍ਰੀਖਿਆ 31 ਨੂੰ



ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਪੰਜਾਬ ਅੰਦਰ ਬੇਸਿਕ ਬੀ. ਐੱਸਸੀ. ਨਰਸਿੰਗ ਕੋਰਸ ਵਿੱਚ ਦਾਖ਼ਲੇ ਵਾਸਤੇ ਪੰਜਾਬ ਪੈਰਾ ਮੈਡੀਕਲ ਐਂਟਰੈਂਸ ਟੈਸਟ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ 31 ਮਈ ਨੂੰ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਗੁਰੂ ਰਾਮਦਾਸ ਨਰਸਿੰਗ ਇੰਸਟੀਚਿਊਟ ਪੰਧੇਰ ਦੇ ਪ੍ਰਿੰਸੀਪਲ ਹਰਜਿੰਦਰਪਾਲ ਕੌਰ ਕੰਗ ਨੇ ਦੱਸਿਆ ਕਿ ਪੰਜਾਬ ਅੰਦਰ ਬੇਸਿਕ ਬੀ ਐੱਸਸੀ ਕੋਰਸ ਵਿੱਚ ਦਾਖ਼ਲੇ ਵਾਸਤੇ ਇਸ ਟੈਸਟ ਨੂੰ ਪਾਸ ਕਰਨਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਇਸ ਟੈਸਟ ਦੀ ਤਿਆਰੀ ਵਾਸਤੇ ਕਾਲਜ ਵਿੱਚ ਕੋਚਿੰਗ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸਦਾ ਵਿਦਿਆਰਥੀ ਵੱਧ ਤੋਂ ਵੱਧ ਫਾਇਦਾ ਉਠਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਰਕਾਰੀ ਅਤੇ ਪ੍ਰਾਈਵੇਟ ਨਰਸਿੰਗ ਕਾਲਜਾਂ ਵਿੱਚ ਦਾਖ਼ਲਿਆਂ ਲਈ ਇਸ ਟੈਸਟ ਵਾਸਤੇ ਆਨ ਲਾਈਨ ਅਰਜ਼ੀਆਂ 27 ਅਪ੍ਰੈਲ ਤੋਂ ਭਰਨੀਆਂ ਸ਼ੁਰੂ ਹੋਣਗੀਆਂ ਅਤੇ 12 ਮਈ ਪ੍ਰੀਖਿਆ ਭਰਨ ਵਾਸਤੇ ਆਖ਼ਰੀ ਤਰੀਕ ਹੈ।ਉਨ੍ਹਾਂ ਕਿਹਾ ਕਿ ਇਸ ਸਬੰਧੀ ਆਨ ਲਾਈਨ ਅਰਜ਼ੀ ਫਾਰਮ ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ ਤੇ ਉਪਲਬਧ ਹੋਣਗੇ ਤੇ ਯੋਗ ਉਮੀਦਵਾਰਾਂ ਨੂੰ ਸਮੇਂ ਸਿਰ ਅਪਲਾਈ ਕਰਨ ਲਈ ਹੈਲਪ ਡੈਸਕ ਸਥਾਪਿਤ ਕੀਤਾ ਗਿਆ ਹੈ।ਇਸ ਹੈਲਪ ਡੈਸਕ ਤੋਂ ਵਿਦਿਆਰਥੀ ਟੈਸਟ ਨਾਲ ਸਬੰਧਿਤ ਹਰੇਕ ਜਾਣਕਾਰੀ ਆਸਾਨੀ ਨਾਲ ਹਾਸਿਲ ਕਰ ਸਕਦੇ ਹਨ।

### ਸੰਤ ਫਰਾਂਸਿਸ ਕਾਨਵੈਂਟ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਸੰਤ ਫਰਾਂਸਿਸ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਸਵੀਂ ਅਤੇ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਮੌਕੇ ਸਕੂਲ ਦੇ ਡਾਇਰੈਕਟਰ ਫ਼ਾਦਰ ਮੈਥੀਓ ਕੀਪਰਥ ਅਤੇ ਪ੍ਰਿੰਸੀਪਲ ਗਲੋਰੀ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਸਕੂਲ ਦੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਭ ਅਧਿਆਪਕ ਸਾਹਿਬਾਨ ਦੀ ਅਣਥੱਕ ਮਿਹਨਤ ਵਿਦਿਆਰਥੀਆਂ ਦੀ ਲਗਨ ਦਾ ਫਲ ਹੈ।ਉਨ੍ਹਾਂ ਕਿਹਾ ਕਿ ਸਾਨੂੰ ਵਿਦਿਆਰਥੀਆਂ ਅਤੇ ਆਪਣੇ ਸਕੂਲ ਦੇ ਅਧਿਆਪਕਾਂ ਉਪਰ ਮਾਣ ਹੈ ਕਿ ਉਨ੍ਹਾਂ ਨੇ ਸਾਡੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ ।ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।



## ਅਸੀਂ ਸਾਰੇ ਦੇਸ਼ ਵਾਸੀ ਸਭ ਤੋਂ ਪਹਿਲਾਂ ਭਾਰਤੀ : ਵਿਨੈ ਪਤਰਾਲੇ



ਛੇਹਰਟਾ, (ਮਨੋਜ ਕੁਮਾਰ) : ਭਾਰਤ ਭਾਰਤੀ ਵੱਲੋਂ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦੇ 150ਵੇਂ ਜਨਮ ਦਿਨ ਦੇ ਸਬੰਧ ਵਿਚ ਰਾਸ਼ਟਰੀ ਏਕਤਾ ਸੰਮੇਲਨ ਕਰਵਾਇਆ ਗਿਆ। ਭਾਰਤ ਭਾਰਤੀ ਦੇ ਸੂਬਾ ਪ੍ਰਧਾਨ ਰਾਜ ਕੁਮਾਰ ਰਾਜੂ ਜੂੜੋ ਦੀ ਅਗਵਾਈ ਵਿਚ ਕਰਵਾਏ ਗਏ ਇਸ ਸੰਮੇਲਨ ਦੌਰਾਨ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਕੌਮੀ ਪ੍ਰਧਾਨ ਵਿਨੈ ਪਤਰਾਲੇ ਨੇ ਕਿਹਾ ਕਿ ਭਾਰਤ ਵੱਖ-ਵੱਖ ਧਰਮਾਂ, ਭਾਸ਼ਾਵਾਂ, ਪਹਿਰਾਵਿਆਂ, ਖਾਣਿਆਂ, ਤਿਉਹਾਰਾਂ ਤੇ ਰਸਮਾਂ-ਰਿਵਾਜ਼ਾਂ ਦਾ ਦੇਸ਼ ਹੈ। ਇਸ ਸਭ ਦੇ ਬਾਵਜੂਦ ਅਸੀਂ ਸਾਰੇ ਦੇਸ਼ ਵਾਸੀ ਸਭ ਤੋਂ ਪਹਿਲਾਂ ਭਾਰਤੀ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਸੂਬਿਆਂ ਤੇ ਭਾਸ਼ਾਵਾਂ ਦੇ ਨਾਂ 'ਤੇ ਆਪਸ ਵਿਚ ਵੰਡੀਆਂ ਨਹੀਂ ਪਾਉਣੀਆਂ ਚਾਹੀਦੀਆਂ ਅਤੇ ਨਾ ਹੀ ਅਜਿਹੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਹੋਣ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਹਰ ਵੱਡਾ ਸ਼ਹਿਰ ਆਪਣੇ-ਆਪ ਵਿਚ ਲਘੂ ਭਾਰਤ ਹੈ, ਕਿਉਂਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਲੋਕ ਇਨ੍ਹਾਂ ਸ਼ਹਿਰਾਂ ਵਿਚ ਕੰਮ ਕਰਨ ਲਈ ਆਉਂਦੇ ਹਨ। ਇਹ ਸਾਰੇ ਲੋਕ ਆਪਣੇ ਧਰਮਾਂ, ਜਾਤਾਂ ਤੇ ਭਾਸ਼ਾਵਾਂ ਤੋਂ ਉੱਪਰ ਉੱਠ ਕੇ ਮਿਲ ਜੁਲ ਕੇ ਕੰਮ ਕਰਦੇ ਹਨ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਸਰਦਾਰ ਪਟੇਲ ਦੀ ਤਰ੍ਹਾਂ ਦੇਸ਼ ਲਈ ਜਿਊਣ ਦਾ ਸੱਦਾ ਦਿੱਤਾ। ਸੰਮੇਲਨ ਦੇ ਮੁੱਖ ਬੁਲਾਰੇ ਤੇ ਆਰਐੱਸਐੱਸ ਦੇ ਵਿਭਾਗ ਪ੍ਰਚਾਰਕ ਵਿਜੈ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਭਾਰਤ ਦੀ ਵੰਡ ਸਮੇਂ ਸਰਦਾਰ ਪਟੇਲ ਨੇ ਪੰਜ ਸੌ ਤੋਂ ਵੱਧ ਰਿਆਸਤਾਂ ਨੂੰ ਦੇਸ਼ ਨਾਲ ਜੋੜ ਕੇ ਅਖੰਡ ਭਾਰਤ ਬਣਾਇਆ।

ਕਸ਼ਮੀਰ ਨੂੰ ਪਾਕਿਸਤਾਨ 'ਚ ਜਾਣ ਤੋਂ ਬਚਾਇਆ। ਉਨ੍ਹਾਂ ਨੇ ਪੂਰੇ ਦੇਸ਼ ਨੂੰ ਇਕ ਸੂਤਰ 'ਚ ਪ੍ਰੋਇਆ, ਜਿਸ ਕਾਰਨ ਦੇਸ਼ ਉਨ੍ਹਾਂ ਦਾ ਹਮੇਸ਼ਾ ਕਰਜ਼ਦਾਰ ਰਹੇਗਾ। ਇਸ ਮੌਕੇ ਭਾਰਤ ਭਾਰਤੀ ਦੇ ਉਤਰ ਖੇਤਰ ਦੇ ਇੰਚਾਰਜ ਰੌਸ਼ਨ ਲਾਲ ਅਗਰਵਾਲ, ਡਾਕਟਰ ਸ਼ੈਲੀ ਜੱਗੀ ਤੇ ਭਾਜਪਾ ਆਗੂ ਰਾਜਵਿੰਦਰ ਕੌਰ ਨੇ ਵੀ ਸੰਬੋਧਨ ਕੀਤਾ। ਮੰਚ ਸੰਚਾਲਨ ਰਾਜ ਕੁਮਾਰ ਰਾਜੂ ਜੂੜੋ ਵੱਲੋਂ ਕੀਤਾ ਗਿਆ। ਇਸ ਮੌਕੇ ਪੰਕਜ ਮਹਾਜਨ, ਰਾਜਵਿੰਦਰ ਸਿੰਘ ਬਿੱਲਾ, ਸਤਿੰਦਰ ਕੁਮਾਰ, ਮਿਸ਼ਠੀ ਕੱਕੜ, ਪੂਜਾ ਸ਼ਰਮਾ, ਜਸਬੀਰ ਕੌਰ, ਇੰਦਰਪਾਲ ਸਿੰਘ, ਡਾ. ਜਤਿੰਦਰ, ਸ਼ੰਮੀ ਸ਼ਰਮਾ, ਕਰਾਟੇ ਕੋਚ ਪਵਨ ਸ਼ਰਮਾ ਆਦਿ ਹਾਜ਼ਰ ਸਨ।

## 14ਵਾਂ ਸਾਂਝਾ ਕਾਵਿ ਸੰਗ੍ਰਹਿ 'ਯਾਦਾਂ ਦਾ ਸਰਮਾਇਆ' ਲੋਕ ਅਰਪਿਤ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ/ਨਿਰਮਲ ਸਿੰਘ ਸੰਘਾ)-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ । ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀ: ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ ਸਾ: ਬੀਈਈਓ, ਮੀਤ ਪ੍ਰਧਾਨ ਮੁਖਤਾਰ ਸਿੰਘ ਗਿੱਲ, ਮੁਨੀਸ਼ ਕੁਮਾਰ ਰਿੰਕੂ (ਭੱਠੇ ਵਾਲੇ), ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਗਿ: ਗਲਜ਼ਾਰ ਸਿੰਘ ਖੈੜਾ, ਜਨਰਲ ਸੱਕਤਰ ਅਵਤਾਰ ਸਿੰਘ ਗੋਇੰਦਵਾਲ, ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਦੇ ਪ੍ਰਧਾਨ ਹਰਭਜਨ ਸਿੰਘ ਭੱਗਰੱਥ, ਪੰਜਾਬੀ ਸਾਹਿਤ ਸਭਾ ਕਰਤਾਰਪੁਰ ਦੇ ਪ੍ਰਧਾਨ ਲਾਲੀ ਕਰਤਾਰਪੁਰੀ, ਪੰਜਾਬ ਸਾਹਿਤਕ ਮੰਚ ਜਲੰਧਰ ਵੱਲੋਂ ਨਾਨਕ ਚੰਦ ਵਿਰਲੀ, ਸੁਖਦੇਵ ਸਿੰਘ ਗੰਡਵਾਂ ਅਤੇ ਡਾ: ਕੁਲਵੰਤ ਸਿੰਘ ਬਾਠ ਸਾ: ਵੈਟਰਨਰੀ ਅਫਸਰ ਆਦਿ ਸੁਸ਼ੋਭਿਤ ਹੋਏ ।

ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ 14ਵਾਂ ਸਾਂਝਾ ਕਾਵਿ ਸੰਗ੍ਰਹਿ 'ਯਾਦਾਂ ਦਾ ਸਰਮਾਇਆ' ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ ।ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਮਹਿਲਾ ਵਿੰਗ) ਦੇ ਪ੍ਰਧਾਨ ਸੁਖਵੰਤ ਕੌਰ ਵੱਸੀ, ਜਤਿੰਦਰ ਕੌਰ ਭਿੰਡਰ, ਰਾਜਵਿੰਦਰ ਕੌਰ ਰਾਜ, ਮੈਡਮ ਅਨੁਪਮਾ, ਸੁਰਿੰਦਰ ਖਿਲਚੀਆਂ, ਸੁਖਵਿੰਦਰ ਕੌਰ ਬਟਾਲਾ, ਗੁਰਮੀਤ ਕੌਰ ਬੱਲ, ਹਰਵਿੰਦਰਜੀਤ ਕੌਰ ਬਾਠ, ਸਤਰਾਜ ਜਲਾਲਾਬਾਦੀ, ਨਵਦੀਪ ਸਿੰਘ ਬਦੇਸ਼ਾ, ਸਰਬਜੀਤ ਸਿੰਘ ਪੱਡਾ, ਮਾ: ਧਰਮ ਸਿੰਘ ਧਿਆਨਪੁਰ, ਡਾ: ਸਰਬਜੀਤ ਸਿੰਘ ਬਿੱਲਾ, ਜਗੀਰ ਸਿੰਘ ਸਫਰੀ, ਮਾ: ਬਲਬੀਰ ਸਿੰਘ ਬੀਰ, ਬਲਵਿੰਦਰ ਸਿੰਘ ਅਠੌਲਾ, ਮਲਕੀਅਤ ਸਿੰਘ, ਸੰਨਪ੍ਰੀਤ ਸਿੰਘ ਮਣੀ, ਅਜੀਤ ਸਿੰਘ ਸਠਿਆਲਵੀ, ਕਾਲੇ ਸ਼ਾਹ ਟਾਂਗਰਾ, ਬਲਦੇਵ ਸਿੰਘ ਭੱਟੀ, ਸ਼ਿੰਗਾਰਾ ਸਿੰਘ ਸਠਿਆਲਾ, ਅਜੈਬ ਸਿੰਘ ਬੋਦੇਵਾਲ ਆਦਿ ਨੇ ਕਾਵਿ ਰਚਾਨਾਵਾਂ ਰਾਹੀਂ ਚੰਗਾ ਰੰਗ ਬੰਨ੍ਹਿਆ ।

## ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਬਲਜੀਤ ਮੱਲ੍ਹੀ ਪਰਿਵਾਰ ਸਮੇਤ ਆਪ 'ਚ ਸ਼ਾਮਲ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਪਿੰਡ ਸਾਧਪੁਰ ਵਿੱਚ ਸਰਪੰਚੀ ਦੀ ਚੋਣ ਲੜ ਚੁੱਕੇ ਬਲਜੀਤ ਸਿੰਘ ਮੱਲ੍ਹੀ ਕਰਿਆਨਾ ਸਟੋਰ ਵਾਲਿਆਂ ਵੱਲੋਂ ਆਪਣੇ ਪਰਿਵਾਰ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿੰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰਦਿਆਂ ਹਰ ਪੱਖ ਤੋਂ ਆਮ ਆਦਮੀ ਪਾਰਟੀ ਨੂੰ ਮਦਦ ਦੇਣ ਦਾ ਐਲਾਨ ਕੀਤਾ ਗਿਆ ਜਿਨ੍ਹਾਂ ਦਾ ਸਵਾਗਤ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕੀਤਾ। ਇਸ ਮੌਕੇ ਅਕਾਲੀ ਦਲ ਨੂੰ ਛੱਡ ਕੇ ਬਲਜੀਤ ਸਿੰਘ ਮੱਲ੍ਹੀ ਨਾਲ ਆਪ ਵਿੱਚ ਸ਼ਾਮਿਲ ਹੋਣ ਵਾਲੇ ਸਤਨਾਮ ਸਿੰਘ, ਨਿਰਮਲ ਸਿੰਘ, ਤਰਸੇਮ ਸਿੰਘ ਠੇਕੇਦਾਰ, ਗੁਰਪ੍ਰੀਤ ਸਿੰਘ, ਬਲਜੀਤ ਸਿੰਘ, ਕੁਲਦੀਪ ਸਿੰਘ, ਜਸਵੰਤ ਸਿੰਘ, ਕੁਲਵੰਤ ਸਿੰਘ ਪਾਠੀ, ਸਕੱਤਰ ਸਿੰਘ ਅਤੇ ਹਰਬੰਸ ਸਿੰਘ ਦਾ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਸਵਾਗਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਸਿਕੰਦਰ ਸਿੰਘ, ਸਿੱਖਿਆ ਸਕੱਤਰ ਪਰਮਿੰਦਰ ਸਿੰਘ ਰੁਮਾਣਾ ਚੱਕ, ਬਲਜਿੰਦਰ ਸਿੰਘ ਛੀਨਾ ਸਿਆਸੀ ਸਲਾਹਕਾਰ ਤਲਬੀਰ ਸਿੰਘ ਗਿੱਲ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਤਰਵਿੰਦਰ ਸਿੰਘ ਸਾਧਪੁਰ, ਸਰਪੰਚ ਪ੍ਰੇਮ ਸਿੰਘ ਤਰਫਾਨ, ਧਰਮਿੰਦਰ ਸਿੰਘ, ਮਲਕੀਤ ਸਿੰਘ ਬੀਡੀਓ, ਸਰਬਜੀਤ ਸਿੰਘ, ਹਰਦੀਪ ਸਿੰਘ, ਜਸਬੀਰ ਸਿੰਘ, ਰਾਜਵਿੰਦਰ ਸਿੰਘ ਸੋਨੀ ਅਤੇ ਹੋਰ ਆਗੂ ਹਾਜ਼ਰ ਸਨ ।

## 'ਅਕਾਲੀ ਦਲ ਵਾਰਿਸ ਪੰਜਾਬ ਦੇ' ਨੇ ਸੁੱਖੀ ਰੰਧਾਵਾ ਦੇ ਪੁਤਲੇ ਫੂਕੇ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਬੀਤੇ ਦਿਨ ਸਾਬਕਾ ਕਾਂਗਰਸੀ ਮੰਤਰੀ ਸੁਖਜਿੰਦਰ ਰੰਧਾਵਾ ਵੱਲੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਖ਼ਿਲਾਫ਼ ਦਿੱਤੇ ਗਏ ਬੇਬੁਨਿਆਦ, ਭੜਕਾਊ ਅਤੇ ਗੈਰ-ਜ਼ਿੰਮੇਵਾਰ ਬਿਆਨਾਂ ਦੇ ਵਿਰੋਧ ਵਿੱਚ ਸਾਰੇ ਪੰਜਾਬ ਵਿੱਚ ਤਿੱਖਾ ਪ੍ਰਦਰਸ਼ਨ ਕੀਤਾ ਗਿਆ।

ਇਸ ਦੌਰਾਨ ਪਾਰਟੀ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਸੁੱਖੀ ਰੰਧਾਵਾ ਅਤੇ ਕਾਂਗਰਸ ਪਾਰਟੀ ਦੇ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਉਸਦੀ ਮੋਢਿਆਂ 'ਤੇ ਅਰਥੀ ਲਿਆ ਕੇ ਅੰਮ੍ਰਿਤਸਰ ਕਚਹਿਰੀ ਚੌਕ ਵਿੱਚ ਪੁਤਲਾ ਫੂਕ ਕੇ ਕਾਂਗਰਸ ਦਾ ਪਿੱਟ ਸਿਆਪਾ ਕਰਦੇ ਹੋਏ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ।ਇਸ ਮੌਕੇ ਆਗੂਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਤੋਂ ਪੰਜਾਬ ਦੇ ਅਮਨ ਅਤੇ ਭਾਈਚਾਰੇ ਨੂੰ ਖ਼ਰਾਬ ਕਰਨ ਵਾਲੀ ਸਿਆਸਤ ਕਰਦੀ ਆਈ ਹੈ।ਪਾਰਟੀ ਆਗੂਆਂ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਇਸ ਵੇਲੇ ਡਿਬਰੂਗੜ੍ਹ ਜੇਲ੍ਹ ਵਿੱਚ ਸਖ਼ਤ ਨਿਗਰਾਨੀ ਹੇਠ ਨਜ਼ਰਬੰਦ ਹਨ, ਅਜਿਹੇ ਹਾਲਾਤ ਵਿੱਚ ਉਨ੍ਹਾਂ ਨੂੰ ਕਿਸੇ ਵੀ ਘਟਨਾ ਨਾਲ ਜੋੜਨਾ ਸਿਰਫ਼ ਝੂਠੀ ਕਹਾਣੀ ਘੜਨ ਦੇ ਬਰਾਬਰ ਹੈ।ਉਨ੍ਹਾਂ ਨੇ ਕਿਹਾ ਕਿ ਜੇਕਰ ਸੁੱਖੀ ਰੰਧਾਵਾ ਕੋਲ ਕੋਈ ਸਬੂਤ ਹੈ ਤਾਂ ਸਾਹਮਣੇਂ ਲੈ ਕੇ ਆਵੇ।ਆਗੂਆਂ ਨੇ ਸਪੱਸ਼ਟ ਕੀਤਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਸਦਾ ਲਈ ਪੰਜਾਬ ਦੀ ਸਾਂਝੀਵਾਲਤਾ, ਹਿੰਦੂ-ਸਿੱਖ ਏਕਤਾ ਅਤੇ ਭਾਈਚਾਰੇ ਦੇ ਹੱਕ ਵਿੱਚ ਖੜਾ ਹੈ।

## ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰਿਆਂ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ



ਧਾਰੀਵਾਲ, (ਮਨਦੀਪ ਵਿੱਕੀ)- ਐਡਵੋਕੇਟ ਜਗਰੂਪ ਸਿੰਘ ਸੇਖਵਾਂ ਹਲਕਾ ਇੰਚਾਰਜ ਕਾਦੀਆਂ ਵੱਲੋਂ ਪਿੰਡ ਭੱਟੀਆਂ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਹ ਦੇਖ ਕੇ ਬਹੁਤ ਖ਼ੁਸ਼ੀ ਹੋਈ ਕਿ ਸਾਡੇ ਬਜ਼ੁਰਗ ਅਤੇ ਪਰਿਵਾਰ ਹੁਣ ਬਿਨਾਂ ਕਿਸੇ ਖਰਚੇ ਦੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰ ਰਹੇ ਹਨ।

ਉਨ੍ਹਾਂ ਸਾਰੇ ਸ਼ਰਧਾਲੂਆਂ ਨੂੰ ਸੁਖਦ ਅਤੇ ਮੰਗਲਮਈ ਯਾਤਰਾ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਲੋਕਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ ਅਤੇ ਲੋਕ ਪੂਰੀ ਸ਼ਰਧਾ ਭਾਵਨਾ ਨਾਲ ਯਾਤਰਾ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਇਸ ਬੱਸ ਰਾਹੀਂ ਤਿੰਨ ਦਿਨਾਂ ਵਿੱਚ ਸ਼ਰਧਾਲੂਆਂ ਨੂੰ ਸ੍ਰੀ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵਿਰਾਸਤ-ਏ-ਖਾਲਸਾ, ਸ੍ਰੀ ਕੀਰਤਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਦੇ ਦਰਸ਼ਨ ਕਰਵਾਏ ਜਾਣਗੇ।ਇਸ ਮੌਕੇ ਯਾਤਰਾ ਤੇ ਜਾ ਰਹੇ ਸ਼ਰਧਾਲੂਆਂ ਨੇ ਮੁੱਖ ਮੰਤਰੀ ਪੰਜਾਬ ਅਤੇ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਧੰਨਵਾਦ ਕਰਦਿਆਂ ਕਿ ਮੁੱਖ ਮੰਤਰੀ ਤੀਰਥ ਯੋਜਨਾ ਨਾਲ ਲੋਕਾਂ ਵਿੱਚ ਖੁਸ਼ੀ ਵਰਗਾ ਮਾਹੌਲ ਹੈ ਅਤੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਬਹੁਤ ਉਤਸ਼ਾਹਿਤ ਹਨ।

## ਤਰੁਣ ਚੁੱਘ ਨੇ ਕਰਵਾਇਆ ਸੁਖਮਨੀ ਸਾਹਿਬ ਦਾ ਪਾਠ



ਛੇਹਰਟਾ, (ਮਨੋਜ ਕੁਮਾਰ) : ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਦੇ ਜਨਮ ਦਿਨ ਦੀ ਪੂਰਵ ਸੰਧਿਆ 'ਤੇ ਅੰਮ੍ਰਿਤਸਰ ਦੇ ਲਾਹੌਰੀ ਗੇਟ ਸਥਿਤ ਉਨ੍ਹਾਂ ਦੇ ਦਫ਼ਤਰ ਵਿਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਪਾਰਟੀ ਦੇ ਸੀਨੀਅਰ ਅਧਿਕਾਰੀ, ਵਰਕਰ ਤੇ ਪਤਵੰਤੇ ਮੌਜੂਦ ਸਨ। ਪ੍ਰੋਗਰਾਮ ਦੌਰਾਨ ਸਾਰਿਆਂ ਨੇ ਗੁਰੂ ਸਾਹਿਬ ਦੇ ਚਰਨਾਂ ਵਿਚ ਮੱਥਾ ਟੇਕਿਆ ਅਤੇ ਦੇਸ਼ ਦੀ ਖ਼ੁਸ਼ਹਾਲੀ, ਸਮਾਜ ਦੀ ਏਕਤਾ ਤੇ ਵਿਸ਼ਵ ਸ਼ਾਂਤੀ ਲਈ ਅਰਦਾਸ ਕੀਤੀ। ਪਾਠ ਦੇ ਭੋਗ ਉਪਰੰਤ ਸੰਗਤ ਵਿਚ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਚੁੱਘ ਨੇ ਕਿਹਾ ਕਿ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆਵਾਂ ਸਾਨੂੰ ਮਨੁੱਖਤਾ, ਸੇਵਾ ਤੇ ਪਰਉਪਕਾਰ ਦਾ ਮਾਰਗ ਦਿਖਾਉਂਦੀਆਂ ਹਨ।

ਉਨ੍ਹਾਂ ਕਿਹਾ ਕਿ ਅਜਿਹੇ ਪਵਿੱਤਰ ਮੌਕੇ ਆਤਮ-ਨਿਰੀਖਣ ਦਾ ਮੌਕਾ ਪ੍ਰਦਾਨ ਕਰਦੇ ਹਨ ਅਤੇ ਸਾਨੂੰ ਸਮਾਜ ਤੇ ਰਾਸ਼ਟਰ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਵਧੇਰੇ ਸ਼ਰਧਾ ਨਾਲ ਨਿਭਾਉਣ ਲਈ ਪ੍ਰੇਰਿਤ ਕਰਦੇ ਹਨ।

ਚੁੱਘ ਨੇ ਅੱਗੇ ਕਿਹਾ ਕਿ ਭਾਜਪਾ ਹਮੇਸ਼ਾ ਸਮਾਜ ਦੇ ਹਰ ਵਰਗ ਦੀ ਭਲਾਈ ਤੇ ਰਾਸ਼ਟਰੀ ਏਕਤਾ ਨੂੰ ਸਭ ਤੋਂ ਵੱਧ ਤਰਜੀਹ ਦਿੰਦੀ ਹੈ।

## ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਅੰਤਰਰਾਸ਼ਟਰੀ ਡਾਂਸ ਦਿਹਾੜਾ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ): ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਅੰਤਰਰਾਸ਼ਟਰੀ ਡਾਂਸ ਦਿਵਸ ਬੜੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ।ਇਹ ਦਿਨ ਇੱਕ ਫਰੈਂਚ ਡਾਂਸਰ ਜੀਨ ਜਾਰਜ ਨੋਵਰੇ ਦੇ ਜਨਮਦਿਨ ਦੇ ਰੂਪ ਵਿੱਚ ਪੂਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ।ਇਸ ਸਬੰਧ ਵਿੱਚ ਸੇਂਟ ਸੋਲਜਰ ਸਕੂਲ ਦੇ ਡਾਂਸ ਗਰੁੱਪ ਨੇ ਬਹੁਤ ਹੀ ਆਨੰਦ ਦਾਇਕ ਅਤੇ ਪ੍ਰਭਾਵਸ਼ਾਲੀ ਡਾਂਸ ਪ੍ਰਫੋਰਮੈਂਸ ਪੇਸ਼ ਕੀਤੀ। ਡਾਂਸ ਦੀਆਂ ਲਗਭਗ ਸਭ ਵੰਨਗੀਆਂ ਪੇਸ਼ ਕੀਤੀਆਂ ਗਈਆਂ ਜਿਵੇਂ ਕਲਾਸੀਕਲ, ਜੈਜ, ਹਿਪ ਹਾਪ, ਗਿੱਧਾ ਭੰਗੜਾ ਆਦਿ।ਲਗਾਤਾਰ ਬਿਨਾਂ ਰੁਕੇ ਲਗਭਗ 50 ਵਿਦਿਆਰਥੀਆਂ ਨੇ ਇਸ ਪਰਫੋਰਮੈਂਸ ਵਿੱਚ ਹਿੱਸਾ ਲਿਆ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਅਜਿਹੀਆਂ ਵੰਨਗੀਆਂ ਨਾਲ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ, ਅਨੁਸ਼ਾਸਨ ਅਤੇ ਖੁਸ਼ੀ ਨਾਲ ਅੱਗੇ ਵਧਣ ਦੀ ਪ੍ਰੇਰਨਾ ਮਿਲਦੀ ਹੈ।ਸਕੂਲ ਦੇ ਡਾਇਰੈਕਟਰ ਪ੍ਰਿੰ. ਡਾ. ਅਮਰਪ੍ਰੀਤ ਕੌਰ ਨੇ ਬੱਚਿਆਂ ਦੀ ਇਸ ਪਰਫੋਰਮੈਂਸ ਦੀ ਖੂਬ ਸ਼ਲਾਘਾ ਕੀਤੀ ਅਤੇ ਡਾਂਸ ਅਧਿਆਪਕ ਸਿਕੰਦਰ ਸਿੰਘ ਦੀ ਮਿਹਨਤ ਨੂੰ ਵੀ ਸਰਾਹਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੰਦੀਪ ਸ਼ਰਮਾ, ਸ਼ਿਲਪਾ ਸ਼ਰਮਾ( ਕੋਆਰਡੀਨੇਟਰ) ਨੀਲਾਕਸ਼ੀ ਗੁਪਤਾ (ਕੋਆਰਡੀਨੇਟਰ), ਸਮੂਹ ਸਟਾਫ ਤੇ ਬੱਚੇ ਹਾਜ਼ਰ ਸਨ।




## ਪੀ ਐੱਮ ਸ਼੍ਰੀ ਸਮਾਰਟ ਸਕੂਲ ਸ਼ੇਖਪੁਰ ਦੀ ਨੈਸ਼ਨਲ ਲੈਵਲ ਲਈ ਨੋਮੀਨੇਸ਼ਨ



ਜੈਂਤੀਪੁਰ (ਸੁਖਬੀਰ ਸਿੰਘ ਸਿੱਧੂ)-ਰਾਸ਼ਟਰੀ ਸਿੱਖਿਆ ਨੀਤੀ 2020 ਤਹਿਤ ਕਰਵਾਏ ਗਏ ਸੱਵਛ ਅਤੇ ਹਰਿਤ ਵਿਦਿਆਲਾ ਰੇਟਿੰਗ 2025-26 ਤਹਿਤ ਦੇਸ਼ ਭਰ ਦੇ ਸਮੂਹ ਸਕੂਲਾਂ ਦਾ ਬਲਾਕ ਪੱਧਰੀ, ਜ਼ਿਲ੍ਹਾ ਪੱਧਰੀ, ਸਟੇਟ ਪੱਧਰੀ ਟੀਮਾਂ ਬਣਾ ਕੇ ਸਰਵੇ ਕੀਤਾ ਗਿਆ ਜਿਸ ਵਿੱਚ ਪੀ. ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸ਼ੇਖਪੁਰ ਨੇ ਪਹਿਲਾਂ ਬਲਾਕ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਫਿਰ ਗੁਰਦਾਸਪੁਰ ਜ਼ਿਲੇ ਦੇ ਪਹਿਲੇ 8 ਸਕੂਲਾਂ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਜ਼ਿਲ੍ਹਾ ਪੱਧਰ ਤੇ ਸਥਾਨ ਪ੍ਰਾਪਤ ਕੀਤਾ ।

ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸ਼ੈ.ਸਿ.) ਗੁਰਦਾਸਪੁਰ ਦੀ ਰਹਿਨੁਮਾਈ ਹੇਠ ਕੀਤੇ ਗਏ ਮੁਲਾਂਕਣ ਤਹਿਤ ਇਸ ਸਕੂਲ ਨੇ ਪੰਜਾਬ ਸਟੇਟ ਪੱਧਰ 'ਤੇ ਚੁਣੇ ਗਏ 20 ਬੈਸਟ ਸਕੂਲਾਂ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਰਾਸ਼ਟਰੀ ਪੱਧਰ ਲਈ ਹੋਈ ਨੋਮੀਨੇਸ਼ਨ ਵਿੱਚ ਸ਼ਾਮਿਲ ਹੋ ਕੇ ਪੂਰੇ ਗੁਰਦਾਸਪੁਰ ਜ਼ਿਲ੍ਹੇ ਦਾ ਮਾਣ ਵਧਾਇਆ ।ਰਾਸ਼ਟਰੀ ਪੱਧਰ 'ਤੇ ਨੋਮੀਨੇਟ ਹੋਏ 20 ਸਕੂਲਾਂ ਦਾ ਕੇਂਦਰੀ ਮੁਲਾਂਕਣ ਟੀਮਾਂ ਵੱਲੋਂ ਸਕੂਲ ਵਿਜ਼ਿਟ ਕਰਕੇ ਸਰਵੇ ਕੀਤਾ ਗਿਆ ਸੀ ਜਿਸ ਵਿੱਚ ਇੱਕ ਵਾਰ ਫਿਰ ਇਸ ਸਕੂਲ ਨੂੰ ਅਗਲੇ ਪੜਾਅ ਲਈ ਸ਼ਾਰਟਲਿਸਟਡ ਕੀਤਾ ਗਿਆ ਹੈ।ਇਸ ਪ੍ਰਾਪਤੀ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਗੁਰਦਾਸਪੁਰ ਪਰਮਜੀਤ ਕੌਰ , ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ( ਐਸਿ) ਗੁਰਦਾਸਪੁਰ ਅਨਿਲ ਸ਼ਰਮਾ ਅਤੇ ਸੁਪਰਡੈਂਟ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਸਿ) ਗੁਰਦਾਸਪੁਰ ਪ੍ਰਬੋਧ ਕੁਮਾਰ, ਜ਼ਿਲ੍ਹਾ ਪੱਧਰੀ ਮੁਲਾਕਣ ਟੀਮ ਮੈਂਬਰ ਰਜਨੀ ਸੋਢੀ, ਸੰਦੀਪ ਸਿੰਘ, ਪਰਮਿੰਦਰ ਸਿੰਘ, ਸੁਲੱਖਣ ਸਿੰਘ ਵੱਲੋਂ ਸਕੂਲ ਪ੍ਰਿੰਸੀਪਲ, ਸਟਾਫ਼ ਅਤੇ ਬੱਚਿਆਂ ਨੂੰ ਮੁਬਾਰਕਬਾਦ ਭੇਜੀ।

## 'ਆਪ' ਵੱਲੋਂ ਮਜੀਠਾ ਹਲਕੇ 'ਚ ਕੀਤੇ ਜਾ ਰਹੇ ਕੰਮ ਬੋਲ ਰਹੇ: ਤਲਬੀਰ ਸਿੰਘ ਗਿੱਲ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਮਜੀਠਾ ਵਿਧਾਨ ਸਭਾ ਹਲਕਾ ਜਿਸ ਨੂੰ ਕਿ ਪਿਛਲੀਆਂ ਸਰਕਾਰਾਂ ਨੇ ਵਿਕਾਸ ਪੱਖ ਤੋਂ ਫਾਡੀ ਰੱਖਿਆ ਸੀ, ਦਾ ਵਿਕਾਸ ਹੁਣ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਪਿੰਡ ਸਾਧਪੁਰ ਵਿਖੇ ਤਰਸੇਮ ਸਿੰਘ ਬਾਠ ਦੇ ਗ੍ਰਹਿ ਵਿਖੇ ਪਿੰਡ ਵਾਸੀਆਂ ਨਾਲ ਪਿੰਡ ਦੇ ਵਿਕਾਸ ਕੰਮਾਂ ਦਾ ਵਿਚਾਰ ਵਟਾਂਦਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਮਜੀਠਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮਜੀਠੇ ਹਲਕੇ ਦੀਆਂ ਸੜਕਾਂ ਦਾ ਕੰਮ 125 ਕਰੋੜ ਦੀ ਲਾਗਤ ਨਾਲ ਚੱਲ ਰਿਹਾ ਹੈ। ਪਿੰਡਾਂ ਨੂੰ ਆਪਸ ਵਿੱਚ ਜੋੜਨ ਲਈ ਲਿੰਕ ਰੋਡਾਂ ਦਾ ਕੰਮ ਚੱਲ ਰਿਹਾ ਹੈ।ਨਹਿਰੀ ਪਾਣੀ ਦੇ ਸੂਏ ਪੱਕੇ ਕਰਨ ਦਾ ਕੰਮ ਚੱਲ ਰਿਹਾ ਹੈ।ਨੌਜਵਾਨਾਂ ਦੇ ਖੇਡਣ ਲਈ ਪਿੰਡਾਂ ਵਿੱਚ 30 ਨਵੀਆਂ ਗਰਾਊਂਡਾਂ ਦਾ ਕੰਮ ਚੱਲ ਰਿਹਾ ਹੈ ਤਲਬੀਰ ਸਿੰਘ ਗਿੱਲ ਨੇ ਵਿਸ਼ਵਾਸ ਦਵਾਇਆ ਕਿ ਜੋ ਮੰਗਾਂ ਮੇਰੇ ਕੋਲ ਸਾਧਪੁਰ ਨਾਲ ਸੰਬੰਧਿਤ ਰੱਖੀਆਂ ਗਈਆਂ ਹਨ ਉਹ ਜਲਦ ਹੀ ਪੂਰੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਸਿਕੰਦਰ ਸਿੰਘ ਖਿੱਦੋਵਾਲੀ, ਸਰਪੰਚ ਪ੍ਰੇਮ ਸਿੰਘ ਤਰਫਾਨ, ਸਰਪੰਚ ਪਰਮਿੰਦਰ ਸਿੰਘ ਰਮਾਣਾ ਚੱਕ, ਮਲਕੀਤ ਸਿੰਘ ਬੀਡੀਓ ਭੋਏ, ਗੁਰਮੇਜ ਸਿੰਘ ਬਾਠ, ਸਰਵਣ ਸਿੰਘ ਦੋਧੀ, ਮੰਗਲ ਸਿੰਘ ਵਪਾਰੀ, ਨਿਰਮਲ ਸਿੰਘ ਬੱਗਾ, ਸੇਵਾ ਸਿੰਘ, ਮੇਵਾ ਸਿੰਘ, ਮੇਹਰ ਸਿੰਘ ਬਾਠ, ਗੁਰਪ੍ਰੀਤ ਸਿੰਘ ਰਾਜਾ, ਲਵਪ੍ਰੀਤ ਸਿੰਘ ਲਵ , ਜਗਜੀਤ ਸਿੰਘ ਮੱਲੀ, ਜੋਬਨਜੀਤ ਸਿੰਘ ਬਾਠ, ਹਰਮਨ ਸੰਧੂ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਬਲਾਕ ਪ੍ਰਧਾਨ ਤਰਵਿੰਦਰ ਸਿੰਘ ਸਾਧਪੁਰ, ਬਲਵਿੰਦਰ ਸਿੰਘ ਬਿੱਲਾ ਚੁਗਾਵਾਂ, ਸਤਨਾਮ ਸਿੰਘ, ਜਗਦੀਪ ਸਿੰਘ ਸਾਧਪੁਰ, ਹਰਦੀਪ ਸਿੰਘ ਫੌਜੀ ਵੀ ਹਾਜ਼ਰ ਸਨ। ਬਾਠ ਪਰਿਵਾਰ ਵੱਲੋਂ ਗੁਰਮੇਜ ਸਿੰਘ ਨੇ ਵਿਸ਼ਵਾਸ ਦਵਾਇਆ ਕਿ ਉਹ ਤਲਬੀਰ ਸਿੰਘ ਗਿੱਲ ਦੀ ਹਰ ਪੱਖ ਤੋਂ ਮਦਦ ਕਰਨਗੇ ।

## ਅੰਮ੍ਰਿਤਸਰ ਦੇ ਵਿਕਾਸ ਨੂੰ ਲੈ ਕੇ ਸਾਂਸਦ ਔਜਲਾ ਨੇ ਕੀਤੀ ਜਥੇਦਾਰ ਨਾਲ ਮੁਲਾਕਾਤ



ਛੇਹਰਟਾ, (ਮਨੋਜ ਕੁਮਾਰ) : ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਸ਼ਹਿਰ ਦੇ ਵਿਕਾਸ, ਵਾਤਾਵਰਣ ਸੁਰੱਖਿਆ ਤੇ ਲੰਬੇ ਸਮੇਂ ਤੋਂ ਰੁਕੇ ਵਿਕਾਸ ਕਾਰਜਾਂ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ। ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਅੰਮ੍ਰਿਤਸਰ ਸਿਰਫ਼ ਇਕ ਸ਼ਹਿਰ ਨਹੀਂ, ਸਗੋਂ ਦੇਸ਼ ਅਤੇ ਦੁਨੀਆ ਦੀ ਆਸਥਾ ਦਾ ਕੇਂਦਰ ਹੈ। ਇੱਥੇ ਹਰ ਰੋਜ਼ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਸ਼ਰਧਾਲੂ ਨਤਮਸਤਕ ਹੋਣ ਲਈ ਪਹੁੰਚਦੇ ਹਨ, ਇਸ ਲਈ ਸ਼ਹਿਰ ਦੀ ਪਵਿੱਤਰਤਾ, ਸਫ਼ਾਈ ਅਤੇ ਬਿਹਤਰ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ। ਔਜਲਾ ਨੇ ਖ਼ਾਸ ਤੌਰ 'ਤੇ ਸ਼ਹਿਰ ਵਿਚੋਂ ਹਲਕਾ ਦੱਖਣੀ ਵਿਚੋਂ ਲੰਘਦੇ ਗੰਦੇ ਨਾਲਿਆਂ ਤੇ ਡਰੇਨਾਂ ਕਾਰਨ ਫੈਲ ਰਹੇ ਪ੍ਰਦੂਸ਼ਣ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਇਨ੍ਹਾਂ ਗੰਦੇ ਨਾਲਿਆਂ ਤੇ ਡੰਪਿੰਗ ਗਰਾਊਂਡ ਕਾਰਨ ਵਾਤਾਵਰਣ ਲਗਾਤਾਰ ਪ੍ਰਭਾਵਿਤ ਹੋ ਰਿਹਾ ਹੈ, ਜਿਸ ਨਾਲ ਲੋਕਾਂ ਦੀ ਸਿਹਤ 'ਤੇ ਵੀ ਗੰਭੀਰ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਦਰੱਖਤਾਂ ਦੀ ਲਗਾਤਾਰ ਕਟਾਈ ਵੀ ਚਿੰਤਾ ਦਾ ਵਿਸ਼ਾ ਹੈ। ਇਸ ਲਈ ਪ੍ਰਸ਼ਾਸਨ, ਸਰਕਾਰ ਤੇ ਸਮਾਜਿਕ ਸੰਸਥਾਵਾਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਸੰਸਦ ਮੈਂਬਰ ਔਜਲਾ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਅਪੀਲ ਕਰਦਿਆਂ ਕਿਹਾ ਕਿ ਅੰਮ੍ਰਿਤਸਰ ਨਾਲ ਜੁੜੇ ਮਹੱਤਵਪੂਰਨ ਹਾਈਵੇ ਤੇ ਐਕਸਪ੍ਰੈੱਸ-ਵੇ ਪ੍ਰੋਜੈਕਟ, ਜੋ ਲੰਬੇ ਸਮੇਂ ਤੋਂ ਰੁਕੇ ਹੋਏ ਹਨ, ਉਨ੍ਹਾਂ ਨੂੰ ਜਲਦ ਸ਼ੁਰੂ ਕਰਵਾਉਣ ਲਈ ਸਹਿਯੋਗ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸਿਰਫ਼ ਵਿਕਾਸ ਲਈ ਹੀ ਨਹੀਂ, ਸਗੋਂ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਧਾਰਮਿਕ ਸਥਾਨਾਂ 'ਤੇ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਵੀ ਬਹੁਤ ਜ਼ਰੂਰੀ ਹਨ। ਔਜਲਾ ਨੇ ਉਮੀਦ ਪ੍ਰਗਟਾਈ ਕਿ ਇਸ ਮਾਮਲੇ ਵਿਚ ਕਿਸਾਨਾਂ, ਪਿੰਡਾਂ ਤੇ ਸੰਬੰਧਿਤ ਜਥੇਬੰਦੀਆਂ ਨਾਲ ਸਕਾਰਾਤਮਕ ਗੱਲਬਾਤ ਰਾਹੀਂ ਹੱਲ ਕੱਢਿਆ ਜਾ ਸਕਦਾ ।

## ਔਰਤ ਨੂੰ ਲੁੱਟਣ ਦੀ ਕੋਸ਼ਿਸ਼ 'ਚ ਮੋਟਰਸਾਈਕਲ ਸਵਾਰ ਨੇ ਔਰਤ ਨੂੰ ਸੜਕ 'ਤੇ ਘੜੀਸਿਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਇੱਕ ਮੋਟਰਸਾਈਕਲ ਸਵਾਰ ਲੁਟੇਰੇ ਨੇ ਔਰਤ ਨੂੰ ਲੁੱਟਣ ਦੀ ਕੋਸ਼ਿਸ਼ 'ਚ ਐਕਟਿਵਾ 'ਤੇ ਜਾ ਰਹੀ ਔਰਤ ਨੂੰ ਸੜਕ 'ਤੇ ਘੜੀਸਿਆ ਜਿਸ ਨਾਲ ਔਰਤ ਦੇ ਸਾਰੇ ਸਰੀਰ ਰਗੜਾਂ ਲੱਗ ਗਈਆਂ ਜਿਸ ਨੂੰ ਤੁਰੰਤ ਲੋਕਾਂ ਦੀ ਮੱਦਦ ਨਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਲਵਿੰਦਰ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਅੱਡਾ ਝਬਾਲ ਨੇ ਕਿਹਾ ਕਿ ਉਸ ਦੀ ਪਤਨੀ ਰਾਜਵਿੰਦਰ ਕੌਰ ਆਪਣੀ ਐਕਟਿਵਾ ਨੰਬਰ ਪੀ ਬੀ 46 ਕਿਊ 0833 ਤੇ ਸਵਾਰ ਹੋ ਕਿ ਸਮਾਂ ਕਰੀਬ 7: 30 ਸ਼ਾਮ ਵੇਲੇ ਪਿੰਡ ਸੁਰਸਿੰਘ ਤੋਂ ਝਬਾਲ ਆ ਰਹੀ ਸੀ। ਜਦ ਉਹ ਅੱਡਾ ਗੱਗੋਬੂਆ ਤੋਂ ਪੰਜਵੜ੍ਹ ਮੋੜ ਨਜ਼ਦੀਕ ਪਹੁੰਚੀ ਤਾਂ ਅੱਗੇ ਤੋਂ ਇੱਕ ਮੋਟਰਸਾਈਕਲ ਸਵਾਰ ਨੇ ਆਪਣਾ ਮੋਟਰਸਾਈਕਲ ਐਕਟਿਵਾ ਵਿੱਚ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਆਪਣੇ ਆਪ ਨੂੰ ਬਚਾ ਲਿਆ ਪਰ ਮੋਟਰਸਾਈਕਲ ਸਵਾਰ ਨੇ ਦੁਬਾਰਾ ਉਸ ਨੂੰ ਟੱਕਰ ਮਾਰ ਦਿੱਤੀ ਜਿਸ ਦਾ ਐਕਟਿਵਾ ਸਵਾਰ ਨੇ ਵਿਰੋਧ ਕਰਨਾ ਚਾਹਿਆ।ਉਥੇ ਹੀ ਥੋੜੀ ਦੂਰ ਪਿੰਡ ਪੰਜਵੜ ਦੇ ਮੋੜ ਤੇ ਦੁਕਾਨਦਾਰਾਂ ਵੱਲੋਂ ਮੋਟਰਸਾਈਕਲ ਸਵਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਮੋਟਰਸਾਈਕਲ ਸਵਾਰ ਆਪਣਾ ਮੋਟਰਸਾਈਕਲ ਉਥੇ ਹੀ ਛੱਡ ਕੇ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ ਅਤੇ ਜ਼ਖ਼ਮੀ ਔਰਤ ਨੂੰ ਨਜ਼ਦੀਕੀ ਕਿਸੇ ਘਰ ਵਿੱਚੋਂ ਕੱਪੜੇ ਲਿਆ ਕੇ ਪਵਾਏ ਅਤੇ ਭਿੱਖੀਵਿੰਡ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।ਇਸ ਘਟਨਾ ਦੀ ਦਰਖਾਸਤ ਉਨ੍ਹਾਂ ਵੱਲੋਂ ਥਾਣਾ ਝਬਾਲ ਵਿਖੇ ਦਿੱਤੀ ਗਈ।ਇਸ ਸਬੰਧੀ ਥਾਣਾ ਝਬਾਲ ਦੇ ਕਾਰਜਕਾਰੀ ਮੁੱਖੀ ਐੱਸ. ਆਈ. ਮੈਡਮ ਰਾਣੀ ਕੌਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਹ ਘਟਨਾ ਦਾ ਉਨ੍ਹਾਂ ਦੇ ਧਿਆਨ ਵਿੱਚ ਹੈ ਤੇ ਮੋਟਰਸਾਈਕਲ ਦੇ ਕਾਗਜ਼ਾਂ ਦੇ ਆਧਾਰ ਤੇ ਲੁਟੇਰੇ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਪੰਜਾਬ ਕਿਸਾਨ ਯੂਨੀਅਨ ਦੀ ਇਕੱਤਰਤਾ 'ਚ ਗਿਆਰਾਂ ਮੈਂਬਰੀ ਬਲਾਕ ਕਮੇਟੀ ਦੀ ਚੋਣ

*** ਹਰਜਿੰਦਰ ਸਿੰਘ ਗਵਾਰ ਨੂੰ ਪ੍ਰਧਾਨ ਅਤੇ ਗੁਰਦੇਵ ਸਿੰਘ ਰਾਮਦੀਵਾਲੀ ਨੂੰ ਸਕੱਤਰ ਬਣਾਇਆ**



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਕਿਸਾਨ ਯੂਨੀਅਨ (ਏਆਈਕੇਐੱਮ) ਡੇਰਾ ਬਾਬਾ ਨਾਨਕ ਬਲਾਕ ਦੇ ਕਰੀਬ ਡੇਢ ਦਰਜਨ ਪਿੰਡਾਂ ਦੇ ਆਗੂਆਂ ਨੇ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਮੱਲ੍ਹੀ ਦੀ ਰਹਿਨੁਮਾਈ ਹੇਠ ਇਕੱਤਰਤਾ ਕਰਕੇ 11 ਮੈਂਬਰੀ ਬਲਾਕ ਕਮੇਟੀ ਦੀ ਚੋਣ ਕੀਤੀ, ਜਿਸ ਦਾ ਪ੍ਰਧਾਨ ਹਰਜਿੰਦਰ ਸਿੰਘ ਗਵਾਰ, ਗੁਰਦੇਵ ਸਿੰਘ ਰਾਮਦੀਵਾਲੀ ਸਕੱਤਰ ਅਤੇ ਪਰਮਜੀਤ ਸਿੰਘ ਨੂੰ ਵਿੱਤ ਸਕੱਤਰ ਚੁਣਿਆ ਗਿਆ।ਇਸ ਸਮੇਂ ਬੋਲਦਿਆਂ ਅਸ਼ਵਨੀ ਕੁਮਾਰ ਲੱਖਣ ਕਲਾਂ, ਹਰਵਿੰਦਰ ਸਿੰਘ ਮੱਲ੍ਹੀ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਕੁਦਰਤੀ ਆਫਤਾਂ ਨਾਲ ਕਿਸਾਨਾਂ ਦੇ ਹੋ ਰਹੇ ਨੁਕਸਾਨ ਦੀ ਪੂਰਤੀ ਲਈ ਸਰਕਾਰਾਂ ਨੂੰ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ ਜਦੋਂਕਿ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਕਈ ਇਲਾਕਿਆ ਵਿੱਚ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ।ਆਗੂਆਂ ਵਪਾਰਕ ਗੈਸ ਸਿਲੰਡਰਾਂ ਦੀਆਂ ਦੁੱਗਣੀਆਂ ਕੀਤੀਆਂ ਗਈਆਂ ਕੀਮਤਾਂ ਲਈ ਕੇਂਦਰ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਨਾਲ ਮਹਿੰਗਾਈ ਵਧੇਗੀ ।ਆਗੂਆਂ ਕਿਹਾ ਕਿ ਕੇਂਦਰ ਸਰਕਾਰ ਜਲਦੀ ਹੀ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕਰਨ ਦੇ ਸੰਕੇਤ ਦੇ ਰਹੀ ਹੈ ਜਿਸ ਵਾਧੇ ਨਾਲ ਗਰੀਬ ਕਿਸਾਨ ਅਤੇ ਗਰੀਬ ਮਜ਼ਦੂਰ ਹੋਰ ਜ਼ਿਆਦਾ ਮੁਸ਼ਕਿਲਾਂ ਵਿੱਚ ਘਿਰ ਜਾਵੇਗਾ।ਇੱਕ ਮਤੇ ਵਿੱਚ ਮੰਗ ਕੀਤੀ ਗਈ ਕਿ ਐੱਸਜੀਪੀਸੀ ਦੇ ਖੰਨਾ ਚਮਾਰਾ ਅਤੇ ਰਾਮਦੀਵਾਲੀ ਦੇ ਮੁਜਾਰੇ ਕਿਸਾਨਾਂ ਦੇ ਲਗਾਨ ਐੱਸਡੀਐੱਮ ਦਫਤਰ ਡੇਰਾ ਬਾਬਾ ਨਾਨਕ ਜਮ੍ਹਾ ਕਰਨ ਦੇ ਹੁਕਮ ਜਾਰੀ ਕਰੇ।ਇਕ ਹੋਰ ਮਤੇ ਵਿੱਚ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਵਿਰੁੱਧ ਲੜੀ ਜਾ ਰਹੀ ਨਿਹੱਕੀ ਜੰਗ ਨੂੰ ਰੋਕਣ ਦੀ ਮੰਗ ਕੀਤੀ ਗਈ।ਇਸ ਸਮੇਂ ਕੁਲਵੰਤ ਸਿੰਘ, ਦਿਲਬਾਗ ਸਿੰਘ, ਜਰਨੈਲ ਸਿੰਘ ਸਪਰਾਏ ਕੋਠੀ, ਵਕੀਲ ਕਰਮਜੀਤ ਸਿੰਘ ਖੰਨਾ ਚਮਾਰਾ, ਹਰਵਿੰਦਰ ਸਿੰਘ ਗਵਾਰ, ਰਾਜੂ ਬਟਾਲਾ, ਸੋਹਣ ਸਿੰਘ ਆਦੀਆ, ਬਿਕਰਮਜੀਤ ਸਿੰਘ ਆਦੀਆ ਅਤੇ ਅਰਜੁਨ ਸਿੰਘ ਰਾਮਦੀਵਾਲੀ ਸਾਮਲ ਸਨ।

# ਅਜੋਕੀ ਪੱਤਰਕਾਰੀ 'ਚ ਤਹਿਜ਼ੀਬ, ਜ਼ਾਬਤੇ ਤੇ ਸਮਰਪਣ ਭਾਵਨਾ ਦੀ ਭਾਰੀ ਘਾਟ : ਜਤਿੰਦਰ ਪਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ, ਰਜਿ.ਇੰਡੀਆ ਵੱਲੋਂ 'ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸਮਕਾਲੀ ਪੱਤਰਕਾਰੀ ਦੀ ਮੌਜੂਦਾ ਸਥਿਤੀ ਅਤੇ ਇਸ ਦਾ ਸਮਾਜਿਕ ਪ੍ਰਭਾਵ' ਵਿਸ਼ੇ 'ਤੇ ਇੱਕ ਵਿਸ਼ੇਸ਼ ਸੈਮੀਨਾਰ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਮਿੰਨੀ ਕਸੌਲੀ ਵੱਜੋਂ ਜਾਣੇ ਜਾਂਦੇ ਰਮਣੀਕ ਸਥਾਨ 'ਥੌਰਨ ਕਿਚਨ ਐਂਡ ਹਾਈਡ ਅਵੇਅ' ਸਲੇਰਨ ਡੈਮ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਸੂਬਾ ਪ੍ਰਧਾਨ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ । ਇਸ ਸੈਮੀਨਾਰ ਵਿੱਚ ਮੁੱਖ ਬੁਲਾਰੇ ਵਜੋਂ ਪੰਜਾਬੀ ਪੱਤਰਕਾਰੀ ਦੇ ਅਹਿਮ ਹਸਤਾਖਰ ਜਤਿੰਦਰ ਪੰਨੂ ਤੇ ਡਾ. ਜਸਵੰਤ ਰਾਏ ਜਿਲਾ ਭਾਸ਼ਾ ਖੋਜ ਅਫਸਰ ਹੁਸ਼ਿਆਰਪੁਰ ਸ਼ਾਮਿਲ ਹੋਏ। ਸੈਮੀਨਾਰ ਦੀ ਆਰੰਭਤਾ ਮੌਕੇ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਦਿਆਂ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਅਤੇ ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ ਨੇ ਦੱਸਿਆ ਕਿ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਅਜੋਕੇ ਸਮੇਂ ਦੇ ਮੱਦੇਨਜ਼ਰ ਸੱਚਾਈ ਅਤੇ ਇਮਾਨਦਾਰੀ ਦੇ ਜਜ਼ਬੇ ਨਾਲ ਪੱਤਰਕਾਰੀ ਕਰਨ ਵਾਲੀ ਸ਼੍ਰੇਣੀ ਵਿਕਸਿਤ ਕਰਨਾ ਅਤੇ ਨਵੇਂ ਉੱਭਰ ਰਹੇ ਪੱਤਰਕਾਰਾਂ ਲਈ ਜ਼ਾਬਤੇ ਵਿੱਚ ਰਹਿ ਕੇ ਆਪਣੀ ਡਿਊਟੀ ਸਮਰਪਣ ਭਾਵਨਾ ਨਾਲ ਨਿਭਾਉਣ ਦੀ ਪ੍ਰੇਰਨਾ ਦੇਣਾ ਹੀ ਇਹ ਸੈਮੀਨਾਰ ਕਰਵਾਉਣ ਦਾ ਮੁੱਖ ਮਨੋਰਥ ਹੈ । ਜਤਿੰਦਰ ਪੰਨੂ ਨੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦਾ ਸਾਲ 2026-27 ਲਈ ਆਈ ਕਾਰਡ ਜਾਰੀ ਕੀਤਾ। ਉਪਰੰਤ ਸੈਮੀਨਾਰ ਦੇ ਵਿਸ਼ੇ ਅਧੀਨ ਆਪਣੇ ਵਿਚਾਰ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਦੀ ਪੱਤਰਕਾਰੀ ਵਿੱਚ ਤਹਿਜ਼ੀਬ,ਜ਼ਾਬਤੇ ਤੇ ਸਮਰਪਣ ਭਾਵਨਾ ਦੀ ਭਾਰੀ ਘਾਟ ਹੋਣ ਕਾਰਨ ਪਹਿਲਾਂ ਵਾਲਾ ਮਿਆਰ ਭਾਵੇਂ ਨਹੀਂ ਰਿਹਾ ਪਰ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਅਜੇ ਵੀ ਪੰਜਾਬੀ ਪੱਤਰਕਾਰੀ ਕੁੱਝ ਹੱਦ ਤੱਕ ਭਰਸੋਯੋਗਤਾ ਨੂੰ ਕਾਇਮ ਰੱਖ ਰਹੀ ਹੈ ਜਿਸ ਦਾ ਕਾਰਨ ਇਸ ਖੇਤਰ ਵਿੱਚ ਆਪਣੇ ਪੇਸ਼ੇ ਪ੍ਰਤੀ ਸਮਰਪਣ ਭਾਵਨਾ, ਇਮਾਨਦਾਰੀ ਅਤੇ ਸੱਚਾਈ ਲਈ ਦ੍ਰਿੜ ਸੰਕਲਪ ਪੱਤਰਕਾਰਾਂ ਦੀ ਮੌਜੂਦਗੀ ਹੋਣਾ ਹੈ। ਅਜਿਹੇ ਲੋਕ ਸੱਚੀ ਪੱਤਰਕਾਰੀ ਲਈ ਹੁਕਮਰਾਨਾਂ ਦੀ ਪ੍ਰਵਾਹ ਨਹੀਂ ਕਰਦੇ ਸਗੋਂ ਸੱਚ ਲਈ ਆਖਰੀ ਦਮ ਤੱਕ ਜੂਝਦੇ ਹਨ ਫਿਰ ਅੰਜਾਮ ਭਾਵੇਂ ਕੋਈ ਵੀ ਕਿਉਂ ਨਾ ਹੋਵੇ । ਸੋਸ਼ਲ ਮੀਡੀਆ ਦੀ ਤੇਜ਼ ਰਫਤਾਰੀ ਭਾਵੇਂ ਸਭ ਨੂੰ ਚੰਗੀ ਲੱਗੇ ਪਰ ਭਰੋਸੇਯੋਗਤਾ ਦੀ ਕਮੀ ਹੋਣ ਕਾਰਣ ਸਮਾਜ ਲਈ ਘਾਤਕ ਸਿੱਧ ਹੋ ਸਕਦੀ ਹੈ ਜਿਸ ਲਈ ਕੋਡ ਆਫ਼ ਕੰਡਕਟ ਲਾਗੂ ਹੋਣਾ ਬਹੁਤ ਜਰੂਰੀ ਹੈ । ਮੀਡੀਆ ਖੇਤਰ ਵਿੱਚ ਆ ਰਹੇ ਨਵੇਂ ਪੱਤਰਕਾਰਾਂ ਨੂੰ ਸਾਰਥਕ ਸੁਨੇਹਾ ਦਿੰਦਿਆਂ ਜਤਿੰਦਰ ਪਨੂੰ ਨੇ ਕਿਹਾ ਕਿ ਇਨਸਾਫ ਤੇ ਸੱਚਾਈ ਦਾ ਪੱਲਾ ਘੁੱਟ ਕੇ ਫੜਨ ਨਾਲ ਹੀ ਸਾਰਥਕ ਨਤੀਜੇ ਹਾਸਿਲ ਹੋ ਸਕਦੇ ਹਨ । ਇਸ ਮੌਕੇ ਆਪਣੇ ਸੰਬੋਧਨ ਵਿੱਚ ਡਾਕਟਰ ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਖੋਜ ਅਫਸਰ ਨੇ ਕਿਹਾ ਕਿ ਸੱਚਾ ਕਰਮ ਹੀ ਪੱਤਰਕਾਰ ਦਾ ਧਰਮ ਹੋਣਾ ਚਾਹੀਦਾ ਹੈ। ਇਸੇ ਅਸੂਲ 'ਤੇ ਚੱਲ ਕੇ ਹੀ ਬੇਬਾਕ ਤੇ ਨਿਧੜਕ ਪੱਤਰਕਾਰੀ ਕਰਨ ਵਾਲੇ ਜਤਿੰਦਰ ਪਨੂੰ ਵਰਗੇ ਮਹਾਨ ਪੱਤਰਕਾਰਾਂ ਨੇ ਅਥਾਹ ਸਤਿਕਾਰ ਹਾਸਿਲ ਕੀਤਾ ਹੈ ਜਿਸ ਸਦਕਾ ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦਾ ਬਾਬਾ ਬੋਹੜ ਆਖਿਆ ਜਾ ਸਕਦਾ ਹੈ। ਇਸ ਸੈਮੀਨਾਰ ਦੌਰਾਨ ਪੰਜਾਬ ਨਿਊਜ਼ ਚੈਨਲ ਦੇ ਸੰਸਥਾਪਕ ਜਸਵਿੰਦਰ ਸਿੰਘ ਆਜ਼ਾਦ ਚੇਅਰਮੈਨ ਪੰਜਾਬ ਨੇ ਕਿਹਾ ਕਿ ਯੂਟਿਊਬ ਸੋਸ਼ਲ ਮੀਡੀਆ ਤੇ ਵੈਬ ਚੈਨਲ ਦੀ ਪੱਤਰਕਾਰੀ ਦਾ ਦੌਰ ਅਗਲੀ ਸਦੀ ਦੀ ਵੱਡੀ ਜ਼ਰੂਰਤ ਹੈ ਜਿਸ ਦੀ ਭਰੋਸੇਯੋਗਤਾ ਬਣਾ ਕੇ ਰੱਖਣ ਲਈ ਪੱਤਰਕਾਰਾਂ ਨੂੰ ਆਪਣਾ ਫਰਜ਼ ਡੱਟ ਕੇ ਨਿਭਾਉਣਾ ਪਵੇਗਾ। ਇਸ ਮੌਕੇ ਪ੍ਰਸਿੱਧ ਸ਼ਾਇਰ ਐਡਵੋਕੇਟ ਰਘਵੀਰ ਟੇਰਕਿਆਣਾ ਨੇ ਆਪਣੀ ਸ਼ਾਇਰੀ ਰਾਹੀਂ ਜਿੱਥੇ ਜਤਿੰਦਰ ਪਨੂੰ ਵਰਗੇ ਸਿਰੜੀ ਪੱਤਰਕਾਰਾਂ ਦੀ ਭਰਪੂਰ ਸ਼ਲਾਘਾ ਕੀਤੀ ਉੱਥੇ ਪੱਤਰਕਾਰੀ ਵਿੱਚ ਵੜੀਆਂ ਕਾਲੀਆਂ ਭੇਡਾਂ ਅਤੇ ਪੀਲੀ ਪੱਤਰਕਾਰੀ ਕਰਨ ਵਾਲੇ ਲੋਕਾਂ ਨੂੰ ਪਛਾਣ ਕੇ ਸਮਾਜ ਦੇ ਸਾਹਮਣੇ ਲਿਆਉਣ ਨੂੰ ਸਮੇਂ ਦੀ ਸਭ ਤੋਂ ਵੱਡੀ ਲੋੜ ਦੱਸਿਆ । ਇਸ ਮੌਕੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਜਤਿੰਦਰ ਪਨੂੰ ਤੇ ਡਾ ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਖੋਜ ਅਫ਼ਸਰ ਅਤੇ ਥੌਰਨ ਕਿਚਨ ਐਂਡ ਹਾਈਡ ਅਵੇਅ ਦੇ ਜਨਰਲ ਮੈਨਜਰ ਹਰੀਸ਼ ਕੁਮਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਮੰਚ ਸੰਚਾਲਨ ਕਰਦਿਆਂ ਵਾਈਸ ਚੇਅਰਮੈਨ ਪੰਜਾਬ ਗੁਰਬਿੰਦਰ ਸਿੰਘ ਪਲਾਹਾ ਅਤੇ ਤਰਸੇਮ ਦੀਵਾਨਾ ਜੁਆਇੰਟ ਸਕੱਤਰ ਇੰਡੀਆ ਨੇ ਜਥੇਬੰਦੀ ਵੱਲੋਂ ਅਜਿਹੇ ਸੈਮੀਨਾਰ ਨੂੰ ਅਗਲੇ ਸਾਲ ਵੀ ਜਾਰੀ ਰੱਖਣਾ ਦਾ ਅਹਿਦ ਲਿਆ । ਅੰਤ ਵਿੱਚ ਸੀਨੀਅਰ ਮੀਤ ਪ੍ਰਧਾਨ ਜਗਤਾਰ ਭੁੰਗਰਨੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ । ਇਸ ਮੌਕੇ ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ, ਪੰਜਾਬ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ, ਜੁਆਇੰਟ ਸਕੱਤਰ ਇੰਡੀਆ ਤਰਸੇਮ ਦੀਵਾਨਾ, ਜਸਵਿੰਦਰ ਸਿੰਘ ਆਜ਼ਾਦ ਚੇਅਰਮੈਨ, ਪੰਜਾਬ,ਵਾਈਸ ਚੇਅਰਮੈਨ ਪੰਜਾਬ ਗੁਰਬਿੰਦਰ ਸਿੰਘ ਪਲਾਹਾ, ਸੂਬਾ ਜਨਰਲ ਸਕੱਤਰ ਅਮਰਜੀਤ ਸਿੰਘ ਜੰਡੂ ਸਿੰਘਾ, ਸੀਨੀਅਰ ਮੀਤ ਪ੍ਰਧਾਨ ਅਸ਼ਵਨੀ ਸ਼ਰਮਾ, ਮਨਜੀਤ ਸਿੰਘ ਚੀਮਾ ਮੁਕੇਰੀਆਂ,ਹਰਪਾਲ ਸਿੰਘ ਕੰਗ ਕਪੂਰਥਲਾ ਸਮੇਤ ਵੱਖ ਵੱਖ ਜ਼ਿਲ੍ਹਿਆਂ ਤੋਂ ਪੱਤਰਕਾਰ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਿਰ ਹੋਏ।



# ਮੁੱਖ ਮੰਤਰੀ 6 ਨੂੰ ਜਲੰਧਰ ਸੈਂਟਰਲ ਤੋਂ ਚੋਣ ਮੁਹਿੰਮ ਦੀ ਕਰਨਗੇ ਸ਼ੁਰੂਆਤ : ਕੋਹਲੀ

**ਜਲੰਧਰ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 6 ਮਈ ਨੂੰ ਜਲੰਧਰ ਸੈਂਟਰਲ ਵਿਧਾਨ ਸਭਾ ਹਲਕੇ ਤੋਂ ਆਪਣੇ ਚੋਣ ਮੁਹਿੰਮ ਦੀ ਸ਼ੁਰੂਆਤ ਕਰਨਗੇ। ਇਸ ਸਬੰਧ ਵਿੱਚ ਜਲੰਧਰ ਸੈਂਟਰਲ ਦੇ ਹਲਕਾ ਇੰਚਾਰਜ ਨਿਤਿਨ ਕੋਹਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਹਿੰਮ ਦੀ ਸ਼ੁਰੂਆਤ ਉਸੇ ਦਿਨ ਸ਼ਾਮ 4 ਵਜੇ ਤੋਂ ਕੀਤੀ ਜਾਵੇਗੀ।ਨਿਤਿਨ ਕੋਹਲੀ ਨੇ ਕਿਹਾ ਕਿ ਇਹ ਮੁਹਿੰਮ ਸਰਕਾਰ ਦੀਆਂ ਉਪਲਬਧੀਆਂ, ਵਿਕਾਸ ਕਾਰਜਾਂ ਤੇ ਜਨਹਿਤਕਾਰੀ ਨੀਤੀਆਂ ਨੂੰ ਸਿੱਧੇ ਤੌਰ 'ਤੇ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਮਾਧਿਅਮ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਜਲੰਧਰ ਸੈਂਟਰਲ ਵਿੱਚ ਵੱਖ-ਵੱਖ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਆਗਾਮੀ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਅਭਿਆਨ ਮਹੱਤਵਪੂਰਨ ਹੈ, ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਸਰਕਾਰ ਦੇ ਚਾਰ ਸਾਲਾਂ ਦਾ ਰਿਪੋਰਟ ਕਾਰਡ ਜਨਤਾ ਸਾਹਮਣੇ ਰੱਖਣਗੇ। ਇਸ ਦੌਰਾਨ ਵਿਕਾਸ, ਪਾਰਦਰਸ਼ਤਾ, ਸਿੱਖਿਆ, ਸਿਹਤ, ਰੋਜ਼ਗਾਰ ਅਤੇ ਕਾਨੂੰਨ-ਵਿਵਸਥਾ ਮੁੱਖ ਮੁੱਦੇ ਹੋਣਗੇ। ਨਿਤਿਨ ਕੋਹਲੀ ਨੇ ਕਿਹਾ ਕਿ ਜਲੰਧਰ ਸੈਂਟਰਲ ਵਿੱਚ ਪਿਛਲੇ ਇੱਕ ਸਾਲ ਦੌਰਾਨ ਲੋਕਾਂ ਨਾਲ ਜੁੜਾਅ ਦਾ ਮਜ਼ਬੂਤ ਮਾਹੌਲ ਬਣਿਆ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਇਹ ਮੁਹਿੰਮ ਖੇਤਰ ਦੇ ਵਿਕਾਸ ਨੂੰ ਹੋਰ ਤੇਜ਼ੀ ਦੇਵੇਗਾ ਅਤੇ ਲੋਕਾਂ ਦਾ ਭਰੋਸਾ ਮਜ਼ਬੂਤ ਕਰੇਗਾ।ਨਿਤਿਨ ਕੋਹਲੀ ਨੇ ਪੰਜਾਬ ਸਰਕਾਰ ਦੀਆਂ ਮੁੱਖ ਭਲਾਈ ਪਹਿਲਕਦਮੀਆਂ 'ਤੇ ਹੋਰ ਚਾਨਣਾ ਪਾਉਂਦਿਆਂ ਕਿਹਾ ਕਿ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ, ਰਾਜ ਭਰ ਦੀਆਂ ਯੋਗ ਔਰਤਾਂ ਨੂੰ 1000 ਤੋਂ 1500 ਤੱਕ ਦੀ ਮਾਸਿਕ ਵਿੱਤੀ ਸਹਾਇਤਾ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮਿਲੇਗੀ, ਜਿਸ ਲਈ ਚੁਣੇ ਹੋਏ ਹਲਕਿਆਂ ਵਿੱਚ ਰਜਿਸਟ੍ਰੇਸ਼ਨ ਪਹਿਲਾਂ ਹੀ ਚੱਲ ਰਹੀ ਹੈ ਅਤੇ 15 ਮਈ ਤੋਂ ਰਾਜ ਭਰ ਵਿੱਚ ਫੈਲਣ ਦੀ ਤਿਆਰੀ ਹੈ। ਉਨ੍ਹਾਂ ਨੇ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਸਰਕਾਰ ਦੀ ਇਤਿਹਾਸਕ ਸਿਹਤ ਸੰਭਾਲ ਪਹਿਲਕਦਮੀ 'ਤੇ ਵੀ ਜ਼ੋਰ ਦਿੱਤਾ, ਜਿਸ ਦਾ ਉਦੇਸ਼ ਪੰਜਾਬ ਦੇ ਲਗਭਗ 3 ਕਰੋੜ ਵਸਨੀਕਾਂ ਨੂੰ 10 ਲੱਖ ਤੱਕ ਦਾ ਮੁਫ਼ਤ ਅਤੇ ਨਕਦੀ ਰਹਿਤ ਸਿਹਤ ਬੀਮਾ ਕਵਰੇਜ ਪ੍ਰਦਾਨ ਕਰਨਾ ਹੈ।



# ਰਾਜਪਾਲ ਵੱਲੋਂ 'ਵਰਸਿਟੀਆਂ ਤੇ ਹੋਰ ਸੰਸਥਾਵਾਂ ਨੂੰ ਨੇਤਰਦਾਨ ਸੰਬੰਧੀ ਕਾਲਮ ਜੋੜਣ ਲਈ ਹਦਾਇਤਾਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਆਈ ਬੈਂਕ ਐਂਡ ਕਾਰਨਿਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ, ਹੁਸ਼ਿਆਰਪੁਰ ਵੱਲੋਂ ਪ੍ਰਧਾਨ ਜੇ ਬੀ ਬਹਿਲ ਦੀ ਅਗਵਾਈ ਹੇਠ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੂੰ ਨੇਤਰਦਾਨ ਦੇ ਸਬੰਧ ਵਿੱਚ ਇੱਕ ਬੇਨਤੀ ਪੱਤਰ ਦਿੱਤਾ ਗਿਆ, ਜੋ ਮਾਨਯੋਗ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਦੇ ਨਾਂਅ ਸੀ। ਇਸ ਪੱਤਰ ਵਿੱਚ ਸੋਸਾਇਟੀ ਵੱਲੋਂ ਬੇਨਤੀ ਕੀਤੀ ਗਈ ਕਿ ਪੰਜਾਬ ਦੇ ਵਿਸ਼ਵ ਵਿਦਿਆਲਿਆਂ ਅਤੇ ਹੋਰ ਸੰਸਥਾਵਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਦੇ ਦਾਖਲਾ ਫਾਰਮਾਂ ਜਾਂ ਆਈ ਡੀ ਕਾਰਡਾਂ ਵਿੱਚ ਨੇਤਰਦਾਨ ਲਈ ਇੱਕ ਕਾਲਮ ਜੋੜਿਆ ਜਾਵੇ। ਗਵਰਨਰ ਨੇ ਇਸ ਪ੍ਰਸਤਾਵ ਨਾਲ ਸਹਿਮਤੀ ਜਤਾਈ ਅਤੇ ਸੰਬੰਧਤ ਵਿਸ਼ਵ ਵਿਦਿਆਲਿਆਂ ਅਤੇ ਹੋਰ ਸੰਸਥਾਵਾਂ ਨੂੰ ਹੁਕਮ ਜਾਰੀ ਕੀਤੇ ਕਿ ਸੋਸਾਇਟੀ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ ਅਤੇ ਨਿਯਮਾਂ ਅਨੁਸਾਰ ਨੇਤਰਦਾਨ ਦਾ ਕਾਲਮ ਸ਼ਾਮਲ ਕੀਤਾ ਜਾਵੇ, ਤਾਂ ਜੋ ਅੰਧੇਪਨ ਨਾਲ ਪੀੜਤ ਲੋਕਾਂ ਨੂੰ ਰੌਸ਼ਨੀ ਮਿਲ ਸਕੇ ਤੇ ਦੇਸ਼ ਵਿੱਚੋਂ ਅੰਧੇਪਨ ਨੂੰ ਖਤਮ ਕੀਤਾ ਜਾ ਸਕੇ।ਇਸ ਮੌਕੇ ਤੇ ਚੇਅਰਮੈਨ ਨੇ ਅਵਿਨਾਸ਼ ਰਾਏ ਖੰਨਾ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮਾਨਯੋਗ ਰਾਜਪਾਲ ਵੱਲੋਂ ਵਿਸ਼ਵ ਵਿਦਿਆਲਿਆਂ ਅਤੇ ਹੋਰ ਸੰਸਥਾਵਾਂ ਨੂੰ ਭੇਜੇ ਗਏ ਪੱਤਰ ਦੀ ਕਾਪੀ ਸੋਸਾਇਟੀ ਨੂੰ ਸੌਂਪੀ। ਉਨ੍ਹਾਂ ਦੱਸਿਆ ਕਿ ਸੋਸਾਇਟੀ ਵੱਲੋਂ ਪੰਜਾਬ ਦੇ ਵੱਖ-ਵੱਖ ਕਾਲਜਾਂ ਨਾਲ ਸੰਪਰਕ ਕਰਕੇ ਨੇਤਰਦਾਨ ਸੰਬੰਧੀ ਐੱਮ ਓ ਯੂ ਸਾਇਨ ਕੀਤੇ ਜਾ ਰਹੇ ਹਨ, ਤਾਂ ਜੋ ਇਸ ਮੁਹਿੰਮ ਨੂੰ ਮਿਲਜੁਲ ਕੇ ਅੱਗੇ ਵਧਾਇਆ ਜਾ ਸਕੇ।



# ਸੇਵਾ-ਮੁਕਤ ਪੰਚਾਇਤ ਅਫਸਰ ਦੇ ਸਨਮਾਨ 'ਚ ਵਿਦਾਇਗੀ ਪਾਰਟੀ

**ਸ਼ਾਹਕੋਟ (ਗਿਆਨ ਸੈਦਪੁਰੀ)** ਸੇਵਾ ਮੁਕਤ ਪੰਚਾਇਤ ਅਫਸਰ ਭੁਪਿੰਦਰ ਸਿੰਘ ਦੇ ਸਨਮਾਨ ਵਿੱਚ ਸਥਾਨਕ ਪੰਡੋਰੀ ਰਿਜ਼ੋਰਟ ਵਿੱਚ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਉਹ ਪੰਚਾਇਤ ਵਿਭਾਗ ਪੰਜਾਬ ਵਿੱਚ 30 ਸਾਲ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਬਤੌਰ ਪੰਚਾਇਤ ਅਫਸਰ ਬੀ ਡੀ ਪੀ ਓ ਦਫ਼ਤਰ ਸੁਲਤਾਨਪੁਰ ਲੋਧੀ ਤੋਂ ਸੇਵਾ ਮੁਕਤ ਹੋਏ ਹਨ। ਇਸ ਦਫ਼ਤਰ ਵਿੱਚ ਪੰਚਾਇਤ ਵਿਭਾਗ ਦੇ ਅਧਿਕਾਰੀਆਂ, ਸਟਾਫ਼ ਤੇ ਹੋਰ ਆਗੂਆਂ ਵੱਲੋਂ ਭੁਪਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਲਈ ਕਾਮਨਾ ਕੀਤੀ। ਉਨ੍ਹਾਂ ਵੱਲੋਂ ਵਿਭਾਗ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਜਿੱਥੇ ਭਰਪੂਰ ਸ਼ਲਾਘਾ ਕੀਤੀ ਗਈ, ਉੱਥੇ ਉਨ੍ਹਾਂ ਦੇ ਹੱਸਮੁਖ ਤੇ ਮਿਲਣਸਾਰ ਵਿਅਕਤੀਤਵ ਨੂੰ ਵੀ ਖੂਬਸੂਰਤ ਸ਼ਬਦਾਂ ਵਿੱਚ ਵਡਿਆਇਆ ਗਿਆ। ਭੁਪਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਹਰਜਿੰਦਰ ਕੌਰ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਕੇ ਵਾਜਿਆਂ ਗਾਜਿਆ ਨਾਲ ਸੁਲਤਾਨਪੁਰ ਲੋਧੀ ਤੋਂ ਸ਼ਾਹਕੋਟ ਲਿਆਂਦਾ ਗਿਆ। ਇੱਥੇ ਵੀ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਵੱਖ ਵੱਖ ਵਰਗ ਦੇ ਲੋਕਾਂ ਵੱਲੋਂ ਜੋੜੀ ਨੂੰ ਭਰਪੂਰ ਤੋਹਫ਼ੇ ਭੇਂਟ ਕੀਤੇ ਗਏ। ਦੋਵੇਂ ਥਾਵਾਂ 'ਤੇ ਹੋਣ ਵਾਲੇ ਸ਼ਾਨਦਾਰ ਸਾਮਗਮਾਂ ਵਿੱਚ ਸ਼ਾਮਲ ਹੋਣ ਵਾਲੇ ਪਤਵੰਤਿਆਂ ਵਿੱਚ ਸੱਜਣ ਸਿੰਘ ਚੀਮਾ ਹਲਕਾ ਇੰਚਾਰਜ 'ਆਪ' ਸੁਲਤਾਨਪੁਰ ਲੋਧੀ, ਸੁਖਜੀਤ ਸਿੰਘ ਕਾਕਾ ਲੋਹਗੜ੍ਹ ਸਾਬਕਾ ਵਿਧਾਇਕ ਹਲਕਾ ਧਰਮਕੋਟ, ਡਾ. ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਨਕੋਦਰ ਕਾਂਗਰਸ, ਗੁਰਮੀਤ ਸਿੰਘ ਕਾਹਲੋਂ ਬੀ ਡੀ ਪੀ ਓ ਸੁਲਤਾਨਪੁਰ ਲੋਧੀ, ਸੁਖਵਿੰਦਰ ਸਿੰਘ ਸਿੱਧੂ ਬੀ ਡੀ ਪੀ ਓ ਧੂਰੀ(ਸੰਗਰੂਰ), ਪਰਮਿੰਦਰ ਸਿੰਘ ਬੀ ਡੀ ਪੀ ਓ ਗੁਰੂ ਹਰਿ ਸਹਾਇ, ਬਲਜੀਤ ਸਿੰਘ ਬੱਗਾ ਬੀ ਡੀ ਪੀ ਓ ਸ਼ਾਹਕੋਟ, ਸੁਖਦੀਪ ਸਿੰਘ ਕੰਗ ਪੀ ਏ ਹਲਕਾ ਵਿਧਾਇਕ ਸ਼ਾਹਕੋਟ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਕਸ਼ਮੀਰ ਸਿੰਘ ਢਿੱਲੋਂ ਜ਼ਿਲ੍ਹਾ ਪ੍ਰਧਾਨ ਪੰਚਾਇਤ ਸਕੱਤਰ ਯੂਨੀਅਨ ਕਪੂਰਥਲਾ, ਹਰਨੇਕ ਸਿੰਘ ਬਲਾਕ ਪ੍ਰਧਾਨ ਸੁਲਤਾਨਪੁਰ ਲੋਧੀ, ਦੇਸ ਰਾਜ ਜਾਫਰਵਾਲ, ਵਿਸ਼ਨੂੰ ਪ੍ਰਕਾਸ਼, ਰਣਜੀਤ ਸਿੰਘ, ਸਰਬਜੀਤ ਸਿੰਘ (ਸਾਰੇ ਪੰਚਾਇਤ ਸਕੱਤਰ), ਨੰਬਰਦਾਰ ਹਰਜਿੰਦਰ ਸਿੰਘ ਨੰਢਾ, ਕਸ਼ਮੀਰ ਸਿੰਘ ਨੰਢਾ ਸਾਬਕਾ ਬਲਾਕ ਸੰਮਤੀ ਮੈਂਬਰ, ਜਗਤਾਰ ਸਿੰਘ ਪ੍ਰਧਾਨ, ਸੁਰਿੰਦਰ ਸਿੰਘ ਬਾਂਸਲ, ਸੁਖਵਿੰਦਰ ਸਿੰਘ ਸਾਹਬਾ ਸਾਬਕਾ ਸਰਪੰਚ ਬਾਹਮਣੀਆਂ, ਬਖਤਾਵਰ ਸਿੰਘ ਅਤੇ ਗੁਰਮੀਤ ਸਿੰਘ ਬੱਬੂ (ਦੋਵੇਂ ਸਾਬਕਾ ਸਰਪੰਚ), ਨੱਥਾ ਸਿੰਘ ਜਾਫਰਵਾਲ ਸੇਵਾ ਮੁਕਤ ਮੰਡੀ ਸੁਪਰਵਾਈਜ਼ਰ, ਸੁਰਿੰਦਰ ਸਿੰਘ, ਸਤਿੰਦਰਪਾਲ ਸੋਨੂੰ ਕਿਲੀ ਨੰਬਰਦਾਰ, ਬੰਟੀ ਬਠੋਲਾ ਪ੍ਰਧਾਨ ਵਾਤਾਵਰਨ ਸੁਧਾਰ ਸੁਸਾਇਟੀ ਸ਼ਾਹਕੋਟ, ਅਮਨਦੀਪ ਸਿੰਘ ਸੈਦਪੁਰੀ, ਰਾਜਨਦੀਪ ਸਿੰਘ, ਸੁਖਦੇਵ ਸਿੰਘ ਚੰਦੀ ਨਕੋਦਰ, ਜਰਨੈਲ ਸਿੰਘ ਲੰਮਾ ਪਿੰਡ, ਲਖਵਿੰਦਰ ਸਿੰਘ ਸਰਪੰਚ ਮੋਤੀਪੁਰ (ਫਿਲੌਰ), ਮਾਸਟਰ ਸਾਧੂ ਸਿੰਘ ਬਾਹਮਣੀਆਂ, ਗੁਰਮੇਲ ਸਿੰਘ ਧੰਜੂ, ਬਲਬੀਰ ਸਿੰਘ ਧੰਜੂ, ਡਾ. ਨਰਿੰਦਰ ਸਿੰਘ ਬਾਂਸਲ, ਹਰਬੰਸ ਸਿੰਘ ਧੰਜੂ, ਲਵ ਧੰਜੂ, ਸੋਨੂੰ ਵਿੱਗ, ਹਰਭਜਨ ਲਾਲ ਵਿੱਗ, ਮਾਸਟਰ ਵਿਜੇ ਕੁਮਾਰ ਵਿੱਗ, ਮਾਸਟਰ ਸੁਰਿੰਦਰ ਕੁਮਾਰ ਵਿੱਗ, ਜਸਵਿੰਦਰ ਸਿੰਘ ਪ੍ਰਧਾਨ ਪੰਚਾਇਤ ਯੂਨੀਅਨ ਪੰਜਾਬ, ਮਲਕੀਤ ਸਿੰਘ, ਕੁਲਵਿੰਦਰ ਕੁਮਾਰ, ਰਾਮ ਪ੍ਰਕਾਸ਼, ਦੌਲਤ ਰਾਮ(ਪੰਚਾਇਤ ਅਫਸਰ), ਮਨਜੀਤ ਸਿੰਘ ਤੇ ਜਸਵਿੰਦਰ ਪਾਲ(ਦੋਵੇਂ ਪੰਚਾਇਤ ਸਕੱਤਰ), ਜਗਤਾਰ ਸਿੰਘ ਪ੍ਰਧਾਨ ਆਦਿ ਸ਼ਾਮਲ ਸਨ।



# ਲੇਬਰ ਡੇ ਤੇ ਪ੍ਰਿੰਸੀਪਲ ਡੇ ਮਨਾਇਆ



**ਲੋਹੀਆਂ ਖਾਸ (ਯੋਗੇਸ਼ਵਰ)**- ਬੀ.ਕੇ ਇੰਟਰਨੈਸ਼ਨਲ ਕਾਨਵੇਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ ਵਿਖੇ 'ਲੇਬਰ ਡੇ' ਤੇ 'ਪ੍ਰਿੰਸੀਪਲ ਡੇ' ਵਿਸ਼ੇਸ਼ ਤੌਰ ਤੇ ਨਵੇਕਲੇ ਅੰਦਾਜ਼ ਵਿੱਚ ਮਨਾਏ ਗਏ। ਵਿਦਿਆਰਥੀਆਂ ਵੱਲੋਂ ਹੈਲਪਰਾਂ ਨੂੰ ਸਨਮਾਨ ਦਿੰਦੇ ਹੋਏ 'ਲੇਬਰ ਡੇ' ਨੂੰ 'ਬਿੱਗ ਅਪ ਦਿਵਸ' ਦੇ ਰੂਪ ਵਿੱਚ ਮਨਾਇਆ ਗਿਆ ਅਤੇ ਉਨਾਂ ਦੀ ਅਣਥੱਕ ਸੇਵਾਵਾਂ ਲਈ ਵਿਸ਼ੇਸ਼ ਅੰਦਾਜ਼ ਵਿੱਚ ਧੰਨਵਾਦ ਕੀਤਾ ਗਿਆ। 'ਪ੍ਰਿੰਸੀਪਲ ਡੇ' ਮਨਾਉਂਦੇ ਹੋਏ ਸਾਰੇ ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੇ ਆਪਣੀ ਕਵਿਤਾਵਾਂ ਅਤੇ ਰਚਨਾਵਾਂ ਰਾਹੀਂ ਪ੍ਰਿੰਸੀਪਲ ਦੇ ਮਹੱਤਵ ਨੂੰ ਉਜਾਗਰ ਕੀਤਾ ਅਤੇ ਉਨਾਂ ਦਾ ਵਿਸ਼ੇਸ਼ ਅੰਦਾਜ਼ ਵਿੱਚ ਧੰਨਵਾਦ ਕੀਤਾ। ਉਪਰੰਤ ਦੋਨੋਂ ਸਕੂਲਾਂ ਦੇ ਪ੍ਰਿੰਸੀਪਲ ਨੂੰ ਸਨਮਾਨ ਦਿੰਦੇ ਹੋਏ ਕੇਕ ਕਟਵਾਇਆ ਗਿਆ। ਇਸ ਮੌਕੇ ਸਕੂਲ ਡਾਇਰੈਕਟਰ ਸਦਾਮ ਖਾਨ ਨੇ ਪ੍ਰਿੰਸੀਪਲ ਨੂੰ ਵਧਾਈ ਸੰਦੇਸ਼ ਦਿੱਤਾ। ਦੋਨੋਂ ਸਕੂਲਾਂ ਦੇ ਪ੍ਰਿੰਸੀਪਲ ਡਿਪਟੀ ਡਾਇਰੈਕਟਰ ਸਰਗਮ ਥਿੰਦ ਅਤੇ ਸ਼੍ਰੀਮਤੀ ਨੀਤੀਮਾ ਪੁਰੀ ਵੱਲੋਂ ਸਾਰੇ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਆਪਸ ਵਿੱਚ ਇਕੱਠੇ ਇੱਕ ਟੀਮ ਦੇ ਤੌਰ ਤੇ ਸਕੂਲ ਦੀ ਤਰੱਕੀ ਲਈ ਕੰਮ ਕਰਨ ਦਾ ਸੰਦੇਸ਼ ਦਿੱਤਾ ਗਿਆ।

# ਨਜਾਇਜ਼ ਸ਼ਰਾਬ ਸਮੇਤ ਔਰਤ ਗ੍ਰਿਫਤਾਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**- ਟਾਂਡਾ ਪੁਲਿਸ ਦੀ ਟੀਮ ਨੇ ਪਿੰਡ ਚੌਟਾਲਾ ਵਿਖੇ ਇੱਕ ਔਰਤ ਨੂੰ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਟਾਂਡਾ ਦੇ ਮੁਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲਾ ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾ ਤਹਿਤ ਤੇ ਡੀ.ਐਸ.ਪੀ ਟਾਂਡਾ ਸੁਖਪਾਲ ਸਿੰਘ ਦੀ ਅਗਵਾਈ ਵਿੱਚ ਟਾਂਡਾ ਪੁਲਿਸ ਦੇ ਏ ਐੱਸ ਆਈ ਸੰਜੀਵ ਕੁਮਾਰ ਦੀ ਟੀਮ ਵੱਲੋਂ ਮੁੱਖਬਰ ਦੀ ਇਤਲਾਹ ਤੇ ਕਾਬੂ ਕੀਤੀ ਗਈ ਔਰਤ ਦੀ ਪਛਾਣ ਮਨਜੀਤ ਕੌਰ ਪਤਨੀ ਵਿਜੇ ਕੁਮਾਰ ਵਾਸੀ ਚੌਟਾਲਾ ਵਜੋਂ ਹੋਈ ਹੈ ਅਤੇ ਪੁਲਿਸ ਨੇ ਉਸ ਕੋਲੋਂ 18 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰਕੇ ਉਸ ਖਿਲਾਫ ਐਕਸਾਈਜ਼ ਐਕਟ ਦੀ ਅਧੀਨ ਮਾਮਲਾ ਦਰਜ ਕੀਤਾ ਹੈ।

# ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਵੱਲੋਂ 'ਯੂਨੀਕ ਹੋਮ' ਦਾ ਦੌਰਾ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**- ਬੱਚਿਆਂ ਦੀ ਭਲਾਈ ਅਤੇ ਕਾਨੂੰਨੀ ਸਰਪ੍ਰਸਤੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਇੱਕ ਅਹਿਮ ਕਦਮ ਚੁੱਕਦਿਆਂ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ ਐੱਲ ਐੱਸ ਏ), ਜਲੰਧਰ ਪ੍ਰਿਆ ਸੂਦ ਵੱਲੋਂ 'ਯੂਨੀਕ ਹੋਮ' ਜਲੰਧਰ ਦਾ ਦੌਰਾ ਕੀਤਾ ਗਿਆ। ਉਨ੍ਹਾਂ ਦੇ ਨਾਲ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਰਾਹੁਲ ਕੁਮਾਰ ਵੀ ਮੌਜੂਦ ਸਨ। ਇਸ ਦੌਰੇ ਦਾ ਮੁੱਖ ਉਦੇਸ਼ ਸੰਸਥਾ ਵਿੱਚ ਰਹਿ ਰਹੇ ਬੱਚਿਆਂ ਦੇ ਰਹਿਣ-ਸਹਿਣ, ਵਿੱਦਿਅਕ ਸਹੂਲਤਾਂ ਅਤੇ ਉਨ੍ਹਾਂ ਦੀ ਮਾਨਸਿਕ ਤੇ ਭਾਵਨਾਤਮਕ ਸਿਹਤ ਦਾ ਮੁਲਾਂਕਣ ਕਰਨਾ ਸੀ। ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਸੰਸਥਾ ਵਿੱਚ ਰਹਿ ਰਹੇ 55 ਬੱਚਿਆਂ ਨਾਲ ਸਮਾਂ ਬਿਤਾਇਆ। ਉਨ੍ਹਾਂ ਨੇ ਬੱਚਿਆਂ ਦੇ ਰੋਜ਼ਾਨਾ ਦੇ ਕੰਮਾਂ, ਸਿਹਤ ਦੇ ਮਿਆਰ ਅਤੇ ਉਨ੍ਹਾਂ ਨੂੰ ਦਿੱਤੀ ਜਾ ਰਹੀ ਸਿੱਖਿਆ ਦੀ ਗੁਣਵੱਤਾ ਵਿੱਚ ਡੂੰਘੀ ਦਿਲਚਸਪੀ ਦਿਖਾਈ। ਇਸ ਦੌਰੇ ਦੌਰਾਨ ਪ੍ਰਿਆ ਸੂਦ ਤੇ ਰਾਹੁਲ ਕੁਮਾਰ ਨੇ ਨਿੱਜੀ ਤੌਰ 'ਤੇ 9 ਲੰਬਿਤ ਗੋਦ ਲੈਣ (ਅਡਾਪਸ਼ਨ) ਦੇ ਕੇਸਾਂ ਦੀ ਸਮੀਖਿਆ ਕੀਤੀ। ਟੀਮ ਵੱਲੋਂ ਸੰਸਥਾ ਦੀ ਰਸੋਈ, ਰਿਹਾਇਸ਼ੀ ਕਮਰਿਆਂ (ਡਾਰਮਿਟਰੀਜ਼) ਅਤੇ ਮਨੋਰੰਜਨ ਖੇਤਰਾਂ ਦਾ ਵੀ ਨਿਰੀਖਣ ਕੀਤਾ ਗਿਆ ਤਾਂ ਜੋ ਜੁਵੇਨਾਈਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਬੱਚੇ ਚਾਈਲਡ ਵੈਲਫੇਅਰ ਕਮੇਟੀ (ਸੀ ਡਬਲਯੂ ਸੀ) ਵੱਲੋਂ ਜਾਰੀ ਹੁਕਮਾਂ ਅਨੁਸਾਰ ਇਸ ਹੋਮ ਵਿੱਚ ਰਹਿ ਰਹੇ ਹਨ।



# ਇਨਾਮ ਵੰਡ ਸਮਾਰੋਹ ਕਰਵਾਇਆ



**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਕੋਗਨੀਟੋ ਐਬੈਕਸ ਵੱਲੋਂ ਵਰਲਡ ਚੈਂਪੀਅਨਸ਼ਿਪ 2026 ਗਾਜ਼ਿਆਬਾਦ ਵਿਖੇ ਸਫਲਤਾ ਪੂਰਵਕ ਕਰਵਾਈ ਗਈ। ਇਸ ਮੁਕਾਬਲੇ ਵਿੱਚ ਕੋਗਨੀਟੋ ਐਬੈਕਸ ਸੈਂਟਰ ਮੋਰਿੰਡਾ ਦੇ 12 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਤੀਜੇ 100 ਫੀਸਦੀ ਰਹੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋਗਨੀਟੋ ਐਬੈਕਸ ਮੋਰਿੰਡਾ ਦੀ ਸੰਚਾਲਿਕ ਰਸ਼ਮੀ ਤੇ ਪੁਸ਼ਪਿੰਦਰ ਕੌਰ ਨੇ ਕਿਹਾ ਇਹਨਾਂ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਅਤੇ ਹੌਸਲਾ ਅਫਜਾਈ ਲਈ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਸਾਡੇ ਸਾਰੇ ਹੀ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਟ੍ਰੌਫੀਆਂ ਹਾਸਲ ਕੀਤੀਆਂ। ਉਹਨਾਂ ਨੇ ਦੱਸਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਡੇ ਸੈਂਟਰ ਨੇ 100 ਫੀਸਦੀ ਨਤੀਜੇ ਪ੍ਰਾਪਤ ਕੀਤੇ ਹਨ।ਉਹਨਾਂ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਸਫਲਤਾ ਦਾ ਜਸ਼ਨ ਮਨਾਉਣ ਲਈ ਕੋਗਨੀਟੋ ਅਬੈਕਸ ਮੋਰਿੰਡਾ ਵਿਖੇ 1 ਮਈ ਨੂੰ ਮੋਰਿੰਡਾ ਵਿੱਚ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ।

# ਪੰਚ ਸ਼ਰਨਜੀਤ ਸਿੰਘ ਸੋਨੀ ਦੇ ਯਤਨਾਂ ਨਾਲ ਗਲੀਆਂ ਬਣਨ ਦੇ ਕੰਮਾਂ ਦੀ ਸ਼ੁਰੂਆਤ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਫਗਵਾੜਾ ਹਲਕੇ ਅਧੀਨ ਪਿੰਡ ਰਾਮਗੜ੍ਹ ਦੇ ਵਾਰਡ ਨੰਬਰ 3 ਵਿੱਚ ਵਿਕਾਸ ਕਾਰਜਾਂ ਨੂੰ ਰਫ਼ਤਾਰ ਦਿੰਦਿਆਂ ਨਵੀਆਂ ਬਣ ਰਹੀਆਂ ਗਲੀਆਂ ਦੇ ਨਿਰਮਾਣ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ ਨੇ ਖੁਦ ਮੌਕੇ 'ਤੇ ਪਹੁੰਚ ਕੇ ਕੰਮ ਦੀ ਸ਼ੁਰੂਆਤ ਕਰਵਾਈ।ਉਨ੍ਹਾਂ ਦੇ ਨਾਲ ਹਲਕਾ ਸੰਗਠਨ ਮੰਤਰੀ ਗੁਰਦੀਪ ਸਿੰਘ ਦੀਪਾ, ਸੀਨੀਅਰ ਆਗੂ ਰਵੀ ਕੁਮਾਰ ਮੰਤਰੀ ਅਤੇ ਪੰਚਾਇਤ ਸੈਕਟਰੀ ਸਤੀਸ਼ ਕੁਮਾਰ, ਪੀਏ ਰਵਿੰਦਰ ਸਿੰਘ ਵੀ ਹਾਜ਼ਰ ਰਹੇ।ਪਿੰਡ ਪਹੁੰਚਣ 'ਤੇ ਵਾਰਡ ਨੰਬਰ 3 ਦੇ ਪੰਚ ਸ਼ਰਨਜੀਤ ਸਿੰਘ ਸੋਨੀ ਵੱਲੋਂ ਹਲਕਾ ਇੰਚਾਰਜ ਦਾ ਭਰਵਾਂ ਸਵਾਗਤ ਕੀਤਾ ਗਿਆ।ਹਰਨੂਰ ਸਿੰਘ ਹਰਜੀ ਮਾਨ ਨੇ ਕਿਹਾ ਕਿ ਵਾਰਡ ਨੰਬਰ 3 ਵਿੱਚ ਜੋ ਵੀ ਵਿਕਾਸ ਕਾਰਜ ਲੰਮੇ ਸਮੇਂ ਤੋਂ ਅਧੂਰੇ ਪਏ ਹਨ, ਉਹਨਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਵਾਇਆ ਜਾਵੇਗਾ।ਇਸ ਮੌਕੇ ਹਰਜੀਤ ਸਿੰਘ ਰਾਮਗੜ੍ਹ, ਕੁਲਦੀਪ ਸਿੰਘ, ਰੀਤ ਪ੍ਰੀਤਪਾਲ ਸਿੰਘ, ਜੋਧ ਸਿੰਘ, ਕਮਲਜੀਤ ਕੌਰ ਪ੍ਰੀਤੀ, ਮਨਜਿੰਦਰ ਕੌਰ, ਜਸਵੀਰ ਕੌਰ, ਗੁਰਸ਼ਿੰਦਰ ਕੌਰ ਸਮੇਤ ਵਾਰਡ ਨੰਬਰ 3 ਦੇ ਕਈ ਵਸਨੀਕ ਮੌਜੂਦ ਸਨ, ਜਿਨ੍ਹਾਂ ਨੇ ਗਲੀਆਂ ਦੇ ਨਿਰਮਾਣ ਦੀ ਸ਼ੁਰੂਆਤ 'ਤੇ ਖੁਸ਼ੀ ਜਤਾਈ।



# ਯੋਸਿਡ ਨੂਰਾਂ ਹੈੱਲਥ ਸੁਲਿੰਦਰ ਸਿੰਘ ਨੇ ਦਿੱਤੀ ਸੀ ਸੀ ਪੀ ਟਰੇਨਿੰਗ

**ਦਸੂਹਾ (ਕਰਨੈਲ ਮਾਂਗਟ)** ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਮਨਦੀਪ ਕਮਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨਮੋਹਨ ਸਿੰਘ ਸਿਵਲ ਹਸਪਤਾਲ ਦਸੂਹਾ ਦੀ ਅਗਵਾਹੀ ਹੇਠ ਸਿਵਲ ਹਸਪਤਾਲ ਦਸੂਹਾ ਵਿਖੇ ਯੋਸਿਡ ਨੂਰਾਂ ਹੈਲਥ ਸੁਲਿੰਦਰ ਸਿੰਘ ਵੱਲੋਂ ਸੀ ਸੀ ਪੀ ਟਰੇਨਿੰਗ ਦਿੱਤੀ ਗਈ। ਇਹ ਟ੍ਰਰੇਨਿੰਗ ਦਾ ਮਕਸਦ ਹਸਪਤਾਲ ਦੇ ਡਾਕਟਰ, ਸਟਾਫ ਨਰਸ , ਕੌਂਸਲਰ, ਪੀ.ਪੀ.ਯੂਨਿਟ ਦੇ ਸਟਾਫ਼ ਅਤੇ ਨਰਸਿੰਗ ਕਾਲਜ ਦੇ ਸਟੂਡੈਂਟ ਨੂੰ ਮਾਤਾ ਅਤੇ ਬੱਚਾ ਦੀ ਸਿਹਤ ਸੰਭਾਲ, ਐਨ.ਸੀ.ਡੀ ਅਤੇ ਮੈਡੀਕਲ ਕੇਅਰ ਸੰਬੰਧੀ ਜਾਗਰੂਕ ਕਰਨਾ ਹੈ ਤਾਂ ਜੋ ਹਸਪਤਾਲ ਵਿੱਚ ਆਉਣ ਵਾਲੇ ਮਰੀਜਾਂ ਦੀਆ ਸਿਹਤ ਸੇਵਾਵਾਂ ਨੂੰ ਹੋਰ ਬੇਹਤਰ ਬਣਾਇਆ ਜਾ ਸਕੇ। ਇਸ ਮੌਕੇ ਸੁਲਿੰਦਰ ਸਿੰਘ ਯੋਸਿਡ ਨੂਰਾਂ ਹੈਲਥ ਨੇ ਦੱਸਿਆ ਕਿ ਇਸ ਟਰੇਨਿੰਗ ਦਾ ਮੁੱਖ ਉਦੇਸ਼ ਗਰਭਵਤੀ ਮਹਿਲਾਵਾਂ ਅਤੇ ਨਵਜਨਮੇ ਬੱਚਿਆਂ ਦੀ ਸਿਹਤ ਨੂੰ ਸੁਧਾਰਨਾ ਅਤੇ ਮਾਤਾ-ਸ਼ਿਸ਼ੂ ਮੌਤ ਦਰ ਨੂੰ ਘਟਾਉਣਾ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਵਧੀਆ ਅਤੇ ਸਹੂਲਤਪੂਰਕ ਮੈਡੀਕਲ ਕੇਅਰ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਡਾ.ਕੁਲਵਿੰਦਰ ਸਿੰਘ, ਡਾ.ਰਾਹੁਲ ਰਾਏ, ਡਾ. ਸਮਰਿੱਧੀ, ਨਰਸਿੰਗ ਸਿਸਟਰ ਜਸਵਿੰਦਰ ਕੌਰ, ਸੀਨੀਅਰ ਮੈਡੀਕਲ ਲੈਬ ਟੈਕਨੀਸ਼ੀਅਨ ਡੈਨੀਅਲ, ਸਟਾਫ ਨਰਸ, ਕੌਂਸਲਰ, ਪੀ.ਪੀ.ਯੂਨਿਟ ਦੇ ਸਟਾਫ਼ ਅਤੇ ਨਰਸਿੰਗ ਕਾਲਜ ਦੇ ਸਟੂਡੈਂਟ ਹਾਜ਼ਰ ਸਨ।



# ਬੀ ਐੱਡ ਅਧਿਆਪਕ ਫਰੰਟ ਵੱਲੋਂ ਅਧਿਆਪਕਾਂ ਦੀਆਂ ਡਿਊਟੀਆਂ ਜਨਗਣਨਾ 'ਚ ਲਗਾਉਣ ਦਾ ਵਿਰੋਧ

**ਹੁਸ਼ਿਆਰਪੁਰ (ਓ ਪੀ ਰਾਣਾ)** ਬੀ ਐੱਡ ਅਧਿਆਪਕ ਫਰੰਟ ਹੁਸ਼ਿਆਰਪੁਰ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਰਜੀਤ ਰਾਜਾ, ਸੀਨੀਅਰ ਮੀਤ ਪ੍ਰਧਾਨ ਉਪਕਾਰ ਪੱਟੀ, ਮੀਤ ਪ੍ਰਧਾਨ ਪਰਮਜੀਤ ਮਾਹਿਲਪੁਰ, ਬਲਾਕ ਪ੍ਰਧਾਨ ਹਰਬਲਾਸ ਅਤੇ ਰਵਿੰਦਰ ਰਵੀ ਦੀ ਅਗਵਾਈ ਵਿੱਚ ਮਿੰਨੀ ਸੈਕਟਰੀਏਟ ਹੁਸ਼ਿਆਰਪੁਰ ਵਿਖੇ ਹੋਈ।ਜਿਸ ਵਿੱਚ ਉਕਤ ਆਗੂਆਂ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਸੈਸ਼ਨ 2026-27 ਵਿੱਚ ਜੋ ਜਨਗਣਨਾ ਕਰਵਾਉਣ ਜਾ ਰਹੀ ਹੈ ਉਸ ਵਿੱਚ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਇਸ ਦਾ ਪਹਿਲਾ ਚਰਨ 15 ਮਈ ਤੋਂ 13 ਜੂਨ ਦੇ ਵਿੱਚਕਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਜਨਗਣਨਾਕਾਰ ਨੇ ਘਰ ਘਰ ਜਾ ਕੇ ਜਨ ਗਣਨਾ ਕਰਨੀ ਹੈ ਅਤੇ ਇਸ ਵਿੱਚ ਸਰਕਾਰ ਵੱਲੋਂ ਸਿੱਖਿਆ ਵਿਭਾਗ ਦੇ ਹੀ 90% ਤੋਂ ਵੱਧ ਅਧਿਆਪਕਾਂ ਦੀਆਂ ਡਿਊਟੀਆਂ ਸੁਪਰਵਾਈਜ਼ਰ ਅਤੇ ਜਨਗਣਨਾਕਾਰ ਵਜੋਂ ਲਗਵਾ ਦਿੱਤੀਆਂ ਗਈਆਂ ਹਨ।ਜਿਸ ਕਾਰਨ ਸਕੂਲ ਅਧਿਆਪਕਾਂ ਤੋਂ ਸੱਖਣੇ ਹੋ ਗਏ ਹਨ ਜਦਕਿ ਇਹਨਾਂ ਦਿਨਾਂ ਵਿੱਚ ਸਕੂਲ ਵਿੱਚ ਦਾਖਲਾ ਮੁਹਿੰਮ ਚੱਲ ਰਹੀ ਹੈ।ਜਿਸ ਦਾ ਸਕੂਲਾਂ ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ ਅਤੇ ਇਸ ਦਾ ਬੀ ਐੱਡ ਅਧਿਆਪਕ ਫਰੰਟ ਡੱਟ ਕੇ ਵਿਰੋਧ ਕਰਦਾ ਹੈ ਅਤੇ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਬਾਕੀ ਵਿਭਾਗਾਂ ਅਤੇ ਸਿੱਖਿਆ ਵਿਭਾਗ ਵਿੱਚੋਂ ਬਰਾਬਰ ਅਨੁਪਾਤ ਵਿੱਚ ਮੁਲਾਜ਼ਮਾਂ ਦੀਆਂ ਡਿਊਟੀਆਂ ਲਗਵਾਈਆਂ ਜਾਣ ਤਾਂ ਕਿ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਸਬੰਧੀ ਹੋ ਰਹੇ ਨੁਕਸਾਨ ਤੋਂ ਬਚਾਇਆ ਜਾ ਸਕੇ। ਮੀਟਿੰਗ ਵਿੱਚ ਮਾਸਟਰ ਤਰਸੇਮ, ਮਾਸਟਰ ਰੋਸ਼ਨ, ਮਾਸਟਰ ਜੀਵਨ, ਦੀਪਕ ਸ਼ਰਮਾ, ਰਾਮਧਨ, ਮਾਸਟਰ ਰਾਜ ਕੁਮਾਰ, ਮਾਸਟਰ ਮਨਜੀਤ, ਮਾਸਟਰ ਰਵਿੰਦਰ ਆਦਿ ਹਾਜ਼ਰ ਸਨ।



# ਖਾਲਸਾ ਕਾਲਜੀਏਟ ਸਕੂਲ 'ਚ ਨਵੇਂ ਸੈਸ਼ਨ ਲਈ ਦਾਖ਼ਲਾ ਜਾਰੀ

**ਮਾਹਿਲਪੁਰ (ਸ਼ਫ਼ਰੀ)** ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਕੈਂਪਸ ਵਿੱਚ ਚੱਲ ਰਹੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਆਰਟਸ, ਕਾਮਰਸ ਅਤੇ ਸਾਇੰਸ ਸਟਰੀਮਜ਼ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਜਾਰੀ ਹੈ ਅਤੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਵੀ ਨਿਯਮਤ ਤੌਰ 'ਤੇ ਚੱਲ ਰਹੀ ਹੈ।ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਵਿੱਚ ਸਫਲਤਾ ਪੂਰਵਕ ਚੱਲ ਰਹੇ ਕਾਲਜੀਏਟ ਸਕੂਲ ਵਿੱਚ ਦਾਖ਼ਲੇ ਲਈ ਵਿਦਿਆਰਥੀਆਂ ਵਿੱਚ ਵੱਡਾ ਉਤਸ਼ਾਹ ਹੈ।ਉਨ੍ਹਾਂ ਦੱਸਿਆ ਕਿ ਦਸਵੀਂ ਤੋਂ ਬਾਅਦ ਵਿਦਿਆਰਥੀ ਆਪਣੇ ਕੈਰੀਅਰ ਦੀ ਚੋਣ ਸੰਬੰਧੀ ਅਕਸਰ ਦੁਚਿੱਤੀ ਵਿੱਚ ਰਹਿੰਦੇ ਹਨ ਜਿਸਦੇ ਹੱਲ ਲਈ ਕਾਲਜ ਵਿੱਚ ਵਿਦਿਆਰਥੀਆਂ ਦੀ ਰੁਚੀ ਅਤੇ ਕੈਰੀਅਰ ਸੇਧ ਲਈ ਵਿਸ਼ੇਸ਼ ਦਾਖ਼ਲਾ ਅਤੇ ਕੈਰੀਅਰ ਗਾਈਡੈਂਸ ਸੈੱਲ ਦੀ ਸਥਾਪਨਾ ਕੀਤੀ ਗਈ ਜਿੱਥੇ ਪੁੱਜ ਕੇ ਵਿਦਿਆਰਥੀ ਦੀ ਰੁਚੀ, ਚੰਗੇ ਭਵਿੱਖ ਅਤੇ ਕੈਰੀਅਰ ਸੇਧ ਨੂੰ ਧਿਆਨ ਵਿੱਚ ਰੱਖ ਕੇ ਸਬੰਧਤ ਕੋਰਸ ਵਿੱਚ ਦਾਖ਼ਲਾ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸੈਸ਼ਨ 2026-27 ਲਈ ਵਿਦਿਆਰਥੀਆਂ ਦੀਆਂ ਨਿਯਮਤ ਕਲਾਸਾਂ ਚੱਲ ਰਹੀਆਂ ਹਨ ਅਤੇ ਦਾਖ਼ਲੇ ਤੋਂ ਵਾਂਝੇ ਵਿਦਿਆਰਥੀ ਕਾਲਜ ਵਿੱਚ ਸਥਿਤ ਦਾਖਲਾ ਅਤੇ ਕੈਰੀਅਰ ਗਾਈਡੈਂਸ ਸੈੱਲ ਵਿੱਚ ਪੁੱਜ ਕੇ ਆਪਣਾ ਦਾਖ਼ਲਾ ਯਕੀਨੀ ਬਣਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕਾਲਜ ਵਿੱਚ ਗਿਆਰਵੀਂ, ਬਾਹਰਵੀ ਅਤੇ ਗਰੈਜੂਏਸ਼ਨ ਦੀ ਪੜ੍ਹਾਈ ਦੇ ਨਾਲ ਨਾਲ ਤਿੰਨ ਮਹੀਨੇ ਦੀ ਸਮਾਂ ਮਿਆਦ ਵਾਲੇ ਸਰਟੀਫਿਕੇਟ ਕੋਰਸ ਇਨ ਫੂਡ ਪ੍ਰੋਡਕਸ਼ਨ ਐਂਡ ਬੇਕਰੀ ਅਤੇ ਸਰਟੀਫਿਕੇਟ ਕੋਰਸ ਇਨ ਕੁਕਿੰਗ ਐਂਡ ਕੇਟਰਿੰਗ ਮੈਨੇਜਮੈਂਟ ਸ਼ੁਰੂ ਕਰ ਦਿੱਤੇ ਹਨ ਜਿਨ੍ਹਾਂ ਕੋਰਸਾਂ ਵਿੱਚ ਵੀ ਵਿਦਿਆਰਥੀ ਬਹੁਤ ਘੱਟ ਫੀਸਾਂ 'ਤੇ ਦਾਖਿਲ ਹੋ ਕੇ ਸਬੰਧਤ ਖੇਤਰ ਵਿੱਚ ਆਪਣਾ ਰੁਜ਼ਗਾਰ ਆਰੰਭ ਕਰ ਸਕਦੇ ਹਨ।



# ਪੱਤਰਕਾਰ ਧਰਮ ਪਾਲ ਦੇ ਭਰਾ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਨੰਗਲ** : ਪੱਤਰਕਾਰ ਚੌਧਰੀ ਧਰਮਪਾਲ ਦੇ ਭਰਾ ਮਨੋਹਰ ਲਾਲ ਚੌਧਰੀ 57 ਦੀ ਹੋਈ ਬੇਵਕਤ ਮੌਤ 'ਤੇ ਵੱਖ ਵੱਖ ਪੱਤਰਕਾਰਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਪੱਤਰਕਾਰ ਗੁਰਪ੍ਰੀਤ ਸਿੰਘ ਗਰੇਵਾਲ, ਸੁਰਜੀਤ ਸਿੰਘ ਢੇਰ, ਜੁਝਾਰ ਸਿੰਘ ਭੱਲੜੀ, ਹਰਭਜਨ ਢਿੱਲੋਂ, ਅਜੇ ਕੌਸ਼ਲ, ਸ਼ੁਭਾਸ਼ ਸ਼ਰਮਾ, ਸਤਨਾਮ ਸਿੰਘ, ਪ੍ਰੀਤਮ ਸਿੰਘ ਬਰਾਰੀ, ਗੁਰਭਾਗ ਸਿੰਘ ਮਜਾਰੀ, ਅਬੀ ਰਾਣਾ, ਰਕੇਸ਼ ਸੈਣੀ, ਅਸ਼ੋਕ ਚੋਪੜਾ, ਰਣਵੀਰ ਸਿੰਘ ਸੈਣੀ, ਰਜੇਸ਼ ਸ਼ਰਮਾ, ਕੁਲਵਿੰਦਰਜੀਤ ਸਿੰਘ ਭਾਟੀਆ, ਬਲਵਿੰਦਰ ਰੈਂਤ, ਗੁਰਦੀਪ ਸਿੰਘ ਭੱਲੜੀ,ਸ਼ਿਵ ਕੁਮਾਰ ਕਾਲੀਆ, ਰਾਜ ਕੁਮਾਰ, ਰਕੇਸ਼ ਕੁਮਾਰ ਰਾਣਾ, ਪ੍ਰਿੰਸ,ਜੋਗਿੰਦਰ ਰਾਣਾ, ਤਰਲੋਚਨ ਸਿੰਘ ਦਵਿੰਦਰ ਸਿੰਘ ਸਮੇਤ ਹੋਰ ਪੱਤਰਕਾਰ ਭਾਈਚਾਰੇ ਨੇ ਚੌਧਰੀ ਧਰਮਪਾਲ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਬੀਤੇ ਦਿਨੀ ਉਹਨਾਂ ਦਾ ਭਰਾ ਮਨੋਹਰ ਲਾਲ ਬਿਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ ਸਨ ਜਿਹਨਾਂ ਦਾ ਇਲਾਜ ਪੀ ਜੀ ਆਈ ਤੋਂ ਚੱਲ ਰਿਹਾ ਸੀ। ਉਹ ਆਪਣੇ ਪਿੱਛੇ ਵਿਧਵਾ ਪਤਨੀ, ਦੋ ਪੁੱਤਰਾਂ ਸਮੇਤ ਹੱਸਦਾ ਵੱਸਦਾ ਵੱਡਾ ਪਰਵਾਰ ਛੱਡ ਗਏ।

# ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ



**ਫਿਲੌਰ, (ਨਿਰਮਲ)** ਕੈਂਬਰਿਜ ਓਵਰਸੀਜ਼ ਇੰਟਰਨੈਸ਼ਨਲ ਸਕੂਲ ਫਿਲੌਰ ਵੱਲੋਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਬੜੀ ਸ਼ਰਧਾ, ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਮਜ਼ਦੂਰਾਂ ਅਤੇ ਸਹਾਇਕ ਸਟਾਫ ਦੀ ਨਿਸ਼ਠਾ ਭਰੀ ਸੇਵਾ ਅਤੇ ਅਣਥੱਕ ਮਿਹਨਤ ਨੂੰ ਵਿਸ਼ੇਸ਼ ਤੌਰ 'ਤੇ ਸਲਾਮ ਕੀਤਾ ਗਿਆ। ਸਮਾਰੋਹ ਦੌਰਾਨ ਕੇਕ ਕਟਿੰਗ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਅਤੇ ਸਟਾਫ ਨੇ ਹਿੱਸਾ ਲਿਆ। ਇਸ ਤੋਂ ਇਲਾਵਾ, ਮਜ਼ਦੂਰਾਂ ਨੂੰ ਸਨਮਾਨ ਦੇ ਤੌਰ 'ਤੇ ਤੋਹਫ਼ੇ ਭੇਟ ਕੀਤੇ ਗਏ, ਜਿਸ ਨਾਲ ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਦੇਖਣ ਨੂੰ ਮਿਲੀ । ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਾ. ਮਮਤਾ ਬਖਸ਼ੀ ਨੇ ਵਿਦਿਆਰਥੀਆਂ ਨੂੰ ਮਜ਼ਦੂਰ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਮਜ਼ਦੂਰ ਸਮਾਜ ਦੀ ਮਜ਼ਬੂਤ ਨੀਂਹ ਹੈ ਤੇ ਉਨ੍ਹਾਂ ਦੀ ਮਿਹਨਤ ਤੋਂ ਬਿਨਾਂ ਤਰੱਕੀ ਅਸੰਭਵ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਮਿਹਨਤ ਦੀ ਕਦਰ ਕਰਨ ਤੇ ਹਰ ਵਰਗ ਦੇ ਕਿਰਤੀ ਪ੍ਰਤੀ ਸਤਿਕਾਰ ਦਾ ਭਾਵ ਰੱਖਣ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸੀ।

# ਲਾਇਨ ਗੁਰਦੀਪ ਸਿੰਘ ਕੰਗ ਸਨਮਾਨਤ




**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਲਾਇਨਜ਼ ਕਲੱਬ ਫਗਵਾੜਾ ਪ੍ਰਾਈਡ ਦੇ ਚਾਰਟਰ ਪ੍ਰਧਾਨ ਤੇ ਲਾਇਨਜ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਨੂੰ ਮਲਟੀਪਲ ਚੇਅਰਮੈਨ (ਫੂਡ ਫਾਰ ਹੰਗਰ) ਲਾਈਨ ਦਵਿੰਦਰਪਾਲ ਅਰੋੜਾ ਵੱਲੋਂ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਉਹਨਾਂ ਦੇ ਨਾਲ ਡਿਸਟ੍ਰਿਕਟ ਗਵਰਨਰ ਲਾਈਨ ਵੀ ਐਮ ਗੋਇਲ, ਲਾਈਨ ਜੇ ਬੀ ਸਿੰਘ ਚੌਧਰੀ 3 ਡਾਇਮੰਡ ਅੰਬੈਸਡਰ ਆਫ਼ ਗੁੱਡਵਿਲ, ਪੀ ਐੱਮ ਜੇ ਐਫ ਲਾਈਨ ਰਾਜੀਵ ਖੋਸਲਾ ਇਲੈਕਟਡ ਵੀ ਡੀ ਜੀ-1 ਅਤੇ ਐੱਮ ਡੀ ਜੀ ਐੱਮ ਟੀ ਲਾਈਨ ਰਾਜੀਵ ਖੋਸਲਾ ਇਲੈਕਟਡ ਵੀ ਡੀ ਜੀ-2, ਕੋਆਰਡੀਨੇਟਰ ਲਾਇਨ ਸੁਦੀਪ ਗਰਗ ਅਤੇ ਲਾਇਨ ਰਾਜੀਵ ਵਿਗ ਇਲੈਕਟਡ ਵੀ ਡੀ ਜੀ-2 ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਲਾਇਨ ਦਵਿੰਦਰਪਾਲ ਅਰੋੜਾ ਨੇ ਲਾਇਨ ਗੁਰਦੀਪ ਸਿੰਘ ਕੰਗ ਵਲੋਂ ਲੋੜਵੰਦ ਪਰਵਾਰਾਂ ਦੀਆਂ ਔਰਤਾਂ ਨੂੰ ਮਾਸਿਕ ਰਾਸ਼ਨ ਵੰਡਣ ਦੇ ਪ੍ਰੋਜੈਕਟ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਲਾਇਨਜ਼ ਇੰਟਰਨੈਸ਼ਨਲ ਲੋੜਵੰਦਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ।

ਫੂਡ ਫਾਰ ਹੰਗਰ ਪ੍ਰੋਜੈਕਟ ਦਾ ਉਦੇਸ਼ ਇਹੋ ਹੈ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਕੋਈ ਵੀ ਪਰਵਾਰ ਆਰਥਿਕ ਤੰਗੀ ਕਾਰਨ ਭੁੱਖਾ ਨਾ ਰਹੇ। ਲਾਈਨ ਗੁਰਦੀਪ ਸਿੰਘ ਕੰਗ ਇਸ ਮਿਸ਼ਨ ਨੂੰ ਪੂਰਾ ਕਰਨ ਵਿੱਚ ਪੂਰੀ ਤਨਦੇਹੀ ਦੇ ਨਾਲ ਲੱਗੇ ਹੋਏ ਹਨ, ਜਿਸ ਦੇ ਲਈ ਉਹ ਸਨਮਾਨ ਅਤੇ ਵਧਾਈ ਦੇ ਹੱਕਦਾਰ ਹਨ। ਲਾਈਨ ਗੁਰਦੀਪ ਸਿੰਘ ਕੰਗ ਨੇ ਦੱਸਿਆ ਕਿ ਹੁਣ ਤੱਕ ਉਨ੍ਹਾਂ ਨੇ 95 ਮਾਸਿਕ ਰਾਸ਼ਨ ਵੰਡ ਸਮਾਗਮ ਆਯੋਜਿਤ ਕੀਤੇ ਹਨ। ਹਰ ਮਹੀਨੇ ਉਹ 20 ਔਰਤਾਂ ਨੂੰ ਰਾਸ਼ਨ ਭੇਟ ਕਰਦੇ ਹਨ।

# ਪੂਰਨਮਾਸ਼ੀ ਮੌਕੇ ਗੁਰਮਤਿ ਸਮਾਗਮ ਕਰਵਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਪੂਰਨਮਾਸ਼ੀ ਦੇ ਪਾਵਨ ਦਿਹਾੜੇ ਮੌਕੇ ਸਥਾਨਕ ਗੁਰਦੁਆਰਾ ਬੇਬੇ ਨਾਨਕੀ ਵਿਖੇ ਸ਼ਰਧਾ ਅਤੇ ਭਗਤੀ ਭਾਵਨਾ ਨਾਲ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵੀ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ।ਇਸ ਮੌਕੇ ਰਾਗੀ ਜਥਿਆਂ ਵੱਲੋਂ ਵਾਹਿਗੁਰੂ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ, ਜਿਸ ਨਾਲ ਹਾਜ਼ਰ ਸੰਗਤਾਂ ਨੇ ਨਾਮ ਸਿਮਰਨ ਕਰਦੇ ਹੋਏ ਆਤਮਿਕ ਅਨੰਦ ਪ੍ਰਾਪਤ ਕੀਤਾ।ਹਲਕਾ ਡੇਰਾਬੱਸੀ ਤੋਂ ਭਾਜਪਾ ਦੇ ਸੀਨੀਅਰ ਆਗੂ ਸੰਜੀਵ ਖੰਨਾ ਅਤੇ ਸਾਬਕਾ ਕੌਂਸਲ ਪ੍ਰਧਾਨ ਰਣਜੀਤ ਸਿੰਘ ਰੈਡੀ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਨੇ ਗੁਰੂ ਚਰਨਾਂ ਵਿੱਚ ਮੱਥਾ ਟੇਕ ਕੇ ਅਸੀਸਾਂ ਪ੍ਰਾਪਤ ਕੀਤੀਆਂ ਅਤੇ ਸੰਗਤਾਂ ਨਾਲ ਮਿਲਕੇ ਸਮਾਗਮ ਵਿੱਚ ਹਿੱਸਾ ਲਿਆ। ਸੰਜੀਵ ਖੰਨਾ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਨਵੇਂ ਲੱਗਣ ਵਾਲੇ ਨਿਸ਼ਾਨ ਸਾਹਿਬ ਦੀ ਸੇਵਾ ਲਈ 31,000 ਰੁਪਏ ਦੀ ਭੇਟਾ ਅਰਪਿਤ ਕੀਤੀ ਗਈ। ਉਹਨਾਂ ਪ੍ਰਬੰਧਕ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਅੱਗੇ ਤੋਂ ਵੀ ਗੁਰਦੁਆਰਾ ਸਾਹਿਬ ਦੇ ਕਾਰਜ ਲਈ ਹਰ ਸੰਭਵ ਮਦਦ ਕਰਨਗੇ। ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਇਸ ਸੇਵਾ ਨੂੰ ਸਰਾਹਣਯੋਗ ਕਦਮ ਕਰਾਰ ਦਿੱਤਾ ਗਿਆ।ਸਮਾਗਮ ਵਿੱਚ ਪ੍ਰਬੰਧਕ ਕਮੇਟੀ ਦੇ ਮੈਂਬਰ ਬਾਵਾ, ਮੋਦੀ ਅਤੇ ਟਿੰਕੂ ਤੋਂ ਇਲਾਵਾ ਭਾਜਪਾ ਦੇ ਆਗੂ ਰਾਧੇ ਸ਼ਾਮ, ਹਰਵਿੰਦਰ ਮੀਨਾ, ਹਰਦੀਪ ਗਾਜੀਪੁਰ ਅਤੇ ਹੈਪੀ ਵੀ ਹਾਜ਼ਰ ਰਹੇ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਭਾਗ ਲਿਆ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ।ਸਮਾਗਮ ਦੇ ਅੰਤ ਵਿੱਚ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ।



# ਰੇਲਵੇ ਟਰੈਕ 'ਤੇ ਮਿਲੀ ਅਣਪਛਾਤੇ ਦੀ ਲਾਸ਼

**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਰੇਲਵੇ ਪੁਲਿਸ ਨੂੰ ਪਿੰਡ ਪਨੈਚਾਂ ਦੇ ਨੇੜੇ ਮੋਰਿੰਡਾ ਖਮਾਣੋਂ ਰੇਲਵੇ ਟਰੈਕ 'ਤੇ ਇੱਕ ਲਗਭਗ 22 ਸਾਲਾ ਨੌਜਵਾਨ ਦੀ ਲਾਸ਼ ਮਿਲੀ ਹੈ। ਮ੍ਰਿਤਕ ਦੀ ਸ਼ਨਾਖਤ ਨਹੀਂ ਹੋ ਸਕੀ ਤੇ ਉਸ ਦੀ ਮ੍ਰਿਤਕ ਦੇਹ ਨੂੰ ਸ਼ਨਾਖਤ ਲਈ ਸਰਕਾਰੀ ਹਸਪਤਾਲ ਖਮਾਣੋਂ ਵਿਖੇ 72 ਘੰਟੇ ਲਈ ਮੋਰਚਰੀ ਵਿੱਚ ਰੱਖਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਪੁਲਿਸ ਚੌਕੀ ਮੋਰਿੰਡਾ ਦੇ ਇੰਚਾਰਜ ਏ ਐੱਸ ਆਈ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਰੇਲਵੇ ਪੁਲਿਸ ਨੂੰ ਇਸ ਦੀ ਸੂਚਨਾ ਰੇਲਵੇ ਦੇ ਕੀ-ਮੈਨ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਹ ਅਣਪਛਾਤਾ ਨੌਜਵਾਨ ਮੋਰਿੰਡਾ ਖਮਾਣੋ ਰੇਲਵੇ ਟਰੈਕ ਦੇ ਕਿਲੋਮੀਟਰ ਨੰਬਰ 51 ਦੇ ਪੁਆਇੰਟ 17, 18 'ਤੇ ਲੁਧਿਆਣਾ ਜਾ ਰਹੀ ਹੁਸ਼ਿਆਰਪੁਰ ਐਕਸਪ੍ਰੈਸ 11905 ਅੱਪ ਦੀ ਲਪੇਟ ਵਿੱਚ ਆ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਰੇਲਵੇ ਚੌਕੀ ਇੰਚਾਰਜ ਏ ਐੱਸ ਆਈ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਬੰਧ ਵਿੱਚ ਏ ਐਸ ਆਈ ਰਘਵਿੰਦਰ ਸਿੰਘ ਵੱਲੋਂ ਬੀ ਐੱਨ ਐੱਸ ਦੀ ਧਾਰਾ 194 ਤਹਿਤ ਕਾਰਵਾਈ ਅਮਲ ਵਿੱਚ ਲਿਆਉਂਦੇ ਹੋਏ ਡੈਡ ਬਾਡੀ ਨੂੰ ਕਬਜ਼ੇ ਵਿੱਚ ਲੈ ਕੇ ਸਰਕਾਰੀ ਹਸਪਤਾਲ ਖਮਾਣੋ ਵਿਖੇ ਪਹਿਚਾਨ ਲਈ 72 ਘੰਟੇ ਲਈ ਮੋਰਚਰੀ ਵਿੱਚ ਰਖਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨ ਨੇਪਾਲੀ ਕਿਸਮ ਦਾ ਲੱਗਦਾ ਹੈ ਅਤੇ ਉਸਦੇ ਅਸਮਾਨੀ ਰੰਗ ਦੀ ਕਮੀਜ਼ ਤੇ ਕਾਲੀ ਪੈਂਟ ਪਾਈ ਹੋਈ ਸੀ। ਉਹਨਾਂ ਨੇ ਦੱਸਿਆ ਕਿ ਮ੍ਰਿਤਕ ਦੀ ਸ਼ਨਾਖਤ ਸਿਵਲ ਹਸਪਤਾਲ ਖਮਾਣੋਂ ਵਿਖੇ ਕੀਤੀ ਜਾ ਸਕਦੀ।

# ਜਲਾਲਪੁਰ ਨੇ ਛੱਪੜ ਦੀ ਸਫਾਈ ਲਈ ਦਿੱਤੀ ਗ੍ਰਾਂਟ

**ਬਲਾਚੌਰ (ਜਸਵਿੰਦਰ ਬੈਂਸ)**- ਪਿੰਡ ਰਸੂਲਪੁਰ ਵਿੱਚ ਅੱਜ ਖੁਸ਼ੀ ਦੀ ਲਹਿਰ ਦੌੜ ਗਈ ਜਦੋਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਨੇ ਪਿੰਡ ਦੇ ਛੱਪੜ ਦੀ ਨੁਹਾਰ ਬਦਲਣ ਲਈ 1.5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਜਾਰੀ ਕੀਤੀ। ਪਿੰਡ ਵਾਸੀਆਂ ਵਿੱਚ ਇਸ ਗੱਲ ਦੀ ਭਾਰੀ ਚਰਚਾ ਹੈ ਕਿ ਅੱਜ ਤੱਕ ਕਿਸੇ ਵੀ ਪਿਛਲੀ ਸਰਕਾਰ ਨੇ ਪਿੰਡਾਂ ਦੇ ਛੱਪੜਾਂ ਦੀ ਸਾਰ ਨਹੀਂ ਲਈ ਸੀ। ਗੰਦਗੀ ਦੇ ਢੇਰ ਬਣ ਚੁੱਕੇ ਇਹ ਛੱਪੜ ਬਿਮਾਰੀਆਂ ਦਾ ਘਰ ਸਾਬਤ ਹੋ ਰਹੇ ਸਨ। ਪਰ ਚੇਅਰਮੈਨ ਜਲਾਲਪੁਰ ਦੇ ਇਸ ਕਦਮ ਨੇ ਸਾਬਤ ਕਰ ਦਿੱਤਾ ਹੈ ਕਿ ਮੌਜੂਦਾ ਸਰਕਾਰ ਪਿੰਡਾਂ ਦੇ ਰੱਖ-ਰਖਾਅ ਪ੍ਰਤੀ ਕਿੰਨੀ ਗੰਭੀਰ ਹੈ।ਇਸ ਮੌਕੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਸਿਹਤਮੰਦ ਪਿੰਡ ਛੱਪੜ ਦੀ ਸਫਾਈ ਨਾਲ ਪਿੰਡ ਵਿੱਚ ਫੈਲਣ ਵਾਲੀਆਂ ਭਿਆਨਕ ਬਿਮਾਰੀਆਂ ਤੋਂ ਨਿਜਾਤ ਮਿਲੇਗੀ।ਪਿੰਡ ਦੀਆਂ ਨਾਲੀਆਂ ਦਾ ਪਾਣੀ ਜੋ ਛੱਪੜ ਵਿੱਚ ਜਮ੍ਹਾ ਹੁੰਦਾ ਹੈ, ਉਸ ਨੂੰ ਸਾਫ਼ ਕਰਕੇ ਹੁਣ ਖੇਤੀਬਾੜੀ ਦੇ ਕੰਮਾਂ ਲਈ ਵਰਤਿਆ ਜਾ ਸਕੇਗਾ। ਛੱਪੜ ਸਾਫ਼ ਹੋਣ ਨਾਲ ਪਿੰਡ ਦਾ ਵਾਤਾਵਰਣ ਖੁਸ਼ਗਵਾਰ ਹੋਵੇਗਾ।ਇਸ ਮੌਕੇ ਗਗਨ ਅਗਨੀਹੋਤਰੀ ਚੇਅਰਮੈਨ ਮਾਰਕੀਟ ਕਮੇਟੀ ਨਵਾਂਸ਼ਹਿਰ ਅਤੇ ਦਲਜੀਤ ਸਿੰਘ ਖਟਕੜ ਜ਼ਿਲ੍ਹਾ ਇੰਚਾਰਜ ਕਿਸਾਨ ਵਿੰਗ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਪਿੰਡ ਦੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਰਪੰਚ ਦਲਜੀਤ ਸਿੰਘ, ਪੰਚ ਮਹਿੰਦਰ ਸਿੰਘ, ਪੰਚ ਜੰਕਰਾਜ, ਪੰਚ ਹਰਵਿੰਦਰ ਕੌਰ ਸਮੇਤ ਜਸਪਾਲ ਸਿੰਘ, ਰਾਜ ਕੁਮਾਰ, ਗਿਆਨ ਸਿੰਘ ਅਤੇ ਬਲਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

